ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

*Monthly Issue "Atam Marg"*

**October 2007**



**Spiritual Samagam in the Loving Memory of His Holiness**

Sant Baba Waryam Singh ji Maharaj

**28th Ocotber to 31st October**

*Timinig 3.00am to 11.00pm*

**at Ratwara Sahib (Near Chandigarh)**

ਸਾਲ ਤੇਰ੍ਹਵਾਂ, ਮਹੀਨਾ ਅਕਤੂਬਰ 2007

ਫਾਉਂਡਰ ਚੇਅਰਮੈਨ

**ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ**

ਚੇਅਰਪਰਸਨ

**ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ**

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order, Cheque, Draft & correspondence**
**V.G.R.M Charitable Trust 'Atam Marg'**
**Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.**

Office 'Atam Marg'
Ph. No. - 0160-2255002, 2255009,
Mobile - 9417214391,79

**FOREIGN (ਵਿਦੇਸ਼) CONTACT NO.**

**U.S.A. - Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319
**Bibi Sukhvinder Kaur Bains**
Phone : 403-270-3387
**Canada - Bhai Sarmukh Singh Pannu**
Phone - 604-433-0408
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Australia - Bhai Jiwan Singh ji**
Phone : 03-943-65865, Fax : 03-943-65867

**For more information please visit us on internet at:-**
**Email : atammarg1@yahoo.co.in, contact@ratwarasahib.org**
Website: www.ratwarasahib.org

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ** ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ **ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**

## ਤੱਤਕਰਾ

1. ਬਾਰਾਮਾਹਾ 2
2. ਸੰਪਾਦਕੀ 3
3. ਚਉਥੈ ਪਹਿਰ ਸਬਾਹ ਕੇ 4
4. ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ 8
5. ਗੁਰਮਤਿ ਪ੍ਰਚਾਰ ਦਾ ਸੋਮਾ ਰਤਵਾੜਾ ਸਾਹਿਬ 29
7. ਮਨੋਭਾਵਾਂ ਦੀ ਰਚਨਾਤਮਕ ਵਰਤੋਂ 37
6. ਮਾਨੁਖ ਤਨ ਦਾ ਪ੍ਰਯੋਜਨ 39
9. ਸੰਤ ਬਿਮਲਾ ਸਿੰਘ 50
10. ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ 59

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- (For outstation cheques) | |

**ਸੰਪਰਕ ਨੰ. ਰਤਵਾੜਾ ਸਾਹਿਬ**

ਰਤਵਾੜਾ ਸਾਹਿਬ - 0160-2255001
ਪਰਮ ਸਤਿਕਾਰ ਯੋਗ ਬੀਜੀ 9417214381
ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ - 9417214378
ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ 9417214383
ਜਰਨਲ - 9417214384, ਬੀ ਐਡ ਕਾਲਜ - 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9417214385
ਅਖੰਡਪਾਠ ਬੁਕਿੰਗ 9417214386
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਬਾਰਹਮਾਹਾ

ਰਾਗ ਮਾਝ ਵਿਚ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਬਾਰਹਮਾਹ ਵਿਚੋਂ ਕੱਤਕ ਮਹੀਨੇ ਦਾ ਪਾਠ ਅਤੇ ਸਰਲ ਅਰਥ –

***ਰਾਗੁ ਮਾਝ ਬਾਰਹਮਾਹਾ ਮਹਲਾ ੫***
***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥***
***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ॥***
***ਪੰਨਾ – 135***

ਕੱਤਕ ਮਹੀਨੇ ਦੀ ਠੰਢੀ ਮਿੱਠੀ ਸੁਹਾਵਣੀ ਰੁੱਤ ਪ੍ਰਭੂ ਭਗਤੀ, ਨਾਮ ਸਿਮਰਨ ਲਈ ਬਹੁਤ ਸੁਖਾਵੀਂ ਰੁੱਤ ਹੈ ਪਰ ਜੇ ਇਸ ਚੰਗੀ ਰੁੱਤ ਵਿਚ ਵੀ ਮਨੁੱਖ ਦੁੱਖਾਂ ਕਲੇਸ਼ਾਂ ਵਿਚ ਘਿਰਿਆ ਹੋਇਆ ਹੈ, ਰੋਗ-ਗ੍ਰਸਤ ਹੈ ਤਾਂ ਇਸ ਦਾ ਮੁੱਖ ਕਾਰਨ ਸੁਖ-ਸਾਗਰ ਪ੍ਰਭੂ ਨੂੰ ਭੁੱਲਣਾ ਹੈ, ਵਿਸਰਨਾ ਹੈ। ਵਿਛੋੜੇ ਕਾਰਨ ਆਏ ਦੁੱਖਾਂ ਦਾ ਕਾਰਨ ਸਾਡੇ ਆਪਣੇ ਕਰਮ ਹਨ, ਕਰਮਾਂ ਦਾ ਪ੍ਰਤੀਕਰਮ ਹੈ ਜੋ ਅਵੱਸ਼ ਭੋਗਣੇ ਪੈਂਦੇ ਹਨ। ਇਨ੍ਹਾਂ ਕਰਮਾਂ ਦਾ ਦੋਸ਼ ਕਿਸੇ ਹੋਰ ਦੇ ਮੱਥੇ ਨਹੀਂ ਲਾਇਆ ਜਾ ਸਕਦਾ। ਸਾਡਾ ਵਿਛੋੜਾ, ਸਾਡੇ ਦੁਖ ਕਲੇਸ਼ ਸਾਡੇ ਕਰਮਾਂ ਦਾ ਪ੍ਰਤੀਕਰਮ ਹਨ।

***ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥***

ਮਾਨਸ ਜਨਮ ਦੁਰਲਭ ਹੈ। ਪ੍ਰਭੂ ਮਿਲਾਪ ਲਈ ਇਹ ਸੁਨਹਿਰੀ ਅਵਸਰ ਹੈ। ਜਿਹੜੇ ਮਨੁੱਖ ਇਸ ਜਨਮ ਵਿਚ ਇਹ ਮੌਕਾ ਖੁੰਝਾ ਲੈਂਦੇ ਹਨ, ਪ੍ਰਭੂ ਵਲੋਂ ਬੇਮੁੱਖ ਹੋ ਕੇ, ਮੂੰਹ ਮੋੜ ਕੇ, ਮਾਇਕ ਵਸਤੂਆਂ ਦੀ ਪ੍ਰਾਪਤੀ ਵਿਚ ਲੱਗੇ ਰਹਿੰਦੇ ਹਨ, ਉਹ ਪ੍ਰਭੂ ਤੋਂ ਲੰਮੇਂ ਸਮੇਂ ਲਈ ਵਿਛੜ ਜਾਂਦੇ ਹਨ। ਜਿਨ੍ਹਾਂ ਮਾਇਕ ਪਦਾਰਥਾਂ ਦੇ ਮੌਜ ਮੇਲੇ ਖਾਤਰ ਪ੍ਰਭੂ ਨੂੰ ਭੁਲਾ ਦਿਤਾ ਸੀ, ਉਹ ਵੀ ਇਕ ਪਲ ਵਿਚ, (ਬੀਮਾਰੀ ਸਮੇਂ ਜਾਂ ਅੰਤ ਸਮੇਂ) ਕੌੜੇ ਤੇ ਦੁਖਦਾਈ ਹੋ ਜਾਂਦੇ ਹਨ।

***ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥ ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥ ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥***

ਵਿਛੋੜੇ ਤੋਂ ਉਤਪੰਨ ਹੋਏ ਦੁਖਾਂ ਦੀ ਵਾਰਤਾ ਨਿਤ ਨਿਤ, ਰੋਜ਼ ਰੋਜ਼ ਦੂਜੇ ਲੋਕਾਂ ਅੱਗੇ ਕਰਨ ਜਾਂ ਆਪਣਾ ਦੁੱਖ ਰੋਈ ਜਾਣ ਦਾ ਕੀ ਲਾਭ? ਜਦਕਿ ਵਿਛੋੜੇ ਦੇ ਦੁਖਾਂ ਨੂੰ ਦੂਰ ਕਰਨ ਦੀ ਕੋਈ ਵਿਚੋਲਗੀ ਕਰ ਹੀ ਨਹੀਂ ਸਕਦਾ। ਨਾ ਹੀ ਜੀਵ ਦੀਆਂ ਆਪਣੀਆਂ ਕੀਤੀਆਂ ਕੋਸ਼ਿਸ਼ਾਂ ਕਾਮਯਾਬ ਹੁੰਦੀਆਂ ਹਨ। ਜੀਵ ਦੀ ਕੋਈ ਪੇਸ਼ ਨਹੀਂ ਜਾਂਦੀ ਕਿਉਂਕਿ ਉਸ ਦੇ ਪਿਛਲੇ ਕੀਤੇ ਕਰਮਾਂ ਅਨੁਸਾਰ ਧੁਰੋਂ ਹੀ ਉਸ ਦੇ ਲੇਖ ਲਿਖੇ ਜਾਂਦੇ ਹਨ ਅਤੇ ਬਿਧ ਆ ਬਣਦੀ ਹੈ। ਹਾਂ ਜੇ ਭਾਗ ਚੰਗੇ ਹੋਣ, ਕਰਮ ਚੰਗੇ ਹੋਣ ਤਾਂ ਐਸੀ ਬਿਧਿ ਬਣ ਜੰਦੀ ਹੈ ਜਿਸ ਨਾਲ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ ਅਤੇ ਪ੍ਰਭੂ ਦੇ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁਖ ਮਿਟ ਜਾਂਦੇ ਹਨ।

***ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥ ਕਤਿਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ॥***

ਗੁਰੂ ਮਹਾਰਾਜ ਪ੍ਰਭੂ ਅੱਗੇ ਬੇਨਤੀ ਕਰਦੇ ਹਨ – ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ! ਮੈਨੂੰ ਮਾਇਆ ਦੇ ਮੋਹ ਤੋਂ ਬਚਾ ਲੈ। ਜੇ ਕਤਕ ਦੀ ਸੋਹਣੀ ਸੁਹਾਵਣੀ ਰੁੱਤ ਵਿਚ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ, ਗੁਰੂ ਦੀ ਸੰਗਤ ਮਿਲ ਜਾਵੇ, ਗੁਰਮੁਖਾਂ ਗੁਰਸਿਖਾਂ ਦਾ ਸੰਗ ਪ੍ਰਾਪਤ ਹੋ ਜਾਵੇ, ਤਾਂ ਵਿਛੋੜੇ ਵਾਲੇ ਸਾਰੇ ਚਿੰਤਾ-ਰੋਗ-ਝੋਰੇ ਮੁੱਕ ਜਾਂਦੇ ਹਨ।

## ਬਾਰਹਮਾਹਾ

***ਰਾਗ ਤੁਖਾਰੀ ਛੰਤ ਮਹਲਾ ੧***
***ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥***
***ਦੀਪਕੁ ਸਹਜਿ ਬਲੈ ਤਤਿ ਜਲਾਇਆ॥***
***ਪੰਨਾ – 1109***

ਜਿਵੇਂ ਕੱਤਕ ਦੇ ਮਹੀਨੇ ਵਿਚ ਕਿਸਾਨ ਬੀਜੀ ਹੋਈ ਮੁੰਜੀ, ਮਕਈ ਆਦਿਕ ਸਾਵਣੀ ਦੀ ਫਸਲ ਕੱਟ ਕੇ ਘਰ ਲੈ ਆਉਂਦਾ ਹੈ, ਤਿਵੇਂ ਹੀ ਹਰੇਕ ਜੀਵ ਨੂੰ ਇਸ ਜੀਵਨ ਵਿਚ ਆਪਣੇ ਕੀਤੇ ਕਰਮਾਂ ਦਾ ਫਲ ਮਨ ਵਿਚ ਇਕੱਠੇ ਕੀਤੇ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇਨ੍ਹਾਂ ਕੀਤੇ ਭਲੇ ਕਰਮਾਂ ਅਨੁਸਾਰ ਹੀ ਕੁਝ ਮਨੁੱਖ ਪ੍ਰਮਾਤਮਾ ਨੂੰ ਭਾਅ ਜਾਂਦੇ ਹਨ, ਚੰਗੇ ਲਗਣ ਲਗ ਪੈਂਦੇ ਹਨ। ਐਸੇ ਪ੍ਰਭੂ ਪਿਆਰਿਆਂ ਦੇ ਹਿਰਦੇ ਵਿਚ ਆਤਮਕ ਅਡੋਲਤਾ ਦਾ ਦੀਪ ਜਗ ਪੈਂਦਾ ਹੈ, ਜਿਸ ਦੇ ਚਾਨਣ ਵਿਚ ਅੰਦਰੋਂ ਅਗਿਆਨਤਾ ਦੇ ਅੰਨ੍ਹੇਰੇ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਪ੍ਰਭੂ-ਤੱਤ ਦਾ ਚਾਨਣ ਪ੍ਰਕਾਸ਼ਮਾਨ ਹੋ ਜਾਂਦਾ ਹੈ।

***ਦੀਪਕ ਰਸ ਤੇਲੋ, ਧਨ ਪਿਰ ਮੇਲੋ, ਧਨ ਓਮਾਹੈ ਸਰਸੀ॥***

ਆਤਮਿਕ-ਜੀਵਨ ਦੀ ਸੂਝ ਦੇਣ ਵਾਲੇ ਚਾਨਣ ਤੋਂ ਪੈਦਾ ਹੋਣ ਵਾਲਾ ਅਨੰਦ ਮਾਨੋ ਇਸ ਦੀਪਕ ਦਾ ਤੇਲ ਹੈ। ਇਸ ਚਾਨਣ ਤੋਂ ਹੀ ਧਨ ਪਿਰ ਦਾ ਮਿਲਾਪ ਹੁੰਦਾ ਹੈ, ਜੀਵ-ਇਸਤ੍ਰੀ ਇਸ ਮਿਲਾਪ ਦੇ ਉਤਸ਼ਾਹ ਤੋਂ ਆਤਮਿਕ-ਅਨੰਦ ਮਾਣਦੀ ਹੈ।

***ਅਵਗਣ ਮਾਰੀ ਮਰੈ, ਨ ਸੀਝੈ, ਗੁਣਿ ਮਾਰੀ ਤਾ ਮਰਸੀ॥***

ਵਿਪਰੀਤ ਇਸ ਦੇ ਜਿਸ ਜੀਵ-ਇਸਤ੍ਰੀ ਨੂੰ ਔਗੁਣਾਂ ਨੇ, ਵਿਸ਼ੇ ਵਿਕਾਰਾਂ ਨੇ ਮਾਰ ਮੁਕਾਇਆ ਹੈ, ਉਹ ਜੀਵਨ-ਮਨੋਰਥ ਵਿਚ ਕਦੇ ਸਫਲ ਨਹੀਂ ਹੁੰਦੀ ਪਰ ਪ੍ਰਭੂ ਦੀ ਸਿਫਤਿ ਸਾਲਾਹ ਵਿਚ ਲੱਗੀ ਜੀਵ ਇਸਤ੍ਰੀ ਵਿਕਾਰਾਂ ਨੂੰ ਮਾਰ ਮੁਕਾਂਦੀ ਹੈ ਅਤੇ ਸਦਾ ਹੀ ਵਿਕਾਰਾਂ ਵਲੋਂ ਬਚੀ ਰਹਿੰਦੀ ਹੈ।

(ਬਾਕੀ ਪੰਨਾ 28 ਤੇ)

# ਸੰਪਾਦਕੀ

ਅਕਤੂਬਰ ਮਹੀਨੇ ਦੀ ਗੁਰੂ ਪਿਆਰ ਬੈਰਾਗ ਵਾਲੀ ਆਤਮ ਮਾਰਗ ਪੱਤ੍ਰਿਕਾ ਸੰਦੇਸ਼ ਲੈ ਕੇ ਆਪ ਪਾਸ ਪਹੁੰਚ ਰਹੀ ਹੈ ਕਿਉਂਕਿ 31 ਅਕਤੂਬਰ 2001 ਨੂੰ ਇਸ ਆਤਮ ਮਾਰਗ ਮਾਸਿਕ ਪੱਤ੍ਰਿਕਾ ਦੇ ਬਾਨੀ ਮਹਾਂਪੁਰਸ਼ਾਂ ਦਾ ਅਸਹਿ ਸਰੀਰਕ ਵਿਛੋੜਾ ਹੋਇਆ ਸੀ। ਮਹਾਂਪੁਰਸ਼ਾਂ ਦੀ ਦਰਸਾਈ ਜੁਗਤੀ ਅਨੁਸਾਰ ਜਿਨ੍ਹਾਂ ਵੀ ਪ੍ਰਾਣੀਆਂ ਨੇ ਆਤਮ ਮਾਰਗ ਨੂੰ ਅਪਣਾਇਆ ਹੈ, ਉਹ ਹੀ ਇਸ ਵਿਛੋੜੇ ਦੇ ਦਰਦ ਨੂੰ ਸਮਝ ਸਕਦੇ ਹਨ। ਅੱਜ ਸਾਨੂੰ ਉਸ ਮਨਮੋਹਣੀ ਮੂਰਤ ਪਿਆਰੇ ਧੇਅ ਦੀ ਅਭੁੱਲ ਯਾਦ ਹੋਣ ਦੇ ਬਾਵਜੂਦ ਬਰਸੀ ਬੈਰਾਗ ਵੱਲ ਲੈ ਕੇ ਜਾਂਦੀ ਹੈ। ਬਰਸੀ ਸਮਾਗਮ ਰੂਹਾਨੀਅਤ ਭਰਪੂਰ ਪਿਆਰ ਬੈਰਾਗ ਵਾਲਾ ਸਮਾਗਮ 28 ਅਕਤੂਬਰ ਤੋਂ 31 ਅਕਤੂਬਰ ਤੱਕ ਗੁ. ਰਤਵਾੜਾ ਸਾਹਿਬ ਦੀ ਮਹਾਨ ਇਤਿਹਾਸਕ ਕਰਮ ਭੂਮੀ ਉਪਰ ਹਰ ਰੋਜ਼ ਸਵੇਰੇ 3.00 ਵਜੇ ਤੋਂ 11.00 ਵਜੇ ਤੱਕ ਹੋ ਰਿਹਾ ਹੈ। ਇਸ ਸਮਾਗਮ ਵਿੱਚ ਦੇਸ਼ਾਂ ਪ੍ਰਦੇਸ਼ਾਂ ਤੋਂ ਪਿਆਰੀਆਂ ਸੰਗਤਾਂ ਹੁੰਮ ਹੁੰਮਾ ਕੇ ਆਪਣੇ ਪਿਆਰੇ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਪਹੁੰਚ ਰਹੀਆਂ ਹਨ। ਮਹਾਂਪੁਰਸ਼ਾਂ ਦੀ ਸੋਚ ਅਦਵੈਂਤ ਸਿਧਾਂਤ ਉਪਰ ਵਿਸ਼ਵ ਵਿਆਪੀ ਹੋਣ ਕਾਰਨ ਉਨ੍ਹਾਂ ਦੇ ਪਿਆਰ ਵਿੱਚ ਜਗਤ ਪ੍ਰਸਿਧੀ ਵਾਲੇ ਸਾਧੂ ਸੰਤ ਸਵਾਮੀ ਜਨ ਵੀ ਆਪਣੇ ਅਨੁਭਵਾਂ ਨੂੰ ਗੁਰਬਾਣੀ ਪ੍ਰਕਾਸ਼ ਅੰਦਰ ਸੰਗਤਾਂ ਦੇ ਰੂ-ਬ-ਰੂ ਸਮਾਗਮ ਸਮੇਂ ਪ੍ਰਗਟ ਕਰਦੇ ਹਨ। ਮਹਾਂਪੁਰਖਾਂ ਨੇ ਜੋ ਜੁਗਤੀ ਨਾਮ ਜਪਣ ਵਾਸਤੇ ਸੱਤਵੇਂ ਸਲਾਨਾ ਸਮਾਗਮ ਉਪਰ ਸੰਗਤਾਂ ਨੂੰ ਦਰਸਾਈ ਸੀ, ਉਸ ਜੁਗਤੀ ਮੁਤਾਬਿਕ ਹਰ ਰੋਜ਼ ਅੰਮ੍ਰਿਤ ਵੇਲੇ 3.00 ਵਜੇ ਜਗਿਆਸੂ ਜਨ ਆਪਣੀ ਜਗਿਆਸਾ ਦੀ ਪੂਰਤੀ ਵਾਹਿਗੁਰੂ ਗੁਰਮੰਤਰ ਦੀ ਕਮਾਈ ਕਰ ਕੇ ਕਰਦੇ ਹਨ। ਇਸ ਲਈ ਹਰ ਕੋਈ ਆਪਣੇ ਪਿਆਰੇ ਦੇ ਪਿਆਰ ਬੈਰਾਗ ਅੰਦਰ ਗੁ. ਰਤਵਾੜਾ ਸਾਹਿਬ ਨੂੰ ਨਤਮਸਤਕ ਹੋਣ ਦੀ ਦਿਲੀ ਤਾਂਘ ਰੱਖਦਾ ਹੈ। ਸਾਰਾ ਸਾਲ ਹੀ ਜਗ੍ਹਾ-ਜਗ੍ਹਾ ਦੇਸ਼ਾਂ ਵਿਦੇਸ਼ਾਂ ਅੰਦਰ ਮਹਾਨ ਰੂਹਾਨੀ ਸਮਾਗਮ ਪਿਆਰੇ ਦੀ ਪਿਆਰੀ ਯਾਦ ਅੰਦਰ ਹੋ ਰਹੇ ਹਨ। ਮਹਾਨ ਪਵਿੱਤਰ ਗੁ. ਰਤਵਾੜਾ ਸਾਹਿਬ ਦੀ ਧਰਤੀ ਮਹਾਂਪੁਰਸ਼ਾਂ ਦੀ ਪਿਆਰੀ ਯਾਦ ਨੂੰ ਸਦਾ ਵਾਸਤੇ ਹੀ ਆਪਣੇ ਵਿੱਚ ਸਮੋਈ ਬੈਠੀ ਹੈ ਕਿਉਂਕਿ ਉਨ੍ਹਾਂ ਨੇ ਆਪਣੀ ਸਾਰੀ ਜ਼ਮੀਨ ਵੇਚ ਕੇ ਗੁ. ਰਤਵਾੜਾ ਸਾਹਿਬ ਟਰਸਟ ਬਣਾ ਕੇ ਜਨ ਸਮੂੰਹ ਦੇ ਪਰਉਪਕਾਰੀ ਕਾਰਜਾਂ ਵਾਸਤੇ ਸਦਾ ਵਾਸਤੇ ਹੀ ਸਮਰਪਿਤ ਕਰ ਦਿਤੀ ਹੈ। ਅਜੋਕੇ ਯੁਗ ਅੰਦਰ ਸਾਰੇ ਪਾਸੇ ਹੀ ਜਰ-ਜੋਰੂ-ਜ਼ਮੀਨ ਵਾਸਤੇ ਲੜਾਈਆਂ ਆਮ ਤੌਰ ਤੇ ਹੀ ਵੇਖਣ ਨੂੰ ਮਿਲਦੀਆਂ ਹਨ। ਲੋਕ ਵਤੀਰਾ ਜ਼ਮੀਨ ਜਾਇਦਾਦਾਂ ਧਨ ਆਦਿਕ ਇਕੱਤਰ ਕਰਨ ਵਾਲਾ ਹੋ ਚੁਕਿਆ ਹੈ। ਮਹਾਂਪੁਰਖਾਂ ਨੇ ਗ੍ਰਹਿਸਤ ਵਿੱਚ ਨਿਰਲੇਪ ਰਹਿੰਦਿਆਂ ਇੱਕ ਅਦਰਸ਼ਕ ਗ੍ਰਹਿਸਤੀ ਵਾਲਾ ਜੀਵਨ ਸੰਸਾਰ ਦੇ ਸਾਹਮਣੇ ਜਿਊ ਕੇ ਵਿਖਾਇਆ ਹੈ। ਇਸ ਜੀਵਨ ਜਾਚ ਦੀ ਸਿਖਿਆ ਗੁਰਮਤਿ ਅਨੁਸਾਰ ਉਨ੍ਹਾਂ ਦੇ ਪ੍ਰਵਚਨਾਂ ਤੋਂ ਸਦਾ ਹੀ ਸੇਧ ਲੋਕਾਈ ਨੂੰ ਮਿਲਦੀ ਰਹਿਣੀ ਹੈ, ਕਿਉਂਕਿ ਆਤਮ ਮਾਰਗ ਮੈਗਜ਼ੀਨ ਵਿੱਚ ਆਡੀਓ ਵੀਡੀਓ ਕੈਸਟਾਂ ਦਾ ਹੂ-ਬ-ਹੂ ਉਤਾਰਾ ਪ੍ਰਕਾਸ਼ਿਤ ਹੁੰਦਾ ਰਹਿਣਾ ਹੈ। ਸਤਿ ਪੁਰਸ਼ਾਂ ਦੀ ਸ਼ੁਭ ਸਿਖਿਆ ਨੂੰ ਆਪਣੇ ਜੀਵਨ ਵਿੱਚ ਅਪਣਾਉਂਦੇ ਹੋਏ ਸਤਿ-ਸੰਗੀ ਜਨ ਪਰਉਪਕਾਰੀ ਕਾਰਜਾਂ ਵਿੱਚ ਟਰਸਟ ਨੂੰ ਤਨ-ਮਨ-ਧਨ ਕਰਕੇ ਸਹਿਯੋਗ ਦੇ ਹਨ। ਸੰਗਤਾਂ ਦੀ ਮਹਾਨ ਸੇਵਾ ਘਾਲਣਾ ਕਾਰਨ ਹੀ ਅਤਿਅਧੁਨਿਕ ਅਲੌਕਿਕ ਮਹਾਨ ਸਰੋਵਰ ਦੀ ਸੇਵਾ ਸੰਪੰਨ ਹੋਣ ਜਾ ਰਹੀ ਹੈ। ਮਹਾਨ ਇਕਾਂਤ ਅਸਥਾਨ ਤੇ ਮਹਾਂਪੁਰਸ਼ਾਂ ਦੀ ਦੇਖ ਰੇਖ ਹੇਠ ਲੱਗੀ ਫੁਲਵਾੜੀ ਅਤੇ ਹਜਾਰਾਂ ਹੀ ਦਰਖਤਾਂ ਰਾਹੀਂ ਨਾਮ ਜਪਣ ਦਾ ਵਾਤਾਵਰਣ ਪਰਤੱਖ ਵਰਤ ਰਿਹਾ ਹੈ। ਸਕੂਲਾਂ, ਕਾਲਜਾਂ ਅਤੇ ਹਸਪਤਾਲ ਆਦਿ ਜਨ ਸਮੂੰਹ ਦੀ ਸੇਵਾ ਨੂੰ ਸਮਰਪਿਤ ਹਨ। ਸਮਾਗਮ ਸਮੇਂ ਵੀ ਮੈਡੀਕਲ ਕੈਂਪ ਲਾ ਕੇ ਮਰੀਜ਼ਾਂ ਦੀ ਚੈਕਅੱਪ ਤੋਂ ਲੈ ਕੇ ਓਪਰੇਸ਼ਨ ਤੱਕ ਦਾ ਸਾਰਾ ਦਵਾਈਆਂ ਰਿਹਾਇਸ਼ ਖਾਣ ਪੀਣ ਦਾ ਕੋਈ ਵੀ ਖਰਚਾ ਕਿਸੇ ਤੋਂ ਨਹੀਂ ਲਿਆ ਜਾਂਦਾ ਹੈ, ਮਹਾਂਪੁਰਖਾਂ ਦੇ ਪਿਆਰ ਵਾਲੇ ਨਿਸ਼ਕਾਮ ਪ੍ਰੇਮੀ ਇਸ ਸੇਵਾ ਦੇ ਮਹਾਨ ਕੁੰਭ ਵਿੱਚ ਆਪੋ ਆਪਣਾ ਯੋਗਦਾਨ ਪਾ ਰਹੇ ਹਨ। ਇਸ ਲਈ 28 ਤੋਂ 31 ਅਤੂਕਬਰ 2007 ਤੱਕ ਹਰ ਰੋਜ਼ ਸਵੇਰੇ 3.00 ਵਜੇ ਤੋਂ ਰਾਤ 11.00 ਵਜੇ ਤੱਕ ਮਹਾਨ ਰੂਹਾਨੀ ਸਤਿਸੰਗ ਦਾ ਅਨੰਦ ਮਾਨਣ ਅਤੇ ਆਪਣੇ ਪਿਆਰੇ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਜਰੂਰ ਹੀ ਆਪਣੇ ਰੁਝੇਵਿਆਂ ਭਰੇ ਸਮੇਂ ਵਿੱਚੋਂ ਸਮਾਂ ਕੱਢ ਕੇ ਸਾਰਿਆਂ ਨੇ ਹੀ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਪਹੁੰਚਣ ਦੀ ਜਰੂਰ ਹੀ ਕੋਸ਼ਿਸ਼ ਕਰਨੀ ਹੈ, ਕਿਉਂਕਿ ਅਨੁਭਵੀ ਮਹਾਂਪੁਰਸ਼ਾਂ ਦਾ ਇਹ ਮੱਤ ਰਿਹਾ ਹੈ ਕਿ ਪਿਆਰੇ ਦੇ ਪਿਆਰੇ ਗੁਰੂ ਅਸਥਾਨ ਤੇ ਬਰਸੀ ਸਮਾਗਮ ਸਮੇਂ ਜਰੂਰ ਹੀ ਪਹੁੰਚਣਾ ਹਰ ਇੱਕ ਦਾ ਨੈਤਿਕ ਫਰਜ਼ ਬਣਦਾ ਹੈ। ਸਾਨੂੰ ਆਸ ਦੇ ਨਾਲ ਪੂਰਾ ਵਿਸ਼ਵਾਸ਼ ਹੈ ਕਿ ਮਹਾਪੁਰਸ਼ਾਂ ਦੀ ਬਰਸੀ ਸਮਾਗਮ ਸਮੇਂ ਹਰ ਸਾਲ ਵਾਗੂੰ ਹੀ ਸੰਗਤਾਂ ਗੁ. ਰਤਵਾੜਾ ਸਾਹਿਬ ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਦੀਆਂ ਪਾਤਰ ਬਣਨਗੀਆਂ। ਇਸ ਮਹੀਨੇ ਦੀ ਪਿਆਰੀ ਆਤਮ ਮਾਰਗ ਪਤ੍ਰਿਕਾ ਨੂੰ ਖੁਲ੍ਹਾ ਸੱਦਾ ਪੱਤਰ ਜਾਣ ਕੇ ਸਾਰਿਆਂ ਨੇ ਹੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਆਪ ਸਾਰੇ ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਸਤਿਸੰਗ ਵਿਚ ਮਿਲ ਬੈਠੇ ਹੋ ਜੋ ਕਲਜੁਗ ਦੇ ਅੰਦਰ ਦੁਰਲੱਭ ਵਸਤਾਂ ਵਿਚੋਂ ਗਿਣੀ ਗਈ ਹੈ। ਕੁਝ ਐਸੀਆਂ ਚੀਜ਼ਾਂ ਨੇ ਸੰਸਾਰ ਦੇ ਅੰਦਰ ਜੋ ਆਪਣੇ ਜ਼ੋਰ ਨਾਲ ਨਹੀਂ ਮਿਲਦੀਆਂ, ਆਪਣੀ ਅਕਲ ਨਾਲ ਨਹੀਂ ਮਿਲਦੀਆਂ, ਕੋਈ ਮਸਤਕ ਦੇ ਵਿਚ ਲੇਖ ਲਿਖੇ ਹੁੰਦੇ ਨੇ ਉਨ੍ਹਾਂ ਦੇ ਪ੍ਰਭਾਵ ਕਰਕੇ ਉਨ੍ਹਾਂ ਦਾ ਜਦੋਂ ਬਲ ਵਧ ਜਾਂਦਾ ਹੈ, ਫਲ ਦੇਣ ਨੂੰ ਜਦੋਂ ਪੁੰਨ ਤਿਆਰ ਹੋ ਜਾਂਦੇ ਹਨ ਉਸ ਵੇਲੇ ਮਿਲਦੀ ਹੈ। ਸੋ ਮਹਾਰਾਜ ਕਹਿੰਦੇ ਨੇ ਕਿ ਇਹ ਦੋ ਚੀਜ਼ਾਂ ਕਲਜੁਗ ਦੇ ਸਮੇਂ ਦੇ ਅੰਦਰ ਜਦੋਂ ਕਿ ਆਦਮੀ ਦੀ ਬੁੱਧੀ ਬਿਲਕੁਲ ਹੀ ਭੋਗਾਂ ਦੇ ਵਿਚ ਰਚ ਗਈ ਹੈ। ਐਨੀ ਤਰਕ ਮਨ ਦੇ ਵਿਚ ਆ ਗਈ ਹੈ ਕਿ ਬਾਵਜੂਦ ਇਸ ਗੱਲ ਦੇ ਕਿ ਪ੍ਰਮੇਸ਼ਰ ਸਾਰੇ ਪਰੀਪੂਰਨ ਹੈ। ਇਸ ਦੇ ਉਤੇ ਵਿਸ਼ਵਾਸ਼ ਆਉਂਦਾ ਹੈ ਨਾ ਵਾਹਿਗੁਰੂ ਨਾਲ ਪਿਆਰ ਲਗਦਾ ਹੈ। ਆਪਣੇ ਮਨ ਦੀ ਸੌਦੇਬਾਜ਼ੀ ਹੈ ਸਾਰੀ ਚੀਜ਼ ਦੀ, ਹਰ ਚੀਜ਼ ਦੇ ਵਿਚੋਂ ਅਸੀਂ ਹਿਤ ਭਾਲਦੇ ਹਾਂ, ਲਾਭ ਭਾਲਦੇ ਹਾਂ ਉਹ ਵੀ ਦੁਨੀਆਂ ਦਾ। ਸੋ ਇਹ ਚੀਜ਼ ਮਿਲਦੀ ਨਹੀਂ ਹੈ ਬਹੁਤ ਮੁਸ਼ਕਲ ਹੈ –

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨*

ਹਰੀ ਦਾ ਜਸ ਹੁੰਦੇ ਹੋਵੇ ਤੇ ਸਾਧੂ ਦੀ ਸੰਗਤ ਹੋਵੇ, ਮਹਾਰਾਜ ਜੀ ਕਹਿੰਦੇ ਇਹ ਦੋ ਚੀਜ਼ਾਂ ਸ਼੍ਰੋਮਣੀ ਕਰਮ ਨੇ, ਸਭ ਤੋਂ ਵੱਡੇ ਕਰਮ। ਪੁਰਾਣੇ ਜ਼ਮਾਨਿਆਂ ਦੇ ਅੰਦਰ ਤੀਰਥਾਂ ਤੇ ਜਾਂਦੇ ਸੀ, ਫਲ ਮਿਲਿਆ ਕਰਦੇ ਸੀ। ਜਿਸਨੂੰ ਬਹੁਤ ਲਗਨ ਹੋਣੀ, ਮਨ ਦੇ ਅੰਦਰ ਬਹੁਤ ਪਿਆਰ ਹੋਣਾ ਉਹ ਅਠਾਹਠ ਤੀਰਥਾਂ ਤੇ ਜਾ ਕੇ ਵਿਧੀਪੂਰਵਕ ਇਸ਼ਨਾਨ ਕਰਕੇ ਵਿਧੀ ਪੂਰਵਕ ਦਾਨ ਦਿਆ ਕਰਦੇ ਸੀ। ਉਨ੍ਹਾਂ ਨੂੰ ਫਲ ਮਿਲਿਆ ਕਰਦੇ ਸੀ। ਸਤਿਸੰਗ ਵਿਚ ਸਾਧੂਆਂ ਦੀ ਸੰਗਤ ਕਰਨ ਜਾਇਆ ਕਰਦੇ ਸੀ। ਮਹਾਰਾਜ ਕਹਿੰਦੇ ਕਲਜੁਗ ਦੇ ਅੰਦਰ ਜੋ ਤੀਰਥਾਂ ਦਾ ਪੁੰਨ ਸੀ ਉਹ ਖਤਮ ਹੋ ਗਿਆ, ਉਹ ਕਾਇਮ ਨਹੀਂ ਰਿਹਾ ਜੋ ਪੁਰਾਣੇ ਸ਼ਾਸਤਰਾਂ ਵਿਚ ਲਿਖਿਆ ਹੋਇਆ ਹੈ ਉਸ ਦੇ ਵਿਚ ਸੱਤਿਆ ਨਹੀਂ ਰਹੀ, ਸੱਤਿਆ ਨਿਕਲ ਗਈ। ਕਲਜੁਗ ਦੇ ਜੋ ਬੰਦੇ ਨੇ ਇਨ੍ਹਾਂ ਦੀ ਬਿਰਤੀ ਹਰ ਵਕਤ ਪ੍ਰਮੇਸ਼ਰ ਤੋਂ ਬੇਮੁਖ ਹੋ ਕੇ, ਨਾਮ ਤੋਂ ਦੂਰ ਜਾ ਕੇ ਪਾਪਾਂ ਵਲ ਪ੍ਰਵਿਰਤ ਰਹਿੰਦੀ ਹੈ, ਗਲਤ ਕੰਮਾਂ ਦੀ ਸੋਚ ਇਸ ਦੇ ਮਨ ਵਿਚ ਬਣੀ ਰਹਿੰਦੀ ਹੈ। ਹਰ ਵਕਤ ਪ੍ਰਮੇਸ਼ਰ ਨਾਲੋਂ ਟੁੱਟਿਆ ਰਹਿੰਦਾ ਹੈ ਕਦੇ ਇਸ ਦੇ ਅੰਦਰ ਕਰੰਟ ਨਹੀਂ ਚਲਦੀ ਨਾਮ ਦੀ, ਜੀਭ ਦੇ ਨਾਲ ਨਾਮ ਵੀ ਜਪ ਲਏਗਾ, ਬਾਣੀ ਪੜ੍ਹ ਲਏਗਾ ਪਰ ਖੁਸ਼ਕ ਦਾ ਖੁਸ਼ਕ ਰਹਿ ਜਾਏਗਾ, ਕੋਈ ਰਸ ਨਹੀਂ ਅੰਦਰ ਆਉਂਦਾ, ਕੋਈ ਝੁਣਝੁਣੀ ਨਹੀਂ ਆਉਂਦੀ ਉਹੋ ਜਿਹਾ ਹੀ ਰਹਿੰਦਾ ਹੈ ਇਥੋਂ ਤੱਕ ਕਿ ਪਾਠ ਕਰਦਾ ਹੋਏਗਾ ਇਕ ਸਕਿੰਟ ਵਾਸਤੇ ਵੀ ਮਨ ਨਾਲ ਨਹੀਂ ਰਹਿੰਦਾ। ਅੱਖਾਂ ਵੀ ਦੇਖਦੀਆਂ ਹੋਣਗੀਆਂ, ਜੀਭ ਵੀ ਆਪਣਾ ਕੰਮ ਕਰਦੀ ਹੋਏਗੀ ਪਰ ਜਿਸ ਨੇ ਪਾਠ ਕਰਨਾ ਸੀ ਉਹ ਉਥੇ ਰਹਿੰਦਾ ਨਹੀਂ, ਉਹ ਦੌੜ ਜਾਂਦਾ ਹੈ। ਐਨੇ ਜ਼ਿਆਦਾ ਫੁਰਨੇ ਨੇ ਕਿ ਇਕ ਸਕਿੰਟ ਵਾਸਤੇ ਵੀ ਤੁਸੀਂ ਮਨ ਇਕਾਗਰ ਨਹੀਂ ਕਰ ਸਕਦੇ। ਜਿੰਨੀ ਦੇਰ ਤੱਕ ਮਨ ਇਕਾਗਰ ਨਹੀਂ ਹੁੰਦਾ, ਮਨ ਸ਼ੁੱਧ ਨਹੀਂ ਹੁੰਦਾ, ਜਿੰਨਾ ਚਿਰ ਮਨ ਸ਼ੁੱਧ ਨਹੀਂ ਹੁੰਦਾ ਓਨੀਂ ਦੇਰ ਤੱਕ ਸ਼ੁੱਧੀ ਵਾਸਤੇ ਸਰੀਰ ਵਿਚ ਚਾਹੇ ਇਸ਼ਨਾਨ ਕਰੋ, ਚਾਹੇ ਕੋਈ ਕੰਮ ਕਰੋ, ਪਾਠ ਕਰੋ ਉਹ ਮਨ ਮੈਲੇ ਦਾ ਮੈਲਾ ਰਹਿੰਦਾ ਹੈ। ਮਹਾਰਾਜ ਜੀ ਕਹਿੰਦੇ –

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ – ੫੫੮*

ਤਨ ਦੇ ਧੋਣ ਨਾਲ ਮਨ ਨਹੀਂ ਅੱਛਾ ਹੁੰਦਾ, ਮਨ ਦਾ ਸਬੰਧ ਹੈ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ – ੩੪੨*

ਕਿਉਂਕਿ ਉਹ ਰਸਤਾ ਜਿਹੜਾ ਹੈ ਉਹ ਹੋਰ ਹੈ। ਸੋ ਮਨ ਮੈਲਾ ਹੋਣ ਦੇ ਨਾਲ ਪਾਪ ਨਾਲ ਰਹਿੰਦੇ ਨੇ। ਤੀਰਥਾਂ ਬਾਰੇ ਇਹ ਬਚਨ ਹੈ ਕਿ ਜਿਹੜਾ ਇਥੇ ਨਹਾਏਗਾ ਫਲਾਣੇ ਤੀਰਥ ਤੇ ਉਸ ਦਾ ਆਹ ਪਾਪ ਉਤਰ ਜਾਏਗਾ, ਫਲਾਣੇ ਤੇ ਆਹ ਉਤਰ ਜਾਏਗਾ। ਮਹਾਰਾਜ ਜੀ ਕਹਿੰਦੇ ਉਹ ਤੀਰਥਾਂ ਵਿਚ ਨਹਾਉਣ ਜਾਂਦਾ ਹੈ ਪਰ ਤੀਰਥ ਪਹਿਲਾਂ ਹੀ ਮੈਲੇ ਹੋਏ-ਹੋਏ ਨੇ, ਹੁਣ ਤਾਂ ਵੈਸੇ ਹੀ ਮੈਲੇ ਕਰ ਦਿਤੇ, ਸੀਵਰੇਜ਼ ਦੇ ਨਾਲੇ ਪਾ ਦਿਤੇ ਹਰ ਤੀਰਥ ਦੇ ਅੰਦਰ ਬੁੱਧੀ ਹੀ ਭਰਿਸ਼ਟ ਹੋ ਗਈ ਸਭ ਦੀ। ਹੁਣ ਤਾਂ ਨਿਰੀ ਹੀ ਮੈਲ ਹੋ ਗਈ ਉਸ ਥਾਂ ਤੇ। ਪਹਿਲਾਂ ਜਦੋਂ ਸ਼ੁਧਤਾਈ ਵੀ ਸੀ ਉਸ ਵੇਲੇ ਤੀਰਥ ਦੇ ਵਿਚ ਇਹ ਤਾਕਤ ਨਹੀਂ ਸੀ ਕਿ ਉਹ ਮਨ ਨੂੰ ਸ਼ੁੱਧ ਕਰ ਦੇਵੇ। ਮਨ ਤੱਕ ਤੀਰਥ ਦੀ ਪਹੁੰਚ ਨਹੀਂ ਹੈ। ਪਾਪ ਇਕ

ਦੂਰ ਕਰਦਾ ਸੀ ਇਕ ਤੀਰਥ, ਇਕ ਫਲ ਦਿੰਦਾ ਸੀ।

*ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।*
*ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਵੀਚਾਰ।*

ਉਥੋਂ ਇਕ ਫਲ ਮਿਲਦਾ ਸੀ, ਸੰਤਾਂ ਦੇ ਮਿਲਣ ਦੇ ਨਾਲ, ਧਰਮ ਦਾ ਜੀਵਨ ਪ੍ਰਾਪਤ ਹੋ ਜਾਂਦਾ ਸੀ, ਦਸ ਥੰਮ ਹੁੰਦੇ ਨੇ ਧਰਮ ਦੇ ਉਹ ਸਾਰੇ ਪ੍ਰਾਪਤ ਹੋ ਜਾਂਦੇ ਸੀ। ਧੀਰਜ ਵੀ ਆ ਜਾਂਦੀ ਸੀ, ਸੰਤੋਖ, ਦਇਆ, ਖਿਮਾ, ਦਾਨ, ਮਿੱਠਾ ਬੋਲਣਾ, ਸਤਿ, ਸ਼ੀਲ ਇਹ ਸਾਰੀਆਂ ਚੀਜ਼ਾਂ ਆ ਜਾਂਦੀਆਂ ਸਨ – ਜਦੋਂ ਧਰਮ ਪ੍ਰਾਪਤ ਹੋ ਗਿਆ। ਦੂਸਰੀ ਚੀਜ਼ ਹੁੰਦੀ ਹੈ ਆਦਮੀ ਨੂੰ ਪੈਸੇ-ਟਕੇ ਦੀ ਲੋੜ, ਜ਼ਿੰਦਗੀ ਗੁਜ਼ਾਰਨ ਵਾਸਤੇ ਮਾਇਆ ਦੀ ਲੋੜ ਹੁੰਦੀ ਹੈ, ਆਪਣੀਆਂ ਲੋੜਾਂ ਨੂੰ ਸੀਮਤ ਰੱਖ ਕੇ ਸੋਹਣੀ ਜ਼ਿੰਦਗੀ ਚਿੰਤਾ ਤੋਂ ਬਗੈਰ ਗੁਜ਼ਾਰਨ ਲਈ ਮਾਇਆ ਦੀ ਲੋੜ ਹੈ। ਉਹ ਵੀ ਪ੍ਰਾਪਤ ਹੋ ਜਾਂਦਾ ਸੀ (ਅਰਥ)। ਤੀਰਸਾ ਹੁੰਦਾ ਹੈ ਸਾਡੇ ਅੰਦਰ ਕਾਮਨਾਵਾਂ, ਵਾਸ਼ਨਾਵਾਂ ਕਿ ਮੈਨੂੰ ਨੌਕਰੀ ਮਿਲ ਜਾਏ, ਪੁੱਤਰ ਹੋ ਜਾਵੇ, ਪੁੱਤਰ ਪੜ੍ਹ ਜਾਵੇ, ਮੇਰੀ ਸਿਹਤ ਠੀਕ ਹੋ ਜਾਵੇ, ਮੈਨੂੰ ਉਹ ਮਿਲ ਜਾਵੇ, ਆਹ ਮਿਲ ਜਾਵੇ ਉਹ ਵੀ ਸਾਧੂ ਦੀ ਸੰਗਤ ਕਰਨ ਨਾਲ ਮਹਾਰਾਜ ਜੀ ਕਹਿੰਦੇ ਪ੍ਰਾਪਤ ਹੋ ਜਾਏਗਾ। ਚੌਥੀ ਗੱਲ ਹੁੰਦੀ ਹੈ ਕਿ ਮੈਂ ਅਰਬਾਂ-ਖਰਬਾਂ ਸਾਲਾਂ ਤੋਂ ਮੂਰਖ ਬਣ ਕੇ ਜਨਮਾਂ-ਜਨਮਾਂਤਰਾਂ ਵਿਚ ਘੁੰਮਦਾ ਫਿਰਦਾ ਹਾਂ, ਹਲਟ ਦੀਆਂ ਟੀਂਡਾਂ ਵਾਂਗੂੰ ਕਦੇ ਉਪਰ ਆ ਜਾਂਦਾ ਹਾਂ ਕਦੇ ਫੇਰ ਹੇਠਾਂ ਨੂੰ ਚਲਿਆ ਜਾਂਦਾ ਹਾਂ। ਕਿਸੇ-ਕਿਸੇ ਦੇ ਮਨ ਵਿਚ ਇਹ ਸੋਝੀ ਪੈਦਾ ਹੋ ਕੇ ਬਹੁਤ ਡਰ ਪੈਦਾ ਹੁੰਦਾ ਹੈ ਕਿ ਹੁਣ ਕੀ ਹੋਏਗਾ? ਆਹ ਮਨੁੱਖ ਜਨਮ ਤਾਂ ਲੰਘਦਾ ਤੁਰਿਆ ਜਾ ਰਿਹਾ ਹੈ ਅਜੇ ਬਣਿਆ ਕੁਝ ਨਹੀਂ ਹੈ ਅੰਦਰ ਦੀ ਕੋਈ ਵੀ ਅਵਸਥਾ ਪ੍ਰਾਪਤ ਨਹੀਂ ਹੋਈ, ਪ੍ਰਮੇਸ਼ਰ ਤੱਕ ਪਹੁੰਚੇ ਨਹੀਂ ਹਾਂ ਤੇ ਫੇਰ ਮੇਰਾ ਹੋਏਗਾ ਕੀ? ਕਰਮ ਕਰਨ ਦੇ ਨਾਲ ਸਾਨੂੰ ਜਨਮ ਮਿਲਣਾ ਹੈ ਉਹ ਜਨਮ ਸਾਨੂੰ ਕਿਹੋ ਜਿਹਾ ਮਿਲੇਗਾ? ਜਿਹੋ ਜਿਹਾ ਕਰਮ ਕਰਾਂਗੇ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*
*ਅੰਗ – ੧੩੪*

ਇਹ ਜ਼ਰੂਰੀ ਨਹੀਂ ਕਿ ਅਸੀਂ ਮਨੁੱਖ ਹੀ ਬਣੀਏ, ਕਿਸੇ ਨੂੰ ਆਪਣੀ ਪਿੱਠ ਤੇ ਚੁੱਕਣ ਲਈ ਘੋੜੇ ਵੀ ਬਣ ਜਾਵਾਂਗੇ, ਗੱਡੇ ਖਿੱਚਣ ਲਈ ਅਸੀਂ ਬੈਲ ਵੀ ਬਣ ਜਾਵਾਂਗੇ ਹੋਰ ਵੀ ਅਨੇਕਾਂ ਜੂਨਾਂ ਜਿੰਨੀਆਂ ਜੀਵ ਜੰਤੂਆਂ ਦੀਆਂ ਨਜ਼ਰ ਆਉਂਦੀਆਂ ਨੇ ਉਹ ਮਿਲ ਜਾਂਦੀਆਂ ਨੇ। ਸਮਾਂ ਲੰਘਦਾ ਤੁਰਿਆ ਜਾਂਦਾ ਹੈ। ਸੋ ਮੈਲ ਦੂਰ ਨਹੀਂ ਹੁੰਦੀ, ਦੂਰ ਨਾ ਹੋਣ ਕਰਕੇ ਸਾਨੂੰ ਸਤਿ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਮਹਾਰਾਜ ਜੀ ਕਹਿੰਦੇ ਜੋ ਚੌਥਾ ਫਲ ਹੈ ਜਿਸ ਦੇ ਨਾਲ ਜੰਮਣ-ਮਰਨਾ ਖਤਮ ਹੋ ਜਾਵੇ ਤੇ ਇਹ ਜੋ ਜੀਵ-ਆਤਮਾ ਹੈ ਇਹ ਆਪਣੇ ਅਸਲੇ ਵਿਚ ਜਾ ਕੇ ਰਲ ਜਾਵੇ ਉਸ ਨੂੰ 'ਮੁਕਤ' ਕਹਿੰਦੇ ਨੇ। ਇਹ ਚਾਰ ਚੀਜ਼ਾਂ ਸਾਧੂਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦੀਆਂ ਹਨ।

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ – ੨੬੬*

ਤੀਰਥ ਤੋਂ ਇਕ ਫਲ ਮਿਲਦਾ ਹੈ, ਸਾਧੂ ਤੋਂ ਚਾਰ ਮਿਲ ਗਏ –

*ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।*

ਜੇ ਗੁਰੂ ਮਿਲ ਜਾਵੇ ਬ੍ਰਹਮ ਬੇਤਾ, ਬ੍ਰਹਮ ਬਕਤਾ, ਬ੍ਰਹਮ ਸਰੋਤਰੀ, ਬ੍ਰਹਮ ਦ੍ਰਿਸ਼ਟਾ ਜੋ ਬ੍ਰਹਮ ਦੇ ਵਿਚ ਹਰ ਵਕਤ ਲੀਨ ਰਹਿੰਦਾ ਹੈ ਐਸੇ ਗੁਰਸਿੱਖ ਦਾ ਮਿਲਾਪ ਹੋ ਜਾਵੇ, ਐਸੇ ਮਹਾਂਪੁਰਸ਼ ਦਾ ਮਿਲਾਪ ਹੋ ਜਾਵੇ ਜੋ ਗੁਰੂ ਦੇ ਨਾਲ ਮਿਲਾ ਦੇਵੇ ਗੁਰੂ ਮਿਲਦਾ ਹੈ ਕਹਿੰਦੇ ਸਾਨੂੰ ਗੁਰੂ ਗ੍ਰੰਥ ਸਾਹਿਬ ਮਿਲ ਗਏ ਲੇਕਿਨ ਕਿਸੇ ਵਿਰਲੇ ਨੂੰ ਮਿਲੇ ਨੇ ਸਾਰਿਆਂ ਨੂੰ ਨਹੀਂ ਮਿਲੇ। ਜੇ ਕਿਤੇ ਗੁਰੂ ਨਾਲ ਮੇਲ ਹੋ ਜਾਵੇ ਤਾਂ ਮਹਾਰਾਜ ਜੀ ਕਹਿੰਦੇ-

*ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਵੀਚਾਰ।*

ਕਬੀਰ ਸਾਹਿਬ ਕਹਿੰਦੇ ਨੇ ਕਿ ਅਸੀਂ ਵਿਚਾਰ ਕੇ ਤੁਹਾਨੂੰ ਇਹ ਗੱਲ ਦੱਸੀ ਹੈ ਕਿ ਗੁਰੂ ਦੇ ਮਿਲਣ ਨਾਲ ਫਲਾਂ ਦੀ ਕੋਈ ਗਿਣਤੀ ਨਹੀਂ ਰਹਿੰਦੀ।

ਸੋ ਤੀਰਥ ਤੇ ਅਸੀਂ ਜਾਂਦੇ ਹਾਂ ਤੀਰਥ ਤੇ ਅਸੀਂ ਇਸ਼ਨਾਨ ਕਰਦੇ ਹਾਂ, ਤੀਰਥ ਸਾਡੇ ਮਨ ਨੂੰ ਨਿਰਮਲ ਨਹੀਂ ਕਰਦਾ, ਸਰੀਰ ਨੂੰ ਫਲ ਦਿੰਦਾ ਹੈ ਜੇ ਪਵਿੱਤਰ ਹੋਵੇ। ਮਹਾਰਾਜ ਜੀ ਕਹਿੰਦੇ –

*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ ॥*
*ਸਾਧਸੰਗਿ ਜੋ ਹਰਿ ਗੁਣ ਗਾਵੈ*
*ਸੋ ਨਿਰਮਲੁ ਕਰਿ ਲੀਜੈ ॥ ਅੰਗ – ੭੪੭*

ਹੁਣ ਕਰੋੜਾਂ ਤੀਰਥਾਂ ਦਾ ਇਸ਼ਨਾਨ ਮੈਲ ਭਰ ਦਿੰਦਾ ਹੈ, ਲਾਹੁੰਦਾ ਨਹੀਂ ਹੈ ਕਿਉਂਕਿ ਉਹ ਆਪ ਮੈਲਾ ਹੋ ਚੁੱਕਿਆ ਹੈ-

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਅੰਗ – ੧੨੬੩*

ਜਿਹੜੇ ਇਨ੍ਹਾਂ ਦੇ ਅਭਿਮਾਨੀ ਦੇਵਤਾ ਨੇ ਉਹ ਭਟਕਦੇ ਫਿਰਦੇ ਨੇ ਉਦਮ ਕਰਦੇ ਨੇ ਕਿ ਕੋਈ ਸਾਧੂ ਮਿਲ ਜਾਵੇ, ਸਾਧੂ ਹੈ ਨਹੀਂ ਤੇ ਮਿਲਦਾ ਬਹੁਤ ਔਖਾ ਹੈ। ਕਰੋੜਾਂ ਵਿਚੋਂ ਇਕ-ਅੱਧ ਮਿਲ ਜਾਵੇ ਤਾਂ ਲੱਭ ਜਾਏ ਲੇਕਿਨ ਹੈ ਨਹੀਂ ਮੁਸ਼ਕਲ ਹੈ ਇਹ ਚੀਜ਼, ਨਾਯਾਬ ਹੈ ਮਿਲਦੀ ਨਹੀਂ ਹੈ। ਉਹ ਉਦਮ ਕਰਦੇ ਨੇ ਕਿ ਸਾਨੂੰ ਸਾਧੂ ਮਿਲ ਜਾਵੇ ਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਅਸੀਂ ਲਾ ਲਈਏ ਆਪਣੇ ਮਸਤਕ ਤੇ ਅਤੇ ਆਪਣਾ ਇਸ਼ਨਾਨ ਕਰ ਲੀਏ ਧੂੜ ਦੇ ਨਾਲ ਉਸ ਦੇ ਨਾਲ ਕੀ ਹੋਏਗਾ? ਉਹ ਮਹਾਂ ਪਵਿੱਤਰ ਧੂੜ ਹੁੰਦੀ ਹੈ। ਸਾਡੇ ਵਿਚ

ਜਿਹੜੇ ਕਰੋੜਾਂ ਪਾਪੀ ਆ ਕੇ ਪਾਪ ਛੱਡਦੇ ਨੇ, ਉਹ ਭਰੇ ਪਏ ਨੇ, ਕਾਲੇ ਹੋ ਗਏ ਅਸੀਂ –

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*
*ਅੰਗ – ੧੨੬੩*

ਸੋ ਸਾਧੂ ਦੀ ਧੂੜੀ ਮਿਲ ਜਾਵੇ ਤਾਂ ਇਹ ਮੈਲ ਦੂਰ ਹੋ ਜਾਂਦੀ ਹੈ, ਹੋਰ ਕੋਈ ਤਰੀਕਾ ਨਹੀਂ ਹੈ।

ਉਹ ਨਾਮ ਆਦਮੀ ਦੇ ਅੰਦਰ ਪਿਆ ਹੈ। ਮਹਾਂ ਪਵਿੱਤਰ ਕਰਨ ਵਾਲੀ ਜੋ ਚੀਜ਼ ਹੈ –

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ – ੪*

ਨਾਮ ਹਰ ਬੰਦੇ ਦੇ ਅੰਦਰ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ – ੨੯੩*

ਮਹਾਨ ਸ਼ਕਤੀ ਜਿਸ ਨੇ ਸਾਰੇ ਸੰਸਾਰ ਨੂੰ ਪਹਿਲਾਂ ਰੂਪਮਾਨ ਕੀਤਾ ਹੈ ਤੇ ਫੇਰ ਧਾਰਨ ਕੀਤਾ ਹੋਇਆ ਹੈ, ਕਾਇਮ ਰੱਖਿਆ ਹੋਇਆ ਹੈ। ਸਭ ਪ੍ਰਮਾਣੂ ਜੁੜੇ ਹੋਏ ਨੇ ਨਾਮ ਦੀ ਸ਼ਕਤੀ ਨਾ ਹੋਵੇ ਇਹ ਮੁੜ ਕੇ ਪ੍ਰਮਾਣੂ ਬਣ ਜਾਂਦੇ ਨੇ, ਇਲਕੈਟ੍ਰਾਨ, ਪ੍ਰੋਟਾਨ, ਨਿਊਟ੍ਰਾਨ ਵਿਚ ਬਦਲ ਜਾਂਦੇ ਨੇ, ਉਹ ਅੱਗੇ ਸ਼ਕਤੀ ਵਿਚ ਬਦਲ ਜਾਂਦੇ ਨੇ ਤੇ ਉਹ ਅੱਗੇ ਪ੍ਰਕ੍ਰਿਤਕ ਸ਼ਬਦ ਵਿਚ ਬਦਲ ਜਾਂਦੀ ਹੈ। ਅਖੀਰ ਵਿਚ ਕੁਝ ਵੀ ਨਹੀਂ ਰਹਿੰਦਾ ਇਕ ਸ਼ਬਦ ਜਿਹਾ ਰਹਿ ਜਾਂਦਾ ਹੈ, ਰੌਲਾ ਜਿਹਾ। ਨਾਮ ਨੇ ਹੀ ਇਹ ਸਾਰੇ ਰੂਪ ਧਾਰੇ ਹੋਏ ਨੇ। ਨਾਮ ਨੇ ਹੀ ਸਾਰੀਆਂ ਚੀਜ਼ਾਂ ਨੂੰ ਤਰਤੀਬ ਦਿਤੀ ਹੋਈ ਹੈ –

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥*
*ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥*
*ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥*
*ਅੰਗ – ੨੮੪*

ਸੋ ਨਾਮ ਦੇ ਧਾਰੇ ਹੋਏ ਹੀ ਵੇਦ ਨੇ, ਨਾਮ ਦੀਆਂ ਧਾਰੀਆਂ ਹੋਈਆਂ ਪੁਰੀਆਂ ਨੇ, ਨਾਮ ਦੇ ਧਾਰੇ ਅਕਾਸ਼ ਪਾਤਾਲ ਨੇ। ਸੋ ਉਹ ਨਾਮ ਸ਼ਕਤੀ ਅੰਦਰ ਹੈ ਸਾਡੇ ਲੇਕਿਨ ਅਸੀਂ ਉਸ ਤੱਕ ਜਾਂਦੇ ਨਹੀਂ ਕਿਉਂਕਿ ਸਾਡਾ ਰੁਖ ਬਾਹਰ ਨੂੰ ਹੈ। ਸੋ ਮਹਾਰਾਜ ਜੀ ਨੇ ਇਸ ਵਿਚ ਹੀ ਕਿਹਾ ਹੈ ਕਿ ਮਨ ਦੇ ਪਿੱਛੇ ਲਗਣ ਵਾਲੇ ਬੰਦੇ ਆਪਣਾ ਜੀਵਨ ਵਿਅਰਥ ਗਵਾ ਕੇ ਸੰਸਾਰ ਵਿਚੋਂ ਚਲੇ ਜਾਂਦੇ ਨੇ, ਨਾਮ ਨੂੰ ਭੁੱਲੇ ਰਹਿੰਦੇ ਨੇ, ਨਾਮ ਹੀ ਅੰਦਰ ਹੈ। ਨਾਮ ਹੀ ਨਾਮ ਹੈ ਗੁਰੂ ਮਹਾਰਾਜ ਜੀ ਦੇ ਘਰ–

*ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ – ੧੧੩੬*

ਇਸ ਦੇ ਵਿਚ ਹੋਰ ਚੀਜ਼ਾਂ ਨਹੀਂ ਹਨ ਬਾਕੀ ਤਾਂ ਐਵੇਂ ਰੌਲੇ–ਰੱਪੇ ਨੇ, ਖਾਹ–ਮ–ਖਾਹ ਕੱਚੀਆਂ ਗੱਲਾਂ ਨੇ ਜੇ ਅਸਲੀ ਗੱਲ ਹੈ ਤਾਂ ਉਹ 'ਨਾਮ' ਹੈ। ਸੋ ਨਾਮ ਦੀ ਪ੍ਰਾਪਤੀ ਵਾਸਤੇ ਸੰਗਤ ਮਦਦ ਕਰਦੀ ਹੈ 'ਸਤਿਸੰਗ' –

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ – ੭੨*

ਸਤਿਸੰਗ ਹੁੰਦੀ ਹੀ ਓਹੀ ਹੈ ਜਿਥੇ ਨਾਮ ਦੀ ਵਿਆਖਿਆ ਹੋਵੇ। ਸੋ ਏਸ ਕਰਕੇ ਸਾਧ–ਸੰਗਤ ਜੀ ਇਹ ਦੁਰਲੱਭ ਚੀਜ਼ਾਂ ਨੇ –

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ – ੬੪੨*

ਮਿਲਦੀ ਉਸਨੂੰ ਹੈ –

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨*

ਜਿਸ ਦੇ ਮੱਥੇ ਦੇ ਵਿਚ ਕਲਮ ਵਾਹ ਦਿਤੀ ਪ੍ਰਮੇਸ਼ਰ ਨੇ, ਪੁੰਨ ਕਰਮ ਜਾਗ ਪਏ ਤੇ ਪੁੰਨਾਂ ਦਾ ਫਲ ਐਨਾ ਜਬਰਦਸਤ ਹੋ ਗਿਆ ਕਿ ਉਹ ਆਲਸ ਨੂੰ ਤਿਆਗ ਕੇ ਅੰਮ੍ਰਿਤ ਵੇਲੇ ਹਰੀ ਦਾ ਜਸ ਸਰਵਣ ਕਰਨ ਵਾਸਤੇ ਆ ਜਾਵੇ। ਸੋ ਇਹ ਤਾਂ ਚੀਜ਼ ਸਾਨੂੰ ਮਹਾਰਾਜ ਜੀ ਨੇ ਦੇ ਦਿਤੀ। ਆ ਜਾਂਦੇ ਹਾਂ ਇਹ ਅਗਲੀ ਗੱਲ ਹੈ ਕਿ ਮਨ ਕਿੰਨਾ ਕੁ ਸਾਥ ਦੇ ਰਿਹਾ ਹੈ, ਮੰਨ ਰਿਹਾ ਹੈ ਜਾਂ ਨਹੀਂ ਮੰਨ ਰਿਹਾ ਕਿਉਂਕਿ ਮਨ ਨਿਵਾਜ਼ੀ ਬਣੇ ਤਾਂ ਗੱਲ ਬਣਦੀ ਹੈ, ਮਨ 'ਜਪੁਜੀ ਸਾਹਿਬ' ਦਾ ਰੂਪ ਬਣੇ, ਬਾਣੀ ਦਾ ਰੂਪ ਬਣੇ ਤਾਂ ਗੱਲ ਬਣਦੀ ਹੈ, ਮਨ ਕੀਰਤਨ ਦਾ ਰੂਪ ਬਣੇ। ਜੇ ਤਾਂ ਮਨ ਭਿੱਜਦਾ ਹੈ ਫੇਰ ਤਾਂ ਬਹੁਤ ਵਧੀਆ ਚੀਜ਼ ਹੈ। ਉਹ ਭਾਗਾਂ ਵਾਲੇ ਬੰਦੇ ਨੇ ਜਿਨ੍ਹਾਂ ਦਾ ਮਨ ਭਿੱਜ ਜਾਂਦਾ ਹੈ, ਭਿੱਜਣ ਦੇ ਨਾਲ ਰਸ ਆ ਜਾਂਦਾ ਹੈ। ਉਸ ਦੇ ਵਿਚੋਂ ਬੁਰਿਆਈਆਂ ਹਟ ਜਾਂਦੀਆਂ ਨੇ ਕਿਉਂਕਿ ਮਨ ਨਾਲ ਹੀ ਸਾਡਾ ਸਬੰਧ ਹੈ, ਮਨ ਨੇ ਹੀ ਸਾਨੂੰ ਪ੍ਰਮੇਸ਼ਰ ਨਾਲ ਜੋੜਨਾ ਹੈ। ਜਿੱਥੇ ਮਨ ਮੁੱਕ ਜਾਂਦਾ ਹੈ ਉਥੋਂ ਪ੍ਰਮੇਸ਼ਰ ਸ਼ੁਰੂ ਹੋ ਜਾਂਦਾ ਹੈ ਕੋਈ ਦੂਰ ਨਹੀਂ ਹੈ ਵਾਹਿਗੁਰੂ ਬਿਲਕੁਲ ਨੇੜੇ ਹੈ ਲੇਕਿਨ ਮਨ ਦਾ ਪਸਾਰਾ ਐਨਾ ਜ਼ਬਰਦਸਤ ਹੈ ਕਿ ਅਸੀਂ ਇਸ ਦਾ ਪਰਲਾ ਸਿਰਾ ਨਹੀਂ ਲੱਭ ਸਕਦੇ।

ਮਨ ਦੇ ਵਿਚ ਵਾਹਿਗੁਰੂ ਹੈ, ਵਾਹਿਗੁਰੂ ਦੇ ਵਿਚ ਮਨ

ਹੈ। ਇਹ ਗੱਲਾਂ ਸਮਝਣ ਵਾਸਤੇ ਬੰਦਗੀ ਕਰਨ ਦੀ ਲੋੜ ਹੈ, ਨਾਮ ਜਪਣ ਦੀ ਲੋੜ ਹੈ। ਨਾਮ ਦੇ ਨਾਲ ਹੌਲੀ-ਹੌਲੀ ਇਹ ਜਿਹੜੀ ਦੁਨਿਆਵੀ ਬੁੱਧੀ ਹੈ ਇਹ ਖਤਮ ਹੋਣ ਲੱਗ ਜਾਂਦੀ ਹੈ ਜਿਹੜੀ ਆਤਮ ਵਿਸ਼ੈਣੀ ਬੁੱਧੀ ਹੈ ਉਹ ਪੈਦਾ ਹੋ ਜਾਂਦੀ ਹੈ –

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*

***ਅੰਗ – ੮***

ਸੋ ਸਾਡਾ ਸਤਿਸੰਗ ਵਿਚ ਆਉਣਾ ਅੱਗੇ ਨੂੰ ਵਧਣਾ ਹੈ ਕਿ ਪਿੱਛੇ ਨਾਲੋਂ ਅੱਗੇ ਨੂੰ ਇਕ ਕਦਮ ਹੋਰ ਵਧੀਏ, ਫੇਰ ਵਧੀਏ, ਫੇਰ ਵਧੀਏ। ਵਧਦੇ-ਵਧਦੇ ਦੁਨੀਆਂ ਦੇ ਅਸਰਾਂ ਨੂੰ ਬਾਣੀ ਦੇ ਨਾਲ ਰੋਕੀਏ ਕਿਉਂਕਿ ਹਨ੍ਹੇਰੀ ਚੱਲ ਰਹੀ ਹੈ ਬਾਹਰ ਹਰ ਕਿਸਮ ਦੀ। ਪਹਿਲੇ ਜ਼ਮਾਨਿਆਂ ਵਿਚ ਨਹੀਂ, ਪਹਿਲੇ ਜ਼ਮਾਨਿਆਂ ਵਿਚ ਖਬਰ ਵੀ ਨਹੀਂ ਸੀ ਇਕ-ਦੂਜੇ ਦੀ ਪਹੁੰਚਦੀ, ਬੜੀ-ਬੜੀ ਦੇਰ ਲੱਗ ਜਾਂਦੀ ਸੀ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਸਰੀਰ ਛੱਡ ਗਏ ਪਤਾ ਹੀ ਨਹੀਂ ਲੱਗਿਆ ਪੰਜਾਬ ਦੇ ਅੰਦਰ। ਬੜੀ ਦੇਰ ਬਾਅਦ ਇੱਥੇ ਖਬਰਾਂ ਪਹੁੰਚਦੀਆਂ। ਕੋਈ ਆਇਆ ਫੇਰ ਉਸ ਨੇ ਆ ਕੇ ਦੱਸਿਆ ਫੇਰ ਅੱਗੇ ਗੱਲ ਚੱਲੀ, ਫੇਰ ਅੱਗੇ ਗੱਲ ਚੱਲੀ, ਫੇਰ ਹੋਰ ਅੱਗੇ। ਸਾਲ-ਸਾਲ, ਦੋ-ਦੋ ਸਾਲ ਬਾਅਦ ਗੱਲ ਪਹੁੰਚਦੀ ਸੀ ਉਨ੍ਹਾਂ ਦੇ ਪ੍ਰੇਮੀਆਂ ਕੋਲ ਲੇਕਿਨ ਹੁਣ ਕੀ ਹੁੰਦਾ ਹੈ, ਹੁਣੇ ਗੱਲ ਹੁੰਦੀ ਹੈ ਹੁਣੇ ਹੀ ਅੱਖਾਂ ਦੇ ਸਾਮ੍ਹਣੇ ਆਪਣਾ ਹੀ ਨਹੀਂ ਦੇਖਦੇ, ਸਾਰੀ ਦੁਨੀਆਂ ਦੀਆਂ ਗੱਲਾਂ ਪੜਦੇ ਤੇ ਆ ਜਾਂਦੀਆਂ ਹਨ ਟੈਲੀਵੀਜ਼ਨ ਦੇ, ਚੰਗੀਆਂ ਗੱਲਾਂ, ਮਾੜੀਆਂ ਗੱਲਾਂ ਹਰ ਚੀਜ਼ ਸਾਡੇ ਮਨ ਦੇ ਉਤੇ ਅਸਰ ਪਾਉਂਦੀ ਹੈ, ਉਸ ਤੇ ਕੋਈ ਪ੍ਰਮੇਸ਼ਰ ਦਾ ਭਜਨ ਤਾਂ ਆਉਂਦਾ ਨਹੀਂ, ਮਨ ਨੂੰ ਖਿੰਡਾਉਣ ਵਾਲੀਆਂ ਚੀਜ਼ਾਂ ਆਉਂਦੀਆਂ ਹਨ। ਸੋ ਅਸੀਂ ਖਿੰਡ ਰਹੇ ਹਾਂ, ਸਾਨੂੰ ਜੁੜਨਾ ਬੜਾ ਔਖਾ ਹੈ। ਸਤਿਸੰਗ ਸਾਥ ਦਿੰਦੀ ਹੈ ਜੇ ਉਥੇ ਆ ਕੇ ਮਨ ਸਾਥ ਦੇਵੇ, ਮਨ ਨਾਲ ਆ ਜਾਵੇ ਸਿਆਣਿਆਂ ਦਾ ਮੱਤ ਹੈ ਕਿ 10% ਮਨ ਨਾਲ ਆਉਂਦਾ ਹੈ 90% ਘਰ ਰਹਿ ਜਾਂਦਾ ਹੈ। ਜਿਹੜਾ 10% ਮਾੜਾ ਮੋਟਾ ਵਿਚ ਹੁੰਦਾ ਹੈ 90% ਉਸ ਨੂੰ ਫੇਰ ਦੱਬ ਲੈਂਦਾ ਹੈ। ਇਥੋਂ ਜੋੜੇ ਪਾਉਂਦੇ ਹੀ ਉਸਦੇ ਵਿਚ ਫੇਰ ਉਹ ਗੱਲਾਂ ਸ਼ੁਰੂ ਹੋ ਜਾਂਦੀਆਂ ਨੇ। ਸੋ ਮਨ ਨੂੰ ਅਸੀਂ ਮਨਾ ਲਈਏ, ਮਨ ਮੰਨ ਜਾਵੇ ਫੇਰ ਕਾਰਜ ਸਿੱਧ ਹੋ ਜਾਇਆ ਕਰਦਾ ਹੈ। ਸੋ ਇਹ ਚੀਜ਼ ਜੋ ਮਹਾਰਾਜ ਜੀ ਨੇ ਇਸ ਸ਼ਬਦ 'ਚ ਦੱਸੀ ਹੈ ਕਿ ਮਨ ਦੇ ਪਿੱਛੇ ਲੱਗਣ ਵਾਲੇ ਜਿਹੜੇ ਮਨਮੁਖ ਨੇ ਉਹ ਨਾਮ ਦੀ ਮਹਿਮਾ ਨੂੰ ਨਾ ਜਾਣ ਕੇ ਆਪਣਾ ਜਨਮ-ਬਰਬਾਦ ਕਰਕੇ ਤੁਰ ਜਾਂਦੇ ਨੇ। ਨਾਮ ਹਰ ਬੰਦੇ ਦੇ ਅੰਦਰ ਹੈ ਕਿਤੋਂ ਬਾਹਰੋਂ ਨਹੀਂ ਆਉਂਦਾ ਲੇਕਿਨ ਉਥੇ ਤੱਕ ਪਹੁੰਚਣਾ ਮੁਸ਼ਕਲ ਹੈ। ਜੁਗਤ ਤੋਂ ਬਗੈਰ ਉਥੇ ਪਹੁੰਚਿਆ ਨਹੀਂ ਜਾਂਦਾ – ਲਗਾਤਾਰ ਸੰਗਤ ਹੋਵੇ, ਮਹਾਂਪੁਰਸ਼ਾਂ ਦਾ ਪਿਆਰ ਹੋਵੇ ਫੇਰ ਉਨ੍ਹਾਂ ਦੇ ਬਚਨਾਂ ਨੂੰ ਮੰਨਦਾ ਹੋਵੇ ਤੇ ਆਹਿਸਤਾ-ਆਹਿਸਤਾ ਬਚਨਾਂ ਦੀ ਕਮਾਈ ਕਰਕੇ ਅੰਦਰ ਖੋਜਦਾ-ਖੋਜਦਾ ਨਾਮ ਦੇ ਮੰਡਲ ਤੱਕ ਪਹੁੰਚ ਜਾਂਦਾ ਹੈ। ਨਾਮ ਦੇ ਮੰਡਲ ਵਿਚ ਜਾਣ ਦੀ ਦੇਰ ਹੈ, ਉਸੇ ਵੇਲੇ ਕਣ-ਕਣ ਪਵਿੱਤਰ ਹੋ ਜਾਂਦਾ ਹੈ।

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ – ੩੭੪*

ਸੋ ਮਹਾਰਾਜ ਜੀ ਕ੍ਰਿਪਾ ਕਰੇ ਸਾਡੇ ਤੇ...., ਇਕ ਕ੍ਰਿਪਾ ਤਾਂ ਉਸ ਨੇ ਸਾਡੇ ਤੇ ਕਰ ਦਿਤੀ ਕਿ ਅੰਮ੍ਰਿਤ ਵੇਲੇ ਦੀ ਜਾਗ ਤੇ ਸਾਨੂੰ ਹਰੀ ਦਾ ਜਸ ਇਕ ਵਾਰੀ ਦੋ ਵਾਰੀ, ਪੰਜ ਵਾਰੀ ਸੁਣਨ ਦਾ ਸੁਭਾਗ ਸਾਨੂੰ ਬਖਸ਼ ਦਿਤਾ। ਸੋ ਅੰਮ੍ਰਿਤ ਵੇਲੇ ਦਾ ਫਲ ਮਹਾਨ ਹੋਇਆ ਕਰਦਾ ਹੈ, ਬ੍ਰਹਮ ਮਹੂਰਤ ਦਾ, ਸੈਂਕੜੇ ਗੁਣਾਂ ਨਹੀਂ ਲੱਖਾਂ ਗੁਣਾਂ ਜ਼ਿਆਦੇ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਕੇਵਲ ਇਸ਼ਨਾਨ ਦਾ ਮਹਾਤਮਾ ਦੱਸਿਆ ਹੈ ਕਿ ਜੋ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਕੇ ਸਿਮਰਨ ਕਰਦਾ ਹੈ ਉਸਨੂੰ ਸਵਾ ਮਣ ਸੋਨਾ ਦਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਉਸ ਤੋਂ ਦੋ ਘੜੀਆਂ ਬਾਅਦ ਕਰਦਾ ਹੈ ਤਾਂ ਸਵਾ ਮਣ ਚਾਂਦੀ ਦਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਸੋ ਜਿਹੜਾ ਨਾਮ ਜਪਦਾ ਹੈ ਉਸਨੂੰ ਕਿੰਨਾ ਫਲ ਹੈ ਉਸਦਾ ਕਿਹਾ ਹੀ ਨਹੀਂ ਜਾ ਸਕਦਾ, ਪਰ ਨਾਮ ਅੰਦਰ ਆ ਜਾਵੇ, ਬਿਰਤੀਆਂ ਸਾਰੀਆਂ ਇਕਾਗਰ ਹੋ ਜਾਣ, ਮਨ ਦਾ ਨੱਠਣਾ ਹਟ ਜਾਵੇ, ਸ਼ਬਦ ਦੇ ਵਿਚ ਸੁਰਤ ਜੁੜ ਜਾਵੇ ਫੇਰ ਸ਼ਬਦ ਸੁਰਤ ਨੂੰ ਖਿੱਚ ਕੇ ਉਸ ਥਾਂ ਤੇ ਲੈ ਜਾਂਦਾ ਹੈ ਜਿਸ ਥਾਂ ਤੇ ਸ਼ਬਦ ਦਾ ਨਿਵਾਸ ਹੈ। ਸ਼ਬਦ ਏਕੰਕਾਰ ਵਿਚ ਸੀ before the creation of Universe there was Logos that was with in God. ਉਹ ਵਾਹਿਗੁਰੂ ਦੇ ਵਿਚ ਹੈ, ਵਾਹਿਗੁਰੂ ਦਾ ਤੇ ਸ਼ਬਦ ਦਾ ਕੋਈ ਫਰਕ ਨਹੀਂ ਹੈ, ਦੋਵੇਂ ਇਕ-ਮਿੱਕ ਨੇ –

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਜਿਹੜਾ 'ਓਅੰਕਾਰ' ਸ਼ਬਦ ਕਿਹਾ ਉਹ ਧੁਨ ਸਾਰੇ ਸੰਸਾਰ ਵਿਚ ਹੈ। ਉਹ ਧੁਨ ਜਿਹੜੀ ਹੈ, ਉਸ ਤੋਂ ਹੀ ਬ੍ਰਹਮ ਆਦਿ ਦੀ ਉਤਪਤੀ ਹੋਈ –

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥ ਅੰਗ – ੯੨੯*

ਉਹ ਨਾਮ ਅੰਦਰ ਹੈ ਸਾਡੇ ਉਥੇ ਤੱਕ ਸਾਡਾ ਪਹੁੰਚਣਾ ਬਹੁਤ ਜ਼ਰੂਰੀ ਹੈ। ਜਦੋਂ ਨਾਮ ਤੱਕ ਪਹੁੰਚ ਗਏ ਬਿਬੇਕ ਬਿਰਤੀ ਵਿਚ ਗਿਆਨ ਦਾ ਸੂਰਜ ਉਦੈ ਹੋ ਜਾਂਦਾ ਹੈ। ਉਸ ਵੇਲੇ ਭਰਮ ਮਿਟ ਜਾਂਦੇ ਨੇ, ਆਪਣੇ ਸਰੂਪ ਦਾ ਗਿਆਨ ਹੋ ਕੇ ਜੰਮਣ ਮਰਨ ਦਾ ਚੱਕਰ ਹਟ ਜਾਂਦਾ ਹੈ।

**ਵਾਹਿਗੁਰੂ ਜੀ ਕਾ ਖਾਲਸਾ,**
**ਵਾਹਿਗੁਰੂ ਜੀ ਕੀ ਫਤਹਿ।**

# ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

**ਸਤਿਨਾਮ ਸ੍ਰੀ ਵਾਹਿਗੁਰੂ**

***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - ੨੫੬*

***ਧਾਰਨਾ - ਅੰਮ੍ਰਿਤ ਹਰਿ ਨਾਮ ਦੀ,***
***ਦੇ ਦੇਈਂ ਇਕ ਬੂੰਦ ਮਾਲਕਾ।***

*ਹਮਾਰੈ ਏਹ ਕਿਰਪਾ ਕੀਜੈ ॥*
*ਅਲਿ ਮਕਰੰਦ ਚਰਨ ਕਮਲ ਸਿਉ*
*ਮਨੁ ਫੇਰਿ ਫੇਰਿ ਰੀਝੈ ॥੧॥ ਰਹਾਉ ॥*
*ਆਨ ਜਲਾ ਸਿਉ ਕਾਜੁ ਨ ਕਛੂਐ*
*ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥੧॥*
*ਬਿਨੁ ਮਿਲਬੇ ਨਾਹੀ ਸੰਤੋਖਾ*
*ਪੇਖਿ ਦਰਸਨੁ ਨਾਨਕੁ ਜੀਜੈ ॥੨॥੧॥*

***ਅੰਗ - ੧੩੨੧***

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ*
*ਹੈ ਦੇਖਿ ਦਰਸੁ ਅਘਾਵੈ ॥*

***ਅੰਗ - ੭੦੮***

***ਧਾਰਨਾ - ਮਹਿਮਾ ਹਰਿ ਨਾਮ ਦੀ***
***ਸੰਤਾਂ ਦੇ ਹਿਰਦੇ ਵਸਦੀ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਪਿਛਲਾ ਇਕ ਮਹੀਨਾ ਲੰਘ ਚੁੱਕਿਆ ਹੈ ਕਿ ਚਾਤ੍ਰਿਕ ਇਕ ਬੂੰਦ ਦੇ ਇੰਤਜ਼ਾਰ ਦਿਨ ਰਾਤ ਬੋਲਦਾ ਰਹਿੰਦਾ ਹੈ, ਕਿਉਂਕਿ ਉਹ ਬੂੰਦ ਉਸਦੀ ਜ਼ਿੰਦਗੀ ਹੈ, ਉਹਨੂੰ ਹੋਰ ਕਿਸੇ ਨਾਲ ਕੋਈ ਕੰਮ ਨਹੀਂ ਹੈ -

***ਆਨ ਜਲਾ ਸਿਉ ਕਾਜੁ ਨ ਕਛੂਐ***
***ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥***

***ਅੰਗ - ੧੩੨੧***

ਜਿਨ੍ਹਾਂ ਚਿਰ ਨਹੀਂ ਮਿਲਦੀ -

***ਬਿਨੁ ਮਿਲਬੇ ਨਾਹੀ ਸੰਤੋਖਾ***
***ਪੇਖਿ ਦਰਸਨੁ ਨਾਨਕੁ ਜੀਜੈ ॥੨॥੧॥***

***ਅੰਗ - ੧੩੨੧***

ਜਿੰਨਾ ਚਿਰ ਮਿਲਦੀ ਨਹੀਂ ਓਨਾ ਚਿਰ ਮਨ ਵਿਚ ਸੰਤੋਖ ਨਹੀਂ ਆਉਂਦਾ। ਇਸੇ ਤਰ੍ਹਾਂ ਦੇ ਨਾਲ ਜੋ ਜਗਿਆਸੂ ਰੂਪ ਚਾਤ੍ਰਿਕ ਹੈ, ਉਹਦੀ ਵੀ ਅਰਦਾਸ ਹੈ ਕਿ ਹੇ ਪ੍ਰਭੂ ਮੇਰੇ ਉਪਰ ਕ੍ਰਿਪਾ ਕਰ, ਜਿਸ ਤਰ੍ਹਾਂ ਦੇ ਨਾਲ ਭੌਰਾ ਜੋ ਹੈ ਫੁੱਲ ਦੇ ਅੰਦਰ ਮਸਤ ਹੋ ਜਾਂਦਾ ਹੈ ਤੇ ਉਹਦਾ ਮਨ ਫੇਰ-ਫੇਰ, ਬਾਰ-ਬਾਰ ਰੀਝਦਾ ਹੈ, ਨਿਕਲਦਾ ਨਹੀਂ ਹੈ, ਫੁੱਲ ਬੰਦ ਹੋ ਜਾਂਦਾ ਹੈ, ਵਿਚੇ ਹੀ ਖਤਮ ਹੋ ਜਾਂਦਾ ਹੈ। ਚਾਤ੍ਰਿਕ ਦਿਨ ਰਾਤ ਪਾਣੀ ਦੀ ਉਡੀਕ ਦੇ ਅੰਦਰ, ਇਕ ਬੂੰਦ ਦੀ ਉਡੀਕ ਦੇ ਅੰਦਰ ਜਿਸਨੂੰ ਸ੍ਵਾਂਤੀ ਬੂੰਦ ਆਖਦੇ ਨੇ, ਉਸਦਾ ਇੰਤਜ਼ਾਰ ਕਰ ਰਿਹਾ ਹੈ ਤੇ ਉਹਦੇ ਵਾਸਤੇ ਅਰਦਾਸ ਕਰ ਰਿਹਾ ਹੈ। ਉਸਨੂੰ ਕਦਰ ਹੈ ਉਸ ਬੂੰਦ ਦੀ, ਸਾਨੂੰ ਨਹੀਂ ਪਤਾ ਕਿ ਓਸ ਬੂੰਦ ਦੇ ਅੰਦਰ ਕੀ ਚੀਜ਼ ਹੈ। ਭੌਰੇ ਵਾਲੀ ਬਿਰਤੀ ਸਾਡੀ ਨਹੀਂ ਹੈ, ਮੱਛੀ ਵਾਲੀ ਬਿਰਤੀ ਸਾਡੇ ਨਹੀਂ ਹੈ। ਮੱਛੀ ਦਾ ਜੀਵਨ ਪਾਣੀ ਹੈ -

***ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ - ੯***

ਕੋਈ ਵਿਰਲਾ ਹੈ ਜਿਸਦਾ ਜੀਵਨ 'ਨਾਮ' ਹੈ। ਉਹ 'ਨਾਮ' ਉਹਦੇ ਹਿਰਦੇ 'ਚ ਵਸਦਾ ਹੈ ਜਿਸਦੇ ਹਿਰਦੇ ਅੰਦਰ ਨਾਮ ਦੀ ਮਹਿਮਾ ਦੀ ਕਦਰ ਹੈ। ਸੰਸਾਰ ਨੂੰ ਨਹੀਂ ਪਤਾ, ਸੰਸਾਰ ਫਸਿਆ ਪਿਆ ਹੈ। ਮਾਇਆ ਨੇ ਦ੍ਰਿਸ਼ਟਮਾਨ ਦੇ ਅੰਦਰ ਧੀਆਂ, ਪੁੱਤਰ, ਪੈਸੇ-ਟਕੇ, ਪ੍ਰਭਤਾ ਹੋਰ ਜੋ ਕੁਛ ਨਜ਼ਰ ਆਉਂਦਾ ਹੈ ਇਹਦੇ ਪਿਆਰ ਦੇ ਅੰਦਰ, ਜਾਲ ਦੇ ਅੰਦਰ ਜੀਵ ਫਸਿਆ ਪਿਆ ਹੈ ਤੇ ਇਹਨੂੰ ਕੋਈ ਨਿਕਲਣ ਦਾ ਰਸਤਾ ਨਹੀਂ ਲੱਭਦਾ। ਕਿਉਂਕਿ ਚੋਗ ਪਾਇਆ ਹੋਇਆ ਹੈ। ਪਹਿਲਾਂ ਜਾਲ ਵਿਛਾ ਕੇ, ਪਹਿਲਾਂ ਚੋਗ ਵਿਛਾਇਆ ਉਹਦੇ ਉਤੇ ਜਾਲ ਲਾ ਦਿਤਾ ਤੇ ਤ੍ਰਿਸ਼ਨਾ ਰੂਪ ਪੰਖੀ ਇਹਦੇ ਉਤੇ ਆ ਕੇ ਚੋਗ ਚੁਗਣ ਲੱਗਿਆ ਤੇ ਜਾਲ ਦੇ ਵਿਚ ਫਸ ਗਿਆ। ਹੁਣ ਕੋਈ ਕੱਢ ਨਹੀਂ ਸਕਦਾ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ-

***ਧਾਰਨਾ - ਪਿਆਰੇ ਭੀਤਰ ਚੋਗ ਬਣਾਏ,***
***ਲਾਇਆ ਜਾਲ ਮਾਇਆ ਨੇ।***

ਮਨੁੱਖ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਆਪਣੇ ਆਪ ਨੂੰ ਦੁਖਾਂ ਤੋਂ ਛੁਡਾ ਕੇ ਪਰਮ ਪਦ ਦੀ ਪ੍ਰਾਪਤੀ ਕਰਨ ਵਾਸਤੇ ਸੰਸਾਰ ਦੇ ਅੰਦਰ ਬੜੇ ਵਾਅਦੇ ਕਰਨ ਤੋਂ ਬਾਅਦ ਜਨਮ ਲਿਆ ਏਸ ਨੇ। ਲੇਕਿਨ ਮਹਾਰਾਜ ਕਹਿੰਦੇ ਕਰਿਆ ਕੀ ਜਾਵੇ-

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥***
***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥***
***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ - ੨੫੧***

ਮਾਇਆ ਮੋਹਣੀ ਹੈ, ਮੋਹਦੀ ਕਿਵੇਂ ਹੈ? ਛੋਟੇ ਜਿਹੇ

ਬੱਚੇ ਨੂੰ ਮੋਹ ਲੈਂਦੀ ਹੈ, ਪ੍ਰਮੇਸ਼ਰ ਦੇ ਨਾਲੋਂ ਬੱਚੇ ਦੀ ਬਿਰਤੀ ਟੁੱਟ ਗਈ, ਜਦੋਂ ਮਾਂ ਦੇ ਪੇਟ ਵਿਚ ਸੀ ਓਸ ਵੇਲੇ ਇਹਨੂੰ ਸ਼ਬਦ ਦੀ ਧੁਨ ਸੁਣਾਈ ਦਿੰਦੀ ਸੀ, ਉਹ ਧੁਨ ਦੇ ਨਾਲ ਐਨਾ ਪਰਚਿਆ ਹੋਇਆ ਸੀ ਕਿ ਇਸਨੂੰ ਸੌ ਜਨਮ ਦਾ ਗਿਆਨ ਸੀ। ਬਾਰ-ਬਾਰ ਬੇਨਤੀਆਂ ਕਰਦਾ ਸੀ ਕਿ ਹੇ ਪ੍ਰਭੂ! ਹੁਣ ਮੈਂ ਐਸ ਜਨਮ ਦੇ ਅੰਦਰ ਇਕ ਸਕਿੰਟ ਵਾਸਤੇ ਵੀ ਤੇਰਾ ਨਾਮ ਨਹੀਂ ਭੁੱਲਾਂਗਾ। ਗੱਲਾਂ ਅਸੀਂ ਰੋਜ਼ ਸੁਣਦੇ ਹਾਂ ਪਰ ਹਿਰਦੇ 'ਚ ਨਹੀਂ ਪਹੁੰਚਦੀਆਂ, ਉਤੇ-ਉਤੇ ਰਹਿ ਜਾਂਦੀਆਂ ਨੇ। ਕਿਉਂ? ਮਾਇਆ ਦੇ ਜਾਲ ਵਿਚ ਫਸੇ ਹੋਏ ਹਾਂ, ਸੁਰਤ ਭੁੱਲੀ ਹੋਈ ਹੈ ਸਾਡੀ। ਸੋਝੀ ਨਹੀਂ ਆ ਰਹੀ। ਨਾ ਆਉਣ ਦੇ ਨਾਲ ਗੱਲ ਦਾ ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ, ਹੋਇਆ ਕੀ? ਆਇਆ ਤਾਂ ਸੀ ਪ੍ਰਮੇਸ਼ਰ ਨੂੰ ਪ੍ਰਾਪਤ ਕਰਨ ਵਾਸਤੇ। ਨਾਮ ਦੇ ਵਿਚ ਲਗਣ ਵਾਸਤੇ। ਲੇਕਿਨ ਮਾਇਆ ਨੇ ਜਾਲ ਪਾ ਲਿਆ। ਇਕ ਨਿੱਕੇ ਜਿਹੇ ਬੱਚੇ ਦੇ ਉਤੇ ਹੀ ਜਾਲ ਪੈ ਜਾਂਦਾ ਹੈ। ਦੋ ਤਿੰਨ ਦਿਨ ਦਾ ਬੱਚਾ ਹੁੰਦਾ ਹੈ ਉਦੋਂ ਹੀ ਜਾਲ ਪੈਣਾ ਸ਼ੁਰੂ ਹੋ ਜਾਂਦਾ ਹੈ। ਉਸ ਤੋਂ ਵੀ ਪਹਿਲਾਂ ਹੋ ਜਾਂਦਾ ਹੈ। ਜੇ ਕੋਈ ਸਾਡੇ ਕੋਲ ਜੰਤਰ ਹੋਣ, ਬੱਚੇ ਦਾ ਦਿਮਾਗ ਪੜ੍ਹਨ ਵਾਲੇ, ਪਤਾ ਲੱਗ ਜਾਏਗਾ ਕਿ ਕਿਸ ਤਰ੍ਹਾਂ ਦੇ ਨਾਲ 'ਨਾਮ' ਨਾਲੋਂ ਟੁੱਟ ਰਿਹਾ ਹੈ ਤੇ ਕਿਸ ਤਰ੍ਹਾਂ ਮਾਇਆ ਦੇ ਜਾਲ ਵਿਚ ਫਸ ਰਿਹਾ ਹੈ।

***ਪਹਿਲੈ ਪਿਆਰਿ ਲਗਾ ਥਣ ਦੁਧਿ ॥***
***ਦੂਜੈ ਮਾਇ ਬਾਪ ਕੀ ਸੁਧਿ ॥ ਅੰਗ - ੧੩੭***

ਪਹਿਲਾ ਜਾਲ ਪੈ ਗਿਆ ਖਾਣ ਦਾ ਦੁੱਧ ਦਾ, ਦੂਜਾ ਮਾਂ-ਬਾਪ ਦੀ ਸੋਝੀ ਆਉਣ ਲਗ ਜਾਂਦੀ ਹੈ। ਆਪਣੇ-ਆਪਣੇ ਲਗਣ ਲਗ ਜਾਂਦੇ ਨੇ ਜਿੰਨੇ ਨੇੜੇ ਰਹਿੰਦੇ ਨੇ।

***ਤੀਜੈ ਭਯਾ ਭਾਭੀ ਬੇਬ ॥***
***ਚਉਥੈ ਪਿਆਰਿ ਉਪੰਨੀ ਖੇਡ ॥ ਅੰਗ - ੧੩੭***

ਪਰਿਵਾਰ ਦੇ ਮੈਂਬਰ ਜਿੰਨ ਨੇ ਉਨ੍ਹਾਂ ਨੂੰ ਦੇਖ-ਦੇਖ ਕੇ ਪਛਾਣਦਾ ਹੈ। ਥੋੜ੍ਹੀ ਜਿਹੀ ਸੁਰਤ ਆ ਜਾਂਦੀ ਹੈ, ਪੰਜ ਛੇ ਮਹੀਨੇ, ਸੱਤ-ਅੱਠ ਮਹੀਨੇ ਦਾ ਹੋ ਜਾਂਦਾ ਹੈ, ਉਨ੍ਹਾਂ ਦੀ ਗੋਦੀ 'ਚ ਜਾਏਗਾ ਦੂਸਰੇ ਦੀ 'ਚ ਨਹੀਂ ਜਾਏਗਾ। ਮਾਇਆ ਦਾ ਜਾਲ ਹੌਲੀ-ਹੌਲੀ ਪੈਂਦਾ ਜਾਂਦਾ ਹੈ।

***ਪੰਜਵੈ ਖਾਣ ਪੀਅਣ ਕੀ ਧਾਤੁ ॥***
***ਛਿਵੈ ਕਾਮੁ ਨ ਪੁਛੈ ਜਾਤਿ ॥***
***ਸਤਵੈ ਸੰਜਿ ਕੀਆ ਘਰ ਵਾਸੁ ॥***
***ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ - ੧੩੭***

ਕਾਮਨਾ ਦੇ ਵਿਚ ਪੈ ਗਿਆ, ਕਾਰੋਬਾਰ ਦੇ ਵਿਚ ਫਸ ਗਿਆ, ਖਾਣ ਪੀਣ ਦੇ ਵਿਚ ਫਸ ਗਿਆ, ਜਾਲ ਪੈਂਦਾ ਤੁਰਿਆ ਜਾਂਦਾ ਹੈ, ਇਕ ਜਾਲ, ਦੋ ਜਾਲ, ਤਿੰਨ ਜਾਲ, ਚਾਰ ਜਾਲ। ਮਹਾਰਾਜ ਕਹਿੰਦੇ, ਅੱਠ ਜਾਲ ਪੈ ਜਾਂਦੇ ਨੇ ਇਹਦੇ ਉਤੇ। ਸੱਤਵਾਂ ਜਾਲ ਜਦੋਂ ਇਹਦੇ ਉਤੇ ਪੈਂਦਾ ਹੈ ਤਾਂ ਫੇਰ ਕਹਿੰਦਾ ਹੈ ਕਿ ਮੈਂ ਹੁਣ ਜੋੜਾਂ। ਉਮਰ ਹੋ ਜਾਂਦੀ ਹੈ ਸੱਠ ਸਾਲ ਦੀ। ਸੱਤਰ ਸਾਲ ਦੀ ਹੋ ਜਾਂਦੀ ਹੈ, ਕਹਿੰਦਾ ਹੁਣ ਜੋੜਾਂ, ਹੁਣ। ਮੈਨੂੰ ਹੁਣ ਢੰਗ ਆਇਆ ਹੈ। ਹੁਣ ਕਰੇਂਗਾ ਕੀ ਜੋੜ-ਜੋੜ ਕੇ? ਜਿਹੜਾ ਜੋੜਨਾ ਸੀ ਉਹਦੇ ਵਲ ਤੇਰਾ ਧਿਆਨ ਨਹੀਂ ਗਿਆ। ਇਹ ਤਾਂ ਮਿੱਟੀ ਪਈ ਹੈ -

***ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥***
***ਅੰਗ - ੧੩੮੦***

ਚਾਹੇ ਧਰਤੀ ਖਰੀਦ ਲੈ, ਚਾਹੇ ਇੰਡਸਟਰੀਆਂ ਖਰੀਦ ਲੈ। ਚਾਹੇ ਕੋਠੀਆਂ ਬਣਾ ਲੈ ਮਿੱਟੀ ਇਕੱਠੀ ਕਰਦਾ ਹੈਂ ਤੂੰ। ਸੁਰਤ ਨਹੀਂ ਆਉਂਦੀ ਤੈਨੂੰ ਨਾਮ ਜਪਣ ਦੀ। ਤੂੰ ਛੱਡ ਕੇ ਹੀ ਚਲੇ ਜਾਣਾ ਹੈ। ਜਾਲ ਪੈ ਰਿਹਾ ਹੈ ਮਹਾਰਾਜ ਕਹਿੰਦੇ। ਫੇਰ ਜਦੋਂ ਕੋਈ ਮੰਨਦਾ ਨਹੀਂ ਹੈ, ਬਣਾ ਲੈਂਦਾ ਹੈ, ਬੱਚੇ ਕੀ ਕਹਿੰਦੇ ਨੇ ਕਿ ਤੂੰ ਆਪਣੇ ਵਾਸਤੇ ਕਰਦਾ ਹੈਂ, ਸਾਡੇ ਵਾਸਤੇ ਥੋੜ੍ਹਾ ਕਰਨਾ ਹੈ। ਤੈਨੂੰ ਹੋਣਾ ਹੈ ਕੁੱਛ, ਸਾਡੀ ਤਾਂ ਕਿਸਮਤ ਲੈ ਕੇ ਆਇਆ ਹੈਂ। ਉਹ ਸਾਰਾ ਹੀ ਉਹਦਾ ਕੀਤਾ ਕਤਰਿਆ ਨਾ-ਸ਼ੁਕਰਿਆਂ ਦੇ ਹੱਥ ਵਿਚ ਆ ਜਾਂਦਾ ਹੈ। ਕਹਿੰਦੇ ਨੇ ਨਾ ਕਰ ਤੈਨੂੰ ਕੌਣ ਕਹਿੰਦਾ ਹੈ ਕਿ ਔਖਾ ਹੋ। ਆਪੇ ਹੀ ਔਖਾ ਹੋਇਆ ਦਿਨ ਰਾਤ ਤੁਰਿਆ ਫਿਰਦਾ ਹੈਂ। ਫੇਰ ਉਹਨੂੰ ਕ੍ਰੋਧ ਆਉਂਦਾ ਹੈ ਕਿ ਮੇਰਾ ਕਹਿਣਾ ਨਹੀਂ ਮੰਨਦੇ। ਮੈਂ ਜਿਵੇਂ ਪੈਸੇ ਦੀਆਂ ਵਿਉਂਤਾਂ ਇਨ੍ਹਾਂ ਨੂੰ ਦੱਸਦਾ ਹਾਂ, ਉਹ ਕਰਦੇ ਨਹੀਂ ਹਨ। ਬੱਚਿਆਂ ਦਾ ਆਪਣਾ ਦਿਮਾਗ, ਉਹ ਹੋਰ ਥਾਂ ਫਿਰਦੇ ਨੇ ਇਹ ਹੋਰ ਥਾਂ ਫਿਰਦਾ ਹੈ। ਉਮਰ ਦੇ ਨਾਲ ਫਰਕ ਪਿਆ ਹੋਇਆ ਹੈ। ਜਣੇ ਖਣੇ ਨਾਲ ਫੇਰ ਲੜਦਾ ਹੈ, ਹਰ ਗੱਲ 'ਚ ਖਿਝਿਆ ਰਹਿੰਦਾ ਹੈ, ਕਹਿੰਦੇ ਫੇਰ ਨਤੀਜਾ ਕੀ ਹੁੰਦਾ ਹੈ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥***
***ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - ੯੩੨***

ਇਹ ਕ੍ਰੋਧ ਫੇਰ ਕਾਇਆ ਨੂੰ ਗਾਲਣਾ ਸ਼ੁਰੂ ਕਰ ਦਿੰਦਾ ਹੈ। ਜਿਵੇਂ ਸੋਨਾ ਢਲਦਾ ਹੈ ਨਾ ਸੁਹਾਗਾ ਪਾਉਣ ਤੇ, ਐਉਂ ਫੇਰ ਇਹ ਕ੍ਰੋਧ ਵਿਚ ਰਹਿੰਦਾ ਹੈ ਹਰ ਵਕਤ। ਖੁਸ਼ੀ ਜਾਂਦੀ ਰਹਿੰਦੀ ਹੈ, ਪੈਸਾ ਬੇਅੰਤ ਜੁੜਦਾ ਹੈ, ਪਰ ਮੱਥੇ ਦੇ ਉਤੇ ਤਿਊੜੀਆਂ ਵਧਦੀਆਂ ਰਹਿੰਦੀਆਂ ਨੇ। ਝੁੰਝਲਾਹਟ ਵਧਦੀ ਹੈ। ਫੇਰ ਅੱਗੇ ਅਵਸਥਾ ਲੰਘ ਜਾਂਦੀ ਹੈ 90 ਦੇ ਕਰੀਬ।

***ਨਾਵੈ ਧਉਲੇ ਉਭੇ ਸਾਹ ॥***
***ਦਸਵੈ ਦਧਾ ਹੋਆ ਸੁਆਹ ॥ ਅੰਗ - ੧੩੭***

ਧੌਲੇ ਆ ਗਏ, ਰੰਗ-ਰੰਗ ਕੇ ਕੋਸ਼ਿਸ਼ ਕਰਦਾ ਹੈ ਕਿ ਮੈਂ ਜੁਆਨ ਦਿਖਾਈ ਦੇਵਾਂ, ਕਿਤੇ ਮੈਨੂੰ ਬੁੱਢਾ ਨਾ ਕਹਿ ਦੇਣ। ਕਹਿੰਦੇ, ਤੇਰੇ ਰੰਗ ਨੇ ਤੇਰੇ ਨਾਲ ਨਹੀਂ ਜਾਣਾ, ਤੇਰੇ ਜਿਹੜੇ ਨਾਲ ਜੰਮੇ ਸੀ -

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਅੰਗ - ੧੩੮੧***

ਕੰਨਾਂ ਤੋਂ ਸੁਣ ਨਹੀਂ ਹੁੰਦਾ, ਅੱਖਾਂ ਤੋਂ ਦੇਖ ਨਹੀਂ ਹੁੰਦਾ ਚੰਗੀ ਤਰ੍ਹਾਂ ਦੇ ਨਾਲ। ਜੀਭ ਤੋਂ ਬੋਲ ਨਹੀਂ ਹੁੰਦਾ। ਪੈਰ ਨੱਠਦੇ ਭੱਜਦੇ ਨਹੀਂ ਜਿੰਨਾ ਜਵਾਨੀ 'ਚ ਭੱਜਦੇ ਸੀ, ਹੱਥ ਐਨਾ ਕੰਮ ਨਹੀਂ ਕਰ ਸਕਦੇ। ਉਹ ਤਾਂ ਜਾਈ ਜਾਂਦੇ ਨੇ

ਤੂੰ ਕੀਹਨੂੰ ਧੋਖਾ ਦਿੰਦਾ ਹੈਂ। ਉਹ ਤਾਂ ਚਲੇ ਜਾ ਰਹੇ ਨੇ –

*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥*

*ਅੰਗ – ੧੩੮੧*

ਤੈਨੂੰ ਵਾਰਨਿੰਗ ਦਿੱਤੀ ਸੀ –

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥*

*ਅੰਗ – ੧੩੭੮*

ਤੈਨੂੰ ਤਾਂ ਵਾਰਨਿੰਗ ਆਈ ਸੀ ਕਿ ਹੁਣ ਭਜਨ ਕਰ ਲੈ, ਚਿੱਟੇ ਵਾਲ ਹੋ ਗਏ। ਲੇਕਿਨ ਭਜਨ ਦੀ ਥਾਂ ਤੇ ਦੁਨੀਆਂ ਨਾਲ ਹੋਰ ਫਸਦਾ ਹੈ। ਕਿਉਂਕਿ ਜਾਲ ਪਿਆ ਹੋਇਆ ਹੈ ਮਾਇਆ ਦਾ।

ਮਹਾਰਾਜ ਕਹਿੰਦੇ, ਪ੍ਰੇਮੀਆ! ਤੂੰ ਮੈਨੂੰ ਵੀ ਮੱਥਾ ਟੇਕਦਾ ਹੈ? ਕੀ ਮੰਨਦਾ ਹੈ?

ਕਹਿੰਦਾ, ਮੈਂ ਤਾਂ ਤੁਹਾਨੂੰ ਗੁਰੂ ਮੰਨਦਾ ਹਾਂ।

ਕਹਿੰਦੇ, ਗੁਰੂ ਕਾਹਦੇ ਵਾਸਤੇ ਮੰਨਦਾ ਹੈਂ, ਮੱਥਾ ਟੇਕਣ ਵਾਸਤੇ, ਰੁਮਾਲੇ ਚੜ੍ਹਾਉਣ ਵਾਸਤੇ ਤੇ ਤੇਰੇ ਤੋਂ ਮੰਗਣ ਵਾਸਤੇ।

ਕੀ ਮੰਗਦਾ ਹੈਂ?

ਕਹਿੰਦਾ, ਦੁਨੀਆਂ। ਮੇਰਾ ਪੁੱਤਰ ਪਾਸ ਹੋ ਜਾਏ, ਮੇਰਾ ਸਰੀਰ ਠੀਕ ਹੋ ਜਾਏ, ਮੈਨੂੰ ਔਹ ਮਿਲ ਜਾਏ ਮੈਨੂੰ ਆਹ ਮਿਲ ਜਾਏ। ਕਹਿੰਦੇ, ਫੇਰ ਮੇਰੀ ਗੱਲ ਤਾਂ ਨਹੀਂ ਤੂੰ ਮੰਨ ਰਿਹਾ। ਮੈਂ ਤਾਂ ਤੈਨੂੰ ਕਹਿ ਨਹੀਂ ਰਿਹਾ ਕਿ ਇਹ ਚੀਜ਼ਾਂ ਮੰਗ ਮੇਰੇ ਤੋਂ। ਮੈਂ ਬੰਦੇ ਨੂੰ ਐਉਂ ਦੱਸਦਾ ਹਾਂ ਕਿ ਇਕ ਚੀਜ਼ ਮੰਗ ਲੈ ਸਾਰੀਆਂ ਚੀਜ਼ਾਂ ਉਹਦੇ ਪਿੱਛੇ ਆ ਜਾਣਗੀਆਂ।

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ – ੬੪੯*

ਤੂੰ ਨਾਮ ਨੂੰ ਹਿਰਦੇ 'ਚ ਵਸਾ ਲੈ। ਨਾਮ ਦਾ ਇਹਨੂੰ ਗਿਆਨ ਨਹੀਂ ਹੈ, ਨਾ ਹੀ ਸਾਰੀ ਜ਼ਿੰਦਗੀ ਸਤਿਸੰਗ ਸੁਣ ਕੇ ਇਸ ਗੱਲ ਦੇ ਵਿਚ ਆਉਂਦਾ, ਨਾ ਇਸ ਗੱਲ ਨੂੰ ਸਮਝਣ ਦਾ ਯਤਨ ਕਰਦਾ ਹੈ। ਮਹਾਰਾਜ ਕਹਿੰਦੇ –

*ਬਿਨੁ ਹਰਿ ਕਾਮਿ ਨ ਆਵਤ ਹੇ ॥ ਅੰਗ – ੮੨੨*

ਤੇਰੇ ਕੰਮ ਨਹੀਂ ਆਉਣੀ ਕੋਈ ਵੀ ਚੀਜ਼।

*ਜਾ ਸਿਉ ਰਾਚਿ ਮਾਚਿ ਤੁਮ੍ਹ*
*ਲਾਗੇ ਓਹ ਮੋਹਨੀ ਮੋਹਾਵਤ ਹੇ ॥ ਅੰਗ – ੮੨੨*

ਉਹ ਤਾਂ ਮੋਹਣੀ ਹੈ ਤੈਨੂੰ ਜਾਲ ਪਾਇਆ ਹੋਇਆ ਹੈ ਜਿਹਦੇ ਨਾਲ ਤੂੰ ਰਚਿਆ ਪਿਆ ਹੈਂ। ਜਿਹਦੇ ਨਾਲ ਤੂੰ ਮਿਥਿਆ ਪਿਆ ਹੈਂ, ਘੁਲਿਆ ਪਿਆ ਹੈਂ। ਤੈਨੂੰ ਸੁਰਤ ਨਹੀਂ ਹੈ, ਉਹ ਤੈਨੂੰ ਮੋਹ ਰਹੀ ਹੈ ਪ੍ਰੇਮੀਆ! ਜਾਲ ਪਿਆ ਹੋਇਆ ਹੈ ਇਹ ਤਾਂ।

*ਕਨਿਕ ਕਾਮਿਨੀ ਸੇਜ ਸੋਹਨੀ*
*ਛੋਡਿ ਖਿਨੈ ਮਹਿ ਜਾਵਤ ਹੇ ॥ ਅੰਗ – ੮੨੨*

ਸੋਨਾ, ਕਾਮਨੀ ਇਸਤ੍ਰੀਆਂ, ਸੋਹਣੀਆਂ ਸੇਜਾਂ, ਵਧੀਆ ਤੋਂ ਵਧੀਆ ਪਲੰਘ, ਵਧੀਆ ਤੋਂ ਵਧੀਆ ਘਰ, ਵਧੀਆ ਤੋਂ ਵਧੀਆ ਫਰਸ਼, ਇਹ ਤੇਰੇ ਨਾਲ ਨਹੀਂ ਜਾਣੇ, ਤੂੰ ਚਲਿਆ ਜਾਏਂਗਾ। ਇਹ ਚੀਜ਼ਾਂ ਨੇ ਕਿਸੇ ਨੇ ਤੇਰੇ ਨਾਲ ਨਹੀਂ ਜਾਣਾ।

*ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ*
*ਬਿਖੈ ਠਗਉਰੀ ਖਾਵਤ ਹੇ ॥ ਅੰਗ – ੮੨੨*

ਅੱਖਾਂ ਦੀ ਇੰਦਰੀ ਤੈਨੂੰ ਪਰੇਰ ਰਹੀ ਹੈ, ਕੰਨ ਤੈਨੂੰ ਪਰੇਰ ਰਹੇ ਨੇ, ਰਸਨਾ ਖਾਣ ਦੇ ਸਵਾਦ ਵਿਚ ਲਾ ਰਹੀ ਹੈ –

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥*
*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥*
*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ਅੰਗ – ੧੮੨*

ਤੂੰ ਤਾਂ ਠੱਗਿਆ ਜਾ ਰਿਹਾ ਹੈਂ। ਉਲਝਿਆ ਪਿਆ ਹੈਂ ਉਨ੍ਹਾਂ ਰਸਾਂ ਵਿਚ। ਵਿਹੁ ਦੀ ਠਗਮੂਰੀ ਬੂਟੀ ਖਾ ਰਿਹਾ ਹੈਂ ਤੂੰ। ਬੇਹੋਸ਼ੀ ਵਿਚ ਜਾ ਰਿਹਾ ਹੈਂ ਦਿਨ ਰਾਤ। ਇਹ ਮਹਾਰਾਜ ਨੇ ਉਨ੍ਹਾਂ ਨੂੰ ਕਿਹਾ ਹੈ ਬਚਨ, ਜਿਹੜੇ ਰਸਤੇ ਤੇ ਚੱਲੇ ਹੋਏ ਨੇ ਜਿਨ੍ਹਾਂ ਦੇ ਕੰਨ ਸੁਣ ਰਹੇ ਨੇ। ਜਿਨ੍ਹਾਂ ਦਾ ਦਿਲ ਮੰਨ ਰਿਹਾ ਹੈ, ਉਨ੍ਹਾਂ ਨੂੰ ਕਿਹਾ ਹੈ, ਜਿਹੜੇ ਮਹਾਂ ਮੁਰਛਿਤ ਵਿਚ ਪਏ ਹੋਏ ਨੇ, ਸ਼ਰਾਬਾਂ ਪੀਂਦੇ ਨੇ, ਮਾਸ ਖਾਂਦੇ ਨੇ, ਨਿੰਦਿਆ ਕਰਦੇ ਨੇ, ਈਰਖਾ ਕਰਦੇ ਨੇ –

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*

*ਅੰਗ – ੨੬੮*

ਉਹ ਤਾਂ ਮਹਾਂ ਬੇਹੋਸ਼ੀ ਵਿਚ ਨੇ। ਉਨ੍ਹਾਂ ਦੇ ਤਾਂ ਕੰਨਾਂ ਤੱਕ ਇਹ ਆਵਾਜ਼ ਨਹੀਂ ਪਹੁੰਚਦੀ। ਨਾ ਉਨ੍ਹਾਂ ਤੱਕ ਆਵਾਜ਼ ਪਹੁੰਚਾਈ ਜਾ ਸਕਦੀ ਹੈ। ਕਿਉਂਕਿ ਉਹ ਘੂਕ ਨੀਂਦ ਦੇ ਵਿਚ ਸੌਂ ਗਏ। ਇਹ ਉਨ੍ਹਾਂ ਵਾਸਤੇ ਬਚਨ ਹੈ ਜਿਹੜੇ ਸੁਤ ਨੀਂਦੇ ਜਿਹੇ ਤੁਰੇ ਫਿਰਦੇ ਨੇ। ਠਗਮੂਰੀ ਬੂਟੀ ਜੋ ਤੂੰ ਵਿਹੁ ਦੀ ਖਾ ਰਿਹਾ ਹੈਂ ਉਹਦੇ ਨਾਲ ਤੇਰੀ ਸੁਰਤ ਖਤਮ ਹੋ ਰਹੀ ਹੈ।

*ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ*
*ਪਾਵਕੁ ਤਲੈ ਜਰਾਵਤ ਹੇ ॥ ਅੰਗ – ੮੨੨*

ਤੇਰੀ ਤਾਂ ਅਕਲ ਇਹ ਹੈ ਕਿ ਛੱਪਰ ਪਾ ਲਿਆ, ਹੇਠਾਂ ਅੱਗ ਜਾਲ ਲਿਆ, ਭਾਂਬੜ ਜਾਲ ਲਿਆ –

ਉਹਦੇ ਨਾਲ ਹੋਏਗਾ ਕੀ? ਅੱਗ ਲੱਗ ਜਾਏਗੀ ਵਿਚੇ ਜਲ ਜਾਏਂਗਾ। ਐਨੀ ਕੁ ਗੱਲ ਤਾਂ ਆਦਮੀ ਸਮਝ ਸਕਦਾ ਹੈ। ਜਾਗਦਾ ਬੰਦਾ। ਸੁੱਤੇ ਨੂੰ ਨਹੀਂ ਪਤਾ ਕਿ ਅੱਗ ਜਾਲਦੀ ਹੈ ਤੇ ਮੈਂ ਵਿਚ ਹੀ ਜਲ ਜਾਣਾ ਹੈ। ਉਹਨੇ ਤਾਂ ਜਲਣਾ ਹੀ ਜਲਣਾ ਹੈ। ਜਾਗਦੇ ਬੰਦੇ ਜਿਹੜੇ ਸਤਿਸੰਗ 'ਚ ਆਉਂਦੇ ਨੇ, ਉਨ੍ਹਾਂ ਨਾਲ ਮਹਾਰਾਜ ਗੱਲ ਕਰ ਰਹੇ ਨੇ। ਉਨ੍ਹਾਂ ਦੇ ਨਾਲ ਆਪਣਾ ਅਨੁਭਵ ਸਾਂਝਾ ਕਰ ਰਹੇ ਨੇ ਤੇ ਫੁਰਮਾਨ ਕਰਦੇ ਨੇ ਕਿ –

*ਐਸੇ ਗੜ ਮਹਿ ਐਠਿ ਹਠੀਲੋ*
*ਫੂਲਿ ਫੂਲਿ ਕਿਆ ਪਾਵਤ ਹੇ ॥ ਅੰਗ – ੮੨੨*

ਤੂੰ ਆਕੜਿਆ ਫਿਰਦਾ ਹੈਂ ਸਰੀਰ ਦੇ ਅੰਦਰ। ਤੇ ਫੁਲਿਆ ਫਿਰਦਾ ਹੈਂ, ਕਿਸੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ। ਕੀ ਤੈਨੂੰ ਮਿਲ ਰਿਹਾ ਹੈ, ਇਹਦੇ ਥੱਲੇ।

*ਪੰਚ ਦੂਤ ਮੂਡ ਪਰਿ ਠਾਢੇ....... ॥ ਅੰਗ – ੮੨੨*

ਤੇਰੇ ਸਿਰ ਦੇ ਉਤੇ ਪੰਜ – ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਿਰ ਤੇ ਖੜ੍ਹੇ ਨੇ, ਤੇ ਮਹਾਂ ਦੂੰਦਰ ਕਿਹਾ ਹੈ ਇਨ੍ਹਾਂ ਨੂੰ। ਮਹਾਂ ਦੂੰਦਰ ਜਿਹੜੇ ਕਿਸੇ ਦੇ ਕਾਬੂ ਨਹੀਂ ਆਉਂਦੇ। ਜਦੋਂ ਜੀਅ ਕਰਦਾ ਹੈ, ਜਿਹਨੂੰ ਜੀਅ ਕਰਦਾ ਹੈ, ਨੱਪ ਲੈਂਦੇ ਨੇ। ਇਨ੍ਹਾਂ ਤੋਂ ਤਾਂ ਵਾਹਿਗੁਰੂ ਬਚਾ ਲਵੇ ਤਾਂ ਬਚਾਵੇ।

*........ਕੇਸ ਗਹੇ ਫੇਰਾਵਤ ਹੇ ॥ ਅੰਗ – ੮੨੨*

ਤੇਰੇ ਤਾਂ ਕੇਸ ਉਨ੍ਹਾਂ ਨੇ ਫੜੇ ਹੋਏ ਨੇ।

*ਦ੍ਰਿਸਟਿ ਨ ਆਵਹਿ ਅੰਧ ਅਗਿਆਨੀ*
*ਸੋਇ ਰਹਿਓ ਮਦ ਮਾਵਤ ਹੇ ॥ ਅੰਗ – ੮੨੨*

ਅੰਨੇ ਬੰਦੇ, ਅਗਿਆਨੀ ਬੰਦੇ, ਤੈਨੂੰ ਦਿਸਦਾ ਨਹੀਂ ਹੈ, ਐਨਾ ਤੂੰ ਅਗਿਆਨੀ ਤੇ ਅੰਨਾ ਹੋ ਗਿਆ। ਨਸ਼ਾ ਪੀ ਲਿਆ ਤੂੰ ਮਾਇਆ ਦਾ ਤੇ ਉਹਦੇ ਵਿਚ ਸੁੱਤਾ ਪਿਆ ਹੈਂ।

*ਜਾਲੁ ਪਸਾਰਿ ਚੋਗ ਬਿਸਥਾਰੀ*
*ਪੰਖੀ ਜਿਉ ਫਾਹਾਵਤ ਹੇ ॥ ਅੰਗ – ੮੨੨*

ਮਹਾਰਾਜ ਕਹਿੰਦੇ ਜਾਲ ਮਾਇਆ ਨੇ ਪਸਾਰ ਲਿਆ ਤੇ ਉਹਦੇ ਵਿਚ ਵਿਸ਼ਿਆਂ ਦੀ ਚੋਗ ਪਾਈ ਹੋਈ ਹੈ।

ਕਦੇ ਦੇਖਿਆ ਹੈ ਤੂੰ ਪੰਖੀ ਫਸਿਆ ਹੋਇਆ। ਕਿਵੇਂ ਤੜਫਦਾ ਹੈ, ਕਿਵੇਂ ਨਿਕਲਣ ਦਾ ਯਤਨ ਕਰਦਾ ਹੈ। ਉਹ ਤਾਂ ਕਰਦਾ ਹੀ ਹੈ ਪਰ ਤੂੰ ਤਾਂ ਯਤਨ ਹੀ ਨਹੀਂ ਕਰਦਾ। ਵਿਚ ਮਸਤ ਹੋਇਆ ਬੈਠਾ ਹੈਂ। ਕਾਲ ਨੇ ਤੈਨੂੰ ਖਾ ਲੈਣਾ ਹੈ, ਤੇਰਾ ਜਿਹੜਾ ਮੰਤਵ ਸੀ ਸੰਸਾਰ ਤੇ ਆਉਣ ਦਾ ਉਹ ਅਸਫਲ ਹੋ ਗਿਆ।

*ਕਹੁ ਨਾਨਕ ਬੰਧਨ ਕਾਟਨ ਕਉ*
*ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥ ਅੰਗ – ੮੨੨*

ਜੇ ਬੰਧਨ ਕੱਟਣੇ ਨੇ ਤਾਂ ਸਤਿਗੁਰੂ ਦਾ ਧਿਆਨ ਕਰ। ਸਤਿਗੁਰੂ ਸਮਰੱਥ ਹੈ।

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥*
*ਅੰਗ – ੫੦*

ਕਹਿਣ ਲੱਗੇ, ਐ ਮਾਤਾ! ਪੰਖੀ ਫਸ ਗਿਆ ਐਹ ਜੀਵ, ਮਾਇਆ ਦੇ ਜਾਲ ਵਿਚ, ਚੋਗੇ ਦੇ ਵਿਚ ਤੇ ਭੁੱਲ ਗਿਆ ਜਿਸ ਵਾਹਿਗੁਰੂ ਨੇ ਇਹਦਾ ਸਰੀਰ ਬਣਾਇਆ ਸੀ –

*ਜਿਨਿ ਕੀਤਾ ਤਿਸਹਿ ਨ ਜਾਣਈ*
*ਫਿਰਿ ਫਿਰਿ ਆਵੈ ਜਾਇ ॥ ਅੰਗ – ੫੦*

ਸੋ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ। ਸੋ ਜਿਸ ਤਰ੍ਹਾਂ ਦਾ ਇਹ ਜਾਲ ਹੈ। ਜੇ ਆਦਮੀ ਹੋਰ ਜਾਲ 'ਚ ਫਸ ਜਾਵੇ, ਫੇਰ ਉਹਨੂੰ ਸਮਝ ਪੈਂਦੀ ਹੈ ਕਿ ਮਾਇਆ ਦਾ ਜਾਲ ਤਾਂ ਬਹੁਤ ਕਰੜਾ ਹੈ। ਬੇਅੰਤ ਜਾਲ ਨੇ ਦੁਨੀਆਂ ਦੇ ਅੰਦਰ। ਫਸ ਜਾਂਦਾ ਹੈ ਬੰਦਾ, ਫਸਾਇਆ ਜਾਂਦਾ ਹੈ। ਬਹਿਕ ਜਾਂਦਾ ਹੈ, ਬਹਿਕਿਆ ਹੋਇਆ ਫੇਰ ਪਿਛੋਂ ਪਛਤਾਉਂਦਾ ਹੈ ਕਿ ਮੇਰੇ ਨਾਲ ਵਰਤ ਕੀ ਗਈ। ਮੈਂ ਤਾਂ ਬੜਾ ਚੰਗਾ ਸੀ। ਮੈਂ ਇਨ੍ਹਾਂ ਮਾੜੀਆਂ ਗੱਲਾਂ ਦੇ ਨੇੜੇ ਤੱਕ ਨਹੀਂ ਸੀ ਆਉਂਦਾ, ਮੈਨੂੰ ਹੋ ਕੀ ਗਿਆ। ਜਿਹੜਾ ਐਉਂ ਵੀ ਕਹਿ ਲਵੇ ਨਾ ਉਹ ਵੀ ਬਚ ਜਾਂਦਾ ਹੈ। ਕਿਉਂਕਿ ਵਾਹਿਗੁਰੂ ਦਾ ਦਰ ਜਿਹੜਾ ਹੈ ਬਹੁਤ ਬਖਸ਼ਿੰਦ ਦਰ ਹੈ। ਇਹ ਕਿਸੇ ਨੂੰ ਨਿਰਾਸ਼ ਨਹੀਂ ਕਰਦਾ। ਜਦੋਂ ਯਾਦ ਕਰਦੇ ਹਾਂ ਉਸ ਵੇਲੇ ਮਦਦ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ, ਜਦੋਂ ਆਪ ਢਾਕੇ ਗਏ ਤਾਂ ਉਸ ਵੇਲੇ ਮਰਦਾਨੇ ਨੂੰ ਕਹਿਣ ਲੱਗੇ ਕਿ ਮਰਦਾਨਿਆ! ਜਿੱਥੇ ਆਪਾਂ ਆ ਗਏ ਨਾ, ਇਥੇ ਤ੍ਰਿਅ ਦਾ ਰਾਜ ਹੈ, ਇਸਤਰੀ ਦਾ ਰਾਜ ਹੈ, ਇਸਤਰੀ ਪ੍ਰਧਾਨ ਹੈ ਇਸ ਥਾਂ ਦੇ ਉਤੇ। ਆਪਣੀ ਸਾਰੀਆਂ ਸ਼ਕਤੀਆਂ ਦੇ ਨਾਲ। ਇਥੇ ਬੜਾ ਭਾਰਾ ਜਾਲ ਪੈ ਜਾਂਦਾ ਹੈ ਬੰਦੇ ਨੂੰ। ਇਥੇ ਤੂੰ ਥੋੜ੍ਹਾ ਸਾਵਧਾਨ ਰਹੀਂ। ਪੂਰੀ ਤਰ੍ਹਾਂ ਸਾਵਧਾਨ ਰਹੀਂ।

ਕਹਿਣ ਲੱਗਿਆ ਕਿ ਮਹਾਰਾਜ! ਮੈਂ ਸਾਵਧਾਨ ਕਿਵੇਂ ਰਹਾਂ? ਕਹਿੰਦੇ ਦੇਖੀ, ਇਕ ਸਕਿੰਟ ਵਾਸਤੇ ਵੀ ਤੂੰ ਪ੍ਰਭੂ ਨੂੰ ਨਾ ਵਿਸਾਰੀਂ। ਜੇ ਤੂੰ ਪ੍ਰਮੇਸ਼ਰ ਨੂੰ ਨਾ ਵਿਸਾਰਿਆ ਤਾਂ ਤੂੰ ਇਥੋਂ ਸਹੀ ਸਲਾਮਤ ਨਿਕਲ ਚੱਲੇਂਗਾ। ਜੇ ਵਾਹਿਗੁਰੂ ਨੂੰ ਭੁੱਲ ਕੇ ਤੇਰਾ ਧਿਆਨ ਹੋਰ ਪਾਸੇ ਜ਼ਰਾ ਕੁ ਵੀ ਚਲਾ ਗਿਆ, ਉਸੇ ਵੇਲੇ ਇਨ੍ਹਾਂ ਦੇ ਕਾਬੂ ਆ ਜਾਏਂਗਾ। ਕਹਿਣ ਲੱਗਿਆ ਕਿ ਮਹਾਰਾਜ! ਐਸੀ ਕਿਹੜੀ ਸ਼ਕਤੀ ਹੈ ਇਨ੍ਹਾਂ ਦੇ ਕੋਲ। ਮਹਾਰਾਜ ਕਹਿੰਦੇ, ਇਹ ਜਿਹੜੇ ਲੋਕ ਨੇ ਇਹ ਸਾਕਤ ਨੇ। ਸ਼ਕਤੀ ਦੀ ਪੂਜਾ ਕਰਨ ਵਾਲੇ ਨੇ ਤੇ ਇਨ੍ਹਾਂ ਨੇ ਮਾਨਸਿਕ ਸ਼ਕਤੀਆਂ ਨੂੰ ਉਭਾਰਿਆ ਹੈ। ਆਦਮੀ ਦੇ ਅੰਦਰ ਚੰਗੀਆਂ ਸ਼ਕਤੀਆਂ ਵੀ ਨੇ। ਇਹ ਚਾਹੇ ਤਾਂ ਵਾਹਿਗੁਰੂ ਤੱਕ ਪਹੁੰਚ ਕੇ ਵਾਹਿਗੁਰੂ ਦਾ ਰੂਪ ਬਣ ਸਕਦਾ ਹੈ। ਜੇ ਮਾੜੀਆਂ ਸ਼ਕਤੀਆਂ ਨੂੰ ਉਭਾਰ ਲਵੇ ਤਾਂ ਵੱਡੀਆਂ ਤੋਂ ਵੱਡੀਆਂ ਗੱਲਾਂ ਕਰ ਸਕਦਾ ਹੈ ਕਿਉਂਕਿ ਇਨ੍ਹਾਂ ਨੇ ਬੁਰੀਆਂ ਸ਼ਕਤੀਆਂ ਨੂੰ ਉਭਾਰਿਆ ਹੈ। ਸੋ ਏਸ ਥਾਂ ਦੇ ਵਿਚ ਜ਼ਰਾ ਸਾਵਧਾਨ ਰਹੀਂ।

ਬਚਨ ਕੀਤਾ ਮਰਦਾਨੇ ਨੇ ਕੁਛ ਸੁਣਿਆ, ਕੁਛ ਨਾ ਸੁਣਿਆ। ਅੱਗੇ ਗਏ ਤਾਂ ਮਹਾਰਾਜ ਜੀ ਇਕ ਥਾਂ ਦੇ ਉਤੇ ਬੈਠ ਗਏ। ਮਰਦਾਨਾ ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਪਾਣੀ ਦੀ ਬੜੀ ਪਿਆਸ ਲੱਗੀ ਹੋਈ ਹੈ। ਕ੍ਰਿਪਾ ਕਰੋ ਮੈਨੂੰ ਆਗਿਆ ਦੇਵੋ ਕਿ ਪਾਣੀ ਪੀ ਲਵਾਂ। ਕਹਿੰਦੇ, ਮਰਦਾਨਿਆ! ਜੇ ਨਾ ਪੀਵੇਂ ਤਾਂ ਚੰਗਾ ਹੈ। ਕਹਿੰਦਾ ਮਹਾਰਾਜ! ਮੈਨੂੰ ਤਾਂ ਇਥੇ ਹੀ ਮਾਰਨਾ ਚਾਹੁੰਦੇ ਹੋ ਤੁਸੀਂ। ਮੇਰੀ ਤਾਂ ਜਾਨ ਨਿਕਲਦੀ ਜਾਂਦੀ ਹੈ। ਮਹਾਰਾਜ ਕਹਿੰਦੇ, ਚੰਗਾ ਤੈਨੂੰ ਪਾਣੀ ਪੀਣ ਤੋਂ ਨਹੀਂ ਅਸੀਂ ਰੋਕਦੇ ਪਰ ਸਾਡੀ ਗੱਲ ਇਕ ਯਾਦ ਰੱਖੀਂ, ਜਲਾਲ ਵਿਚ ਰਹੀਂ। ਜਲਾਲ ਕੀ ਹੁੰਦਾ ਹੈ, ਮਤਲਬ ਆਪਣੇ ਆਪੇ 'ਚ। ਬਾਹਰ ਨਾ ਕੱਢੀਂ ਸੁਰਤੀ ਨੂੰ। ਪ੍ਰਭੂ ਦੇ ਨਾਮ ਦੀ ਧੁਨ ਦੇ ਵਿਚ ਮਸਤ ਰਹੀਂ। ਬਾਹਰਲੀਆਂ ਚੀਜ਼ਾਂ ਐਸਾ ਨਾ ਹੋਵੇ ਤੈਨੂੰ ਪ੍ਰਭੂ ਨੂੰ ਭੁਲਾ ਦੇਣ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਚੰਗਾ, ਮਰਦਾਨਿਆ! ਛੇਤੀ ਆ ਜਾਈਂ। ਕਹਿੰਦਾ, ਮਹਾਰਾਜ! ਮੈਂ ਤਾਂ ਬਹੁਤ ਜਲਦੀ ਆ ਜਾਵਾਂਗਾ। ਮੈਂ ਗਿਆ ਤੇ ਆਇਆ ਬਹੁਤਾ ਚਿਰ ਨਹੀਂ ਲਾਉਂਦਾ। ਮਹਾਰਾਜ ਕਹਿੰਦੇ, ਸਾਵਧਾਨ ਰਹੀਂ ਮਰਦਾਨਿਆ। ਐਸਾ ਨਾ ਹੋਵੇ ਤੇਰੇ ਤੇ ਕੋਈ ਜਾਦੂ ਦਾ ਅਸਰ ਪੈ ਜਾਵੇ ਕਿਉਂਕਿ ਇਹ ਸਾਰਾ ਹੀ ਨਗਰ ਜਾਦੂਗਰਾਂ ਦਾ ਹੈ। ਇਥੇ ਤੰਤਰ ਕਰਦੇ ਨੇ, ਜੰਤਰ ਕਰਦੇ ਨੇ, ਮੰਤਰ ਕਰਦੇ ਨੇ, ਟੂਣਾ ਕਰਦੇ ਨੇ, ਹੋਰ ਅਨੇਕਾਂ ਤਰੀਕਿਆਂ ਦੇ ਨਾਲ ਜਿਹੜਾ ਵੀ ਇਥੇ ਚਲਿਆ ਜਾਂਦਾ ਹੈ ਉਹ ਬੰਦਾ ਵਾਪਸ ਨਹੀਂ ਆਉਂਦਾ। ਖਤਰਨਾਕ ਕੰਮ ਹੈ ਤੇ ਤੂੰ ਜਲਾਲ ਵਿਚ ਰਹੀਂ ਪ੍ਰਮੇਸ਼ਰ ਨੂੰ ਨਾ ਭੁੱਲੀਂ। ਜਦੋਂ ਮਰਦਾਨਾ ਸ਼ਹਿਰ ਦੇ ਵਿਚ ਵੜਦਾ ਹੈ ਹੈਰਾਨ ਹੁੰਦਾ ਹੈ ਕਿ ਇਹ ਲੋਕ ਤਾਂ ਬੜੇ ਭਲੇ ਨੇ। ਇਸਤਰੀਆਂ ਇਸ ਥਾਂ ਦੀਆਂ ਬਹੁਤ ਚੰਗੀਆਂ ਨੇ, ਬਹੁਤ ਪਿਆਰ ਨਾਲ ਬੁਲਾਉਂਦੀਆਂ ਨੇ ਬੜਾ ਆਦਰ ਕਰਦੀਆਂ ਨੇ, ਅਤਿਥੀ ਸੇਵਾ ਕਰਦੀਆਂ ਨੇ। ਚਲਦੇ-ਚਲਦੇ ਇਕ ਵੱਡਾ ਘਰ ਦੇਖਿਆ, ਜਿਥੇ ਰਾਗ ਦੀ ਧੁਨ ਹੋ ਰਹੀ ਸੀ, ਬੇਅੰਤ ਕਿਸਮ ਦੇ ਰਾਗ ਗਾਏ ਜਾ ਰਹੇ ਨੇ। ਮਰਦਾਨੇ ਦਾ ਧਿਆਨ ਪ੍ਰਮੇਸ਼ਰ ਤੋਂ ਟੁੱਟ ਕੇ ਰਾਗ ਦੀਆਂ ਸੁਰਾਂ 'ਚ ਚਲਿਆ ਗਿਆ ਤੇ ਜਾਣ ਗਿਆ ਕਿ ਗਉੜੀ ਦਾ ਅਲਾਪ ਹੋ ਰਿਹਾ ਹੈ। ਜਦੋਂ ਇਹ ਗੱਲ ਦੇਖੀ ਉਸੇ ਵੇਲੇ ਬੀਬੀ ਨੇ ਪੁਛਿਆ, ਤੁਸੀਂ ਕੌਣ ਹੋਂ ਕਿੱਥੇ ਆਏ ਹੋਂ, ਕੀ ਕੰਮ ਹੈ। ਕਹਿਣ ਲੱਗਿਆ ਕਿ ਅਸੀਂ ਤਾਂ ਪੰਜਾਬ ਦੇ ਵਾਸੀ ਹਾਂ ਤੇ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਆਇਆ ਹੋਇਆ ਹਾਂ ਤੇ ਸੰਸਾਰ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਘੁੰਮ ਕੇ ਜੀਵਾਂ ਦਾ ਉਧਾਰ ਕਰ ਰਹੇ ਨੇ ਤੇ ਅਸੀਂ ਸੈਰ ਕਰਨ ਆਏ ਹਾਂ ਇਥੇ। ਕਹਿਣ ਲੱਗੀ, ਸੇਵਾ ਦੱਸੋ ਕੋਈ? ਕਹਿਣ ਲੱਗਿਆ ਕਿ ਮੈਨੂੰ ਪਾਣੀ ਦੀ ਬੜੀ ਪਿਆਸ ਲੱਗੀ ਹੈ। ਕਹਿੰਦੀ, ਤੁਸੀਂ ਅੰਦਰ ਲੰਘ ਆਓ ਤੇ ਪਾਣੀ ਮੈਂ ਪਿਲਾ ਦਿੰਦੀ ਹਾਂ। ਅੰਦਰ ਲੰਘ ਜਾਂਦਾ ਹੈ, ਉਹਦੀ ਮਹਿਮਾਨ ਨਿਵਾਜ਼ੀ 'ਚ ਭੁੱਲ ਗਿਆ। ਕੁਝ ਰਾਗ ਨੇ ਸੁਰਤ ਉਖੇੜ ਦਿਤੀ ਪ੍ਰਮੇਸ਼ਰ ਦੇ ਨਾਮ ਨਾਲੋਂ। ਕੁਝ ਮਹਿਮਾਨ ਨਿਵਾਜ਼ੀ 'ਚ ਚਲਿਆ ਗਿਆ, ਕੁਛ ਗੱਲਾਂ ਬਾਤਾਂ ਤਿਆਰ ਚਲਿਆ ਗਿਆ।

ਕਹਿਣ ਲੱਗੀ ਕਿ ਸਾਡੇ ਦੇਸ਼ ਦਾ ਰਾਜ ਹੈ ਕਿ ਜਦੋਂ ਕੋਈ ਅਤਿਥੀ ਆਉਂਦਾ ਹੈ ਤਾਂ ਅਸੀਂ ਉਹਦੇ ਹੱਥ ਵਿਚ ਧਾਗਾ ਬੰਨ੍ਹਦੇ ਹਾਂ। ਕਹਿਣ ਲੱਗਿਆ, ਬੰਨ੍ਹ ਲਓ ਇਹਦਾ ਕੀ ਹੈ। ਜਦੋਂ ਹੱਥ ਵਿਚ ਧਾਗਾ ਬੰਨ੍ਹਿਆ ਉਸੇ ਵੇਲੇ ਮਰਦਾਨੇ ਦੀ ਜਿਹੜੀ ਸੁਰਤ ਸੀ ਓਸ ਦੀ ਕਮਾਈ ਹੋਈ ਸੁਰਤ ਦੇ ਥੱਲੇ ਆ ਗਈ, ਉਹਨੇ ਉਸ ਨੂੰ ਹਿਪਨੋਟਾਈਜ਼ ਕਰ ਦਿਤਾ। ਹਿਪਨੋਟਾਈਜ਼ ਕਰਕੇ ਗੱਲ ਕਰਨ ਲੱਗ ਗਈ। ਜਦੋਂ ਦੇਖਿਆ ਕਿ ਹੁਣ ਮੇਰਾ ਅਸਰ ਹੋ ਗਿਆ ਕਹਿਣ ਲੱਗੀ, ਤੂੰ ਕੌਣ ਹੈਂ, ਤੂੰ ਤ੍ਰੀਮਤ ਹੈਂ, ਕਹਿੰਦਾ ਹਾਂ ਮੈਂ ਤ੍ਰੀਮਤ ਹਾਂ। ਖੰਡ ਦੇ ਦਿਤੀ ਕਹਿਣ ਲੱਗੀ ਕਿ ਆਹ ਖਾ ਕੇ ਦੇਖ ਕਿ ਆਹ ਕੌੜੀ ਹੈ ਨਾ ਬਹੁਤ ਮਿਰਚਾਂ ਵਰਗੀ। ਕਹਿੰਦਾ ਹਾਂ ਬਹੁਤ ਕੌੜੀ ਹੈ। ਮਿਰਚਾਂ ਦੇ ਦਿਤੀਆਂ, ਕਹਿੰਦੀ ਆਹ ਖਾ ਕੇ ਦੇਖ ਕਿੰਨੀ ਮਿੱਠੀ ਹੈ, ਮਿਰਚ ਖਾਂਦਾ ਹੈ ਕਹਿੰਦਾ ਇਹ ਤਾਂ ਸ਼ਹਿਦ ਵਰਗੀ ਮਿੱਠੀ ਹੈ। ਉਸ ਤੋਂ ਬਾਅਦ ਕਹਿਣ ਲੱਗੀ ਕਿ ਤੂੰ ਭੇਡੂ ਹੈਂ, ਕਹਿੰਦਾ ਹਾਂ ਮੈਂ ਭੇਡੂ ਹਾਂ। ਸੋ ਜਦੋਂ ਇਹ ਗੱਲ ਕਰੀ ਉਸੇ ਵੇਲੇ ਉਸ ਨੇ ਇਕ ਰੱਸੀ ਲਈ ਤੇ ਗਲ 'ਚ ਪਾ ਕੇ, ਲੋਹੇ ਦੀ ਕਿੱਲੀ ਨਾਲ ਬੰਨ੍ਹ ਦਿਤਾ। ਆਪਣੇ ਆਪ ਨੂੰ ਦੇਖਦਾ ਹੈ ਮਰਦਾਨਾ ਕਿ ਆਹ ਕੀ ਹੋ ਗਿਆ। ਮੇਰੇ ਸਿਰ ਦੇ ਉਤੇ ਸਿੰਗ ਨਿਕਲ ਆਏ, ਮੇਰੇ ਪੈਰ ਕਿਹੋ ਜਿਹੇ ਮਾੜੇ ਹੋ ਗਏ। ਸਰੀਰ ਨੂੰ ਮੇਰੇ ਨੂੰ ਕੀ ਹੋ ਗਿਆ, ਕੁਛ ਪਤਾ ਨਹੀਂ ਲਗਦਾ, ਉਸ ਵੇਲੇ ਬੜਾ ਪਛਤਾਉਂਦਾ ਹੈ। ਮਹਾਰਾਜ ਜੀ ਨੇ ਇਕ ਉਪਦੇਸ਼ ਦਿਤਾ ਸੀ ਕਿ ਮਰਦਾਨਿਆ! ਇਹ ਮੰਤਰ ਜੰਤਰ ਦਾ ਜਾਲ ਨਹੀਂ ਪੈਂਦਾ ਜੇ ਹਿਰਦੇ ਵਿਚ ਪ੍ਰਭੂ ਦਾ ਨਾਮ ਹੋਵੇ। ਜਿਹੜਾ ਭੁਲਦਾ ਹੈ ਉਹਦੇ ਉਤੇ ਪੈਂਦਾ ਹੈ।

***ਧਾਰਨਾ - ਜੰਤਰ ਮੰਤਰ ਦਾ ਜਾਲ ਨਾ ਬਈ***
***ਪੈਂਦਾ ਜਿਨ੍ਹਾਂ ਦੇ ਹਿਰਦੇ ਰਾਮ ਵਸਿਆ।***
***ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥***
***ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥***
***ਅੰਗ - ੮੧੭***

ਪ੍ਰਮੇਸ਼ਰ ਦੇ ਨਾਮ ਦੀ ਐਡੀ ਵੱਡੀ ਮਹਿਮਾ ਹੈ ਜੰਤਰ-ਮੰਤਰ-ਤੰਤਰ ਤਾਂ ਇਕ ਪਾਸੇ ਰਹਿ ਗਿਆ। ਕਹਿੰਦੇ ਜਿਹੜਾ ਜਮਦੂਤ ਲੈਣ ਵਾਸਤੇ ਆਉਂਦਾ ਹੈ ਨਾ ਅੰਤ ਸਮੇਂ। ਜੇ ਕਿਤੇ ਉਹਦੇ ਮੁੱਖ ਤੋਂ ਵਾਹਿਗੁਰੂ, ਰਾਮ, ਅੱਲਾ ਪਿਆਰ ਦੇ ਨਾਲ ਨਿਕਲ ਜਾਵੇ ਤੇ ਉਹ ਜਮਦੂਤ ਜੇ ਸੁਣ ਲਵੇ, ਕਹਿੰਦੇ ਉਹ ਦੂਰ ਤੋਂ ਹੀ ਨੱਠ ਜਾਂਦਾ ਹੈ ਨੇੜੇ ਨਹੀਂ ਆਉਂਦਾ, ਕਿੱਡੀ ਵੱਡੀ ਮਹਿਮਾ ਹੈ ਨਾਮ ਦੀ ਜਿਸਨੂੰ ਅਸੀਂ ਜਾਣ ਨਹੀਂ ਸਕਦੇ। ਕਿਉਂ ਨਹੀਂ ਅਸੀਂ ਹਿਰਦੇ 'ਚ ਵਸਾਉਂਦੇ। ਜਾਂ ਤਾਂ ਗੁਰੂ ਮਹਾਰਾਜ ਦੇ ਬਚਨ ਦੇ ਉਤੇ ਸਾਡੀ ਸ਼ਰਧਾ ਨਹੀਂ ਹੈ ਜਾਂ ਅਸੀਂ ਠਗਮੂਰੀ ਬੂਟੀ ਪੀਤੀ ਹੋਈ ਹੈ ਤੇ ਆਪਣੇ ਭਲੇ ਬੁਰੇ ਦਾ ਨਿਰਣਾ ਨਹੀਂ ਕਰ ਸਕਦੇ। ਜਿਹੜਾ ਹਰੀ ਦਾ ਜਸ ਕਰ ਰਿਹਾ ਹੈ, ਹਰੀ ਦਾ ਕੀਰਤਨ ਕਰ ਰਿਹਾ ਹੈ ਉਹਨੂੰ ਸੁਣਦੇ ਸਾਰ ਜਮਦੂਤ ਦੂਰ ਤੋਂ ਨੱਠ ਜਾਂਦੇ ਨੇ।

ਇਕ ਮਹਾਤਮਾ ਸੀ ਬੰਗਾਲ ਦੇ, ਮਾਤਾ ਸੀ ਉਹ ਅਨੰਦਮਈ ਮਾਂ। ਇਕ ਸੇਠ ਦੇ ਘਰ ਬੈਠੇ ਨੇ ਬਨਾਰਸ ਵਿਚ। ਇਕ ਬੱਚਾ ਦੌੜਿਆ ਫਿਰਦਾ ਹੈ, ਬੱਚੇ ਦੀ ਉਮਰ ਛੋਟੀ ਹੈ ਬੜਾ ਮਨਮੋਹਣਾ ਹੈ। ਮਾਤਾ ਜੀ ਉਹਦੇ ਵਲ ਦੇਖਣ ਲੱਗ ਗਏ, ਦੇਖਦੇ-ਦੇਖਦੇ ਸਿਰ ਹਿਲਾ ਦਿਤਾ ਦੋ ਤਿੰਨ ਵਾਰੀ। ਜਿਹੜਾ ਪਿਤਾ ਸੀ ਉਸਦਾ ਉਸਨੇ ਕਿਹਾ ਕਿ ਮਹਾਤਮਾ ਬਿਨਾਂ ਕਿਸੇ ਗੱਲ ਤੋਂ ਕੋਈ ਐਸਾ ਐਕਸ਼ਨ ਨਹੀਂ ਕਰਿਆ ਕਰਦੇ। ਮਾਤਾ ਜੀ ਨੇ ਕੀ ਸਾਨੂੰ ਸਿਗਨਲ ਦੇ ਦਿਤਾ, ਇਸ ਬੱਚੇ ਵਲ ਦੇਖ ਕੇ ਦਿਤਾ ਹੈ। ਉਸੇ ਵੇਲੇ ਬਚਨ ਸੰਭਾਲ ਲਿਆ, ਕਹਿਣ ਲੱਗਿਆ ਮਾਤਾ ਜੀ! ਕੀ ਗੱਲ ਤੁਸੀਂ ਬੱਚੇ ਵਲ ਦੇਖ ਕੇ ਐਸ ਤਰ੍ਹਾਂ ਕਿਉਂ ਕਰਿਆ। ਬਾਰ-ਬਾਰ ਪੁਛਿਆ, ਜਦੋਂ ਬਾਰ-ਬਾਰ ਪੁਛਿਆ ਕਹਿਣ ਲੱਗੇ ਸੇਠ ਜੀ! ਏਸ ਬੱਚੇ ਨੇ ਅੱਜ ਰਾਤ ਨੂੰ ਦੋ ਵਜੇ ਚੜ੍ਹਾਈ ਕਰ ਜਾਣੀ ਹੈ। ਅਸੀਂ ਦੇਖਦੇ ਹਾਂ ਕਿ ਕਿੰਨਾ ਸੁੰਦਰ ਖੇਡਦਾ ਫਿਰਦਾ ਹੈ। ਥੋੜ੍ਹੀ ਦੇਰ ਬਾਅਦ ਇਸ ਘਰ ਦੇ ਅੰਦਰ ਖੁਸ਼ੀਆਂ ਗਮੀ ਵਿਚ ਬਦਲ ਜਾਣੀਆਂ ਨੇ। ਪ੍ਰਮੇਸ਼ਰ ਦੀ ਲੀਲਾ ਦੇਖ ਰਹੀ ਹਾਂ ਮੈਂ। ਉਸੇ ਵੇਲੇ ਚਰਨ ਫੜ ਕਿ ਮਹਾਰਾਜ! ਤੁਸੀਂ ਤਾਂ ਸਮਰੱਥ ਹੋਂ। ਕ੍ਰਿਪਾ ਕਰੋ, ਇਹਨੂੰ ਜੀਵਨ ਦਾਨ ਦਿਓ। ਸੰਤਾਂ ਦੀ ਮਿਹਰ ਹੋ ਜਾਵੇ ਜੀਵਨ ਦਾਨ ਮਿਲ ਜਾਂਦਾ ਹੈ। ਕਰੋਪੀ ਹੋ ਜਾਵੇ -

***ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥***

***ਅੰਗ - ੨੮੦***

ਉਮਰ ਵਿਚਾਲੇ ਹੀ ਰਹਿ ਜਾਂਦੀ ਹੈ, ਅੱਧ ਵਿਚਾਲਿਓਂ ਟੁੱਟ ਕੇ ਚਲਾ ਜਾਂਦਾ ਹੈ। ਸੋ ਮਾਤਾ ਜੀ ਕਹਿਣ ਲੱਗੇ, ਚੰਗਾ! ਸਾਰੇ ਸਾਧੂਆਂ ਨੂੰ ਬੁਲਾਓ। ਸਾਰਿਆਂ ਨੂੰ ਬੁਲਾਇਆ ਕਹਿਣ ਲੱਗੇ, ਦੇਖੋ! ਹੁਣ ਤੋਂ ਹੀ ਪ੍ਰਮੇਸ਼ਰ ਦਾ ਨਾਮ ਉਚਾਰਨ ਕਰਨਾ ਸ਼ੁਰੂ ਕਰ ਦਿਓ। ਦੋ ਵਜੇ ਜਮਦੂਤ ਆਉਣਗੇ ਇਹਨੂੰ ਲੈਣ। ਉਸ ਵੇਲੇ ਤੁਸੀਂ ਦੇਖ ਕੇ ਉੱਚੀ-ਉਚੀ ਕਰਨ ਲਗ ਜਾਣ ਤੇ ਜਮਦੂਤ ਜਿਥੇ ਪ੍ਰਮੇਸ਼ਰ ਦੇ ਨਾਮ ਦਾ ਉਚਾਰਨ ਹੋਵੇ ਉਥੇ ਖੜ੍ਹਦਾ ਨਹੀਂ ਹੁੰਦਾ, ਚਲਿਆ ਜਾਂਦਾ ਹੈ। ਸਾਧੂ ਸੀ, ਕਮਾਇਆ ਹੋਇਆ ਨਾਮ ਸੀ। ਘਰ ਬਾਰ ਛੱਡਿਆ ਹੋਇਆ ਸੀ, ਬੜੇ ਪੜ੍ਹੇ ਲਿਖੇ ਬੰਦੇ ਮਾਤਾ ਅਨੰਦਮਈ ਜੀ ਦੇ ਨਾਲ ਰਿਹਾ ਕਰਦੇ ਸੀ। ਸਾਰੇ ਸਾਵਧਾਨ ਹੋ ਗਏ, ਹਰੀ ਦੇ ਨਾਮ ਦਾ ਅਖੰਡ ਕੀਰਤਨ ਸ਼ੁਰੂ ਹੋ ਗਿਆ। ਉਸ ਤੋਂ ਬਾਅਦ ਜਦੋਂ ਅੱਧੀ ਰਾਤ ਹੋਈ, ਕਹਿਣ ਲੱਗੇ ਸਾਧੂ! ਸਾਰੇ ਉਠ ਕੇ ਬੈਠ ਜਾਓ, ਬਾਗ ਵਿਚ ਬੈਠ ਜਾਓ, ਅੰਦਰ ਵੀ ਬੈਠ ਜਾਓ, ਜਿੱਥੇ-ਜਿਥੇ ਥਾਉਂ ਹੈ ਉਥੇ-ਉਥੇ ਬਹਿ ਜਾਓ। ਬਾਕੀ ਏਸ ਬੱਚੇ ਨੂੰ ਵਿਚ ਪਾ ਲਓ ਤੇ ਪ੍ਰਮੇਸ਼ਰ ਦਾ ਨਾਮ ਜਪੋ। ਸਰਕਲ ਬਣਾ ਲਓ ਜਮਦੂਤ ਨਹੀਂ ਆਏਗਾ। ਦੋ ਵਜੇ ਜਿਸ ਮਹਾਂਪੁਰਸ਼ ਦੀ ਡਿਊਟੀ ਸੀ ਉਹਨੇ ਮੈਨੂੰ ਦੱਸਿਆ ਕਹਿਣ ਲੱਗੇ, ਮੇਰੀ ਡਿਊਟੀ ਸੀ ਮੈਂ ਕੀ ਦੇਖਿਆ ਦੋ ਬੰਦੇ ਖੜ੍ਹੇ ਇਸ਼ਾਰੇ ਕਰਦੇ ਨੇ। ਇਕ ਦੇ ਹੱਥ ਵਿਚ ਕੋਈ ਕਿਤਾਬ ਹੈ, ਉਹ ਬਾਰ-ਬਾਰ ਉਂਗਲੀਆਂ ਕਰਦਾ ਹੈ ਕਿ ਉਹ ਪਿਆ ਹੈ। ਲੇਕਿਨ ਅੰਦਰ ਨਹੀਂ ਆਉਂਦਾ, ਕਹਿਣ ਲੱਗਿਆ ਕਿ ਮੈਨੂੰ ਉਸ ਵੇਲੇ ਖਿਆਲ ਆਇਆ ਕਿ ਮੈਂ ਉਚੀ ਕਿਉਂ ਨਾ ਨਾਮ ਜਪਾਂ। ਕਹਿਣ ਲੱਗਿਆ, ਮੈਂ ਉਚੀ-ਉਚੀ ਜਪਣ ਲੱਗ ਗਿਆ। ਸਾਰੇ ਸਾਧੂ ਉਚੀ-ਉਚੀ ਬੋਲਣ ਲਗ ਗਏ ਤੇ ਉਹ ਦੌੜੇ ਹੀ ਜਾਂਦੇ ਨੇ। ਕਹਿੰਦੇ, ਹੁਣ ਉਹ ਬੱਚਾ ਬੀ.ਏ 'ਚ ਪੜ੍ਹਦਾ ਹੈ, ਜਦੋਂ ਉਹਨੇ ਮੈਨੂੰ ਗੱਲ ਦੱਸੀ ਸੀ। ਅੱਜ ਤੋਂ ਕੋਈ 20-25 ਸਾਲ ਪਹਿਲਾਂ ਦੀ ਗੱਲ ਹੈ। ਸੋ ਮਹਾਰਾਜ ਕਹਿੰਦੇ ਨੇ -

***ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥***

***ਅੰਗ - ੮੧੭***

ਨੇੜੇ ਨਹੀਂ ਆਉਂਦਾ ਦੂਰ ਤੋਂ ਨੱਠ ਜਾਂਦਾ ਹੈ।

***ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥***
***ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥***

***ਅੰਗ - ੮੧੮***

ਜਿਹੜੇ ਤੰਤਰ, ਮੰਤਰ ਕਰਦੇ ਨੇ, ਟੂਣੇ ਵਗੈਰਾ, ਇਹ ਪ੍ਰਮੇਸ਼ਰ ਦੇ ਨਾਮ ਜਪਣ ਵਾਲਿਆਂ ਦੇ ਨੇੜੇ ਵੀ ਨਹੀਂ ਲਗਦੇ।

***ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥***
***ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ॥***

***ਅੰਗ - ੮੧੭***

ਲੇਕਿਨ ਮਰਦਾਨੇ ਤੇ ਕਿਉਂ ਅਸਰ ਹੋ ਗਿਆ। ਇਕ ਤਾਂ ਮਹਾਰਾਜ ਜੀ ਨੇ ਕੋਈ ਕੌਤਕ ਕਰਨਾ ਸੀ। ਮਰਦਾਨਾ ਕੋਈ ਮਾੜਾ ਧੀੜਾ ਬੰਦਾ ਨਹੀਂ ਸੀ ਕਿ ਭੁੱਲ ਜਾਂਦਾ ਸੀ। ਉਹ ਤਾਂ ਮਹਾਰਾਜ ਦਾ ਹੀ ਕੌਤਕ ਸੀ ਐਸਾ ਕਿ ਗੱਲ ਬਣਨੀ ਨਹੀਂ ਜਿਨ੍ਹਾਂ ਚਿਰ ਇਹ ਐਸ ਤਰ੍ਹਾਂ ਕਾਬੂ ਨਹੀਂ ਆਉਂਦਾ।

ਕਿਉਂਕਿ ਸਾਰਾ ਜਿੰਨਾ ਇਤਿਹਾਸ ਹੈ ਜਨਮਸਾਖੀ ਦਾ, ਉਹ ਮਰਦਾਨੇ ਦੇ ਦੁਆਲੇ ਹੀ ਘੁੰਮਦਾ ਹੈ, ਭਾਈ ਬਾਲੇ ਦਾ ਤਾਂ ਕਿਤੇ ਜ਼ਿਕਰ ਨਹੀਂ ਆਉਂਦਾ, ਨਾ ਆਉਣ ਕਰਕੇ ਕਈ ਲਿਖਾਰੀਆਂ ਨੇ ਕਿਹਾ ਹੈ ਕਿ ਬਾਈ ਬਾਲਾ ਤਾਂ ਹੋਇਆ ਹੀ ਨਹੀਂ। ਲੇਕਿਨ ਭਾਈ ਬਾਲੇ ਨੇ ਇਹ ਸਾਰੀਆਂ ਸਾਖੀਆਂ ਗੁਰੂ ਅੰਗਦ ਸਾਹਿਬ ਨੂੰ ਲਿਖਾਈਆਂ। ਜਿਹੜੇ ਗਏ ਨੇ ਨਨਕਾਣਾ ਸਾਹਿਬ ਉਨ੍ਹਾਂ ਨੂੰ ਪਤਾ ਹੈ ਕਿ ਚੰਦਰਭਾਨ ਦਾ ਖੂਹ, ਚੰਦਰਭਾਨ ਭਾਈ ਬਾਲੇ ਦਾ ਪਿਤਾ ਸੀ। ਭਾਈ ਬਾਲੇ ਦਾ ਖੂਹ ਹੈ ਉਥੇ ਤੇ ਗੁਰੂ ਮਹਾਰਾਜ ਦੇ ਉਹ ਨਾਲ ਰਹੇ ਨੇ। ਹੁਣ ਆ ਕੇ ਅਸੀਂ ਮੰਨਦੇ ਨਹੀਂ ਹਾਂ ਕਿ ਉਹ ਤਾਂ ਹੈ ਨਹੀਂ ਸੀ। ਭਾਈ ਗੁਰਦਾਸ ਜੀ ਨੇ ਨਹੀਂ ਲਿਖਿਆ ਕਿ ਜੇ ਉਹ ਹੁੰਦੇ ਤਾਂ ਉਹ ਲਿਖ ਦਿੰਦਾ ਜ਼ਰੂਰ। ਸੋ ਐਸੀਆਂ ਮਨੋਕਲਪਿਤ ਬਾਤਾਂ ਨੇ।

ਸੋ ਉਸ ਵੇਲੇ ਮਰਦਾਨਾ ਜਾਲ 'ਚ ਫਸ ਗਿਆ। ਫਸਿਆ ਹੋਇਆ ਹੁਣ ਬੇਵਸ ਹੋਇਆ ਦੇਖਦਾ ਹੈ। ਮਾਇਆ ਦਾ ਜਾਲ ਪੈ ਗਿਆ ਇਹਦੇ ਆਲੇ-ਦੁਆਲੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਪਿਆਰੇ ਬੇਵਸ ਹੋਇਆ ਦੇਖੇ,***
***ਫਸ ਗਿਆ ਜਾਲ ਮਾਇਆ ਦੇ।***

ਵਸ ਨਹੀਂ ਚਲਦਾ, ਸੁਰਤ ਸਾਰੀ ਹੈ। ਆਹ ਮੇਰੇ ਨਾਲ ਕੀ ਭਾਣਾ ਵਰਤ ਗਿਆ, ਮੈਨੂੰ ਤਾਂ ਗੁਰੂ ਸਾਹਿਬ ਨੇ ਕਿਹਾ ਸੀ ਕਿ ਮਰਦਾਨਿਆਂ! ਜਲਾਲ ਵਿਚ ਰਹੀਂ। ਕਿਸੇ ਦੇ ਪਿੱਛੇ ਨਾ ਲੱਗੀਂ, ਆਹ ਮੈਂ ਰਾਗ ਦੇ ਵਿਚ ਕਿਉਂ ਭੁੱਲਿਆ। ਕਿਉਂ ਮੈਂ ਇਨ੍ਹਾਂ ਦੀ ਬੋਲੀ ਚਾਲੀ ਨੂੰ ਦੇਖ ਕੇ ਕਿਹਾ ਕਿ ਇਹ ਤਾਂ ਬੜੀਆਂ ਚੰਗੀਆਂ ਨੇ। ਬਹੁਤ ਹਮਦਰਦੀ ਕਰਨ ਵਾਲੀਆਂ ਬੀਬੀਆਂ ਨੇ। ਮੈਂ ਤਾਂ ਇਨ੍ਹਾਂ ਗੱਲਾਂ 'ਚ ਭੁੱਲ ਗਿਆ।

ਮਰਦਾਨਾ ਸਾਡੇ ਨਾਲੋਂ ਫੇਰ ਵੀ ਚੰਗਾ ਸੀ, ਉਹਨੂੰ ਦਿਸ ਤਾਂ ਗਿਆ ਕਿ ਮੈਂ ਭੇਡੂ ਬਣਿਆ ਹੋਇਆ ਹਾਂ। ਸਾਨੂੰ ਤਾਂ ਨਹੀਂ ਦਿਸਦਾ ਕਿ ਅਸੀਂ ਕੀ ਬਣੇ ਹੋਏ ਹਾਂ। ਕਈ ਕਹਿੰਦੇ ਅਸੀਂ ਵੀ ਬਣੇ ਹੋਏ ਹਾਂ? ਮਹਾਰਾਜ ਕਹਿੰਦੇ –

*ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਅੰਗ – ੧੩੫੬*

ਜਿਹਦੇ ਹਿਰਦੇ 'ਚ ਗੁਰੂ ਮੰਤਰ ਨਹੀਂ, ਉਹ ਧ੍ਰਿਕਾਰਯੋਗ ਤੇ ਭ੍ਰਿਸਟਿਆ ਹੋਇਆ ਬੰਦਾ ਹੈ।

*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ*
*ਤੁਲਿ ਖਲਹ ॥ ਅੰਗ – ੧੩੫੬*

ਚਾਹੇ ਆਪਣੇ ਆਪ ਨੂੰ ਕੁੱਤਾ ਦੇਖ ਲਵੇ, ਚਾਹੇ ਸੂਰ ਦੇਖ ਲਵੇ, ਚਾਹੇ ਉਹ ਸੱਪ ਦੇਖ ਲਵੇ, ਚਾਹੇ ਗਧਾ ਦੇਖ ਲਏ, ਚਾਹੇ ਕਾਉਂ ਦੇਖ ਲਏ। ਲੇਕਿਨ ਅਸੀਂ ਬੇਸੁਰਤ ਹੋਏ ਹੋਏ ਹਾਂ ਸਾਨੂੰ ਨਹੀਂ ਪਤਾ ਕਿ ਅਸੀਂ ਕੀ ਹਾਂ। ਉਹਨੂੰ ਪਤਾ ਸੀ।

ਸੋ ਇਤਿਹਾਸ ਵਿਚ ਆਉਂਦਾ ਹੈ –

*ਸੋ ਸੁਨਿ ਪਾਨ ਪਿਆਵਨ ਕੇ*
*ਮਿਸਗ੍ਰੀਵ ਮੈਂ ਤੰਤੁ ਕੋ ਡਾਰਿ ਬੰਧਾਨਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ 541*

ਪਾਣੀ ਪੀਣ ਦੇ ਬਹਾਨੇ ਅੰਦਰ ਲੈ ਗਈ ਤੇ ਉਹਦੀ ਬਾਂਹ ਦੇ ਵਿਚ ਇਕ ਮੰਤਰਿਆ ਹੋਇਆ ਧਾਗਾ ਬੰਨ੍ਹ ਦਿਤਾ।

*ਏਂਢਕ ਭਾ ਪਲਟੀ ਨਰ ਦੇਹਿ ਕੁਰੂਪ ਭਯੋ ਮੁਖ*
*ਬੋਲਤਿ ਆਨ।*
*ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ – 541*

ਦੇਹ ਉਸੇ ਵੇਲੇ ਮੇਢੇ ਦੀ ਦਿਸਣ ਲੱਗ ਗਈ। ਬਹੁਤ ਕਰੂਪ ਹੋ ਗਿਆ ਤੇ ਮੁੱਖ ਤੋਂ ਭਿੰਆਂ-ਭਿੰਆਂ ਕਰਦਾ ਹੈ।

*ਚੰਚਲ ਨਾਰਿ ਚਲਿਤ੍ਰਹਿ ਸੋਂ ਕਰ*
*ਦਾਮਨਿ ਲੇ ਕਰਿ ਤਾ ਛਿਨ ਮਾਂਹੀ॥*
*ਗ੍ਰੀਵ ਵਿਖੈ ਤਿਨ ਬਾਂਧ ਲਈ*
*ਪੁਨ ਮੇਖ ਕੇ ਸੰਗ ਦਈ ਗਠ ਤਾਂਹੀ।*
*ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ – 541*

ਲੋਹੇ ਦੀ ਕਿੱਲੀ ਦੇ ਨਾਲ ਰੱਸੀ ਪਾ ਕੇ ਗੱਲ ਵਿਚ ਬੰਨ੍ਹ ਦਿਤਾ। ਜਿਹੜੀ ਉਥੇ ਗੱਡ ਦਿਤੀ।

*ਆਪ ਚਲੀ ਘਟ ਸੀਸ ਧਰਾ,*
*ਜਲ ਲੇਵਨ ਕੋ ਉਦਪਾਨ ਜਹਾਂਹੀ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 541*

ਆਪ ਪਾਣੀ ਲੈਣ ਵਾਸਤੇ ਸਿਰ ਤੇ ਘੜਾ ਲੈ ਕੇ ਚੱਲ ਪਈ।

*ਬੈਸ ਰਹਯੋ ਬਸ ਕੋ ਨ ਚਲੇ*
*ਬਸਿ ਟਾਮਨਿ ਕੈ ਫਸਿ ਫਾਂਸਨ ਮਾਂਹੀ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 541*

ਹੁਣ ਬੈਠਾ ਹੈ ਕੋਈ ਵਸ ਨਹੀਂ ਇਹਦਾ ਚਲਦਾ ਤੇ ਕੁਛ ਨਹੀਂ ਪਤਾ ਲਗਦਾ, ਫਸਿਆ ਬੈਠਾ ਹੈ। ਜਾਦੂ ਹੋ ਗਿਆ ਇਹਦੇ ਉਤੇ। ਹੁਣ ਇਕ ਗੱਲ ਦਾ ਧਿਆਨ ਇਹਨੂੰ ਆਉਂਦਾ ਹੈ, ਗੁਰੂ ਮਹਾਰਾਜ ਨਹੀਂ ਇਹਨੂੰ ਭੁੱਲੇ ਤੇ ਉਨ੍ਹਾਂ ਦੇ ਕੋਲ ਬਾਰ-ਬਾਰ ਬੇਨਤੀ ਕਰਦਾ ਹੈ।

*ਧਾਰਨਾ – ਬੁਰਾ ਭਲਾ ਜੀ ਮੈਂ ਤੇਰਾ ਮੇਰੇ*
*ਮਾਲਕਾ,*
*ਰੱਖ ਲੈ ਗਰੀਬ ਜਾਣ ਕੇ।*
*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥*
*ਕੇਤੇ ਗਨਉ ਅਸੰਖ ਅਵਗਣ ਮੇਰਿਆ ॥*
*ਅੰਗ – ੭੦੪*

ਬੇਨਤੀਆਂ ਕਰਦਾ ਹੈ, ਸਾਕਤਾਂ ਦੇ ਕਾਬੂ ਆ ਗਿਆ, ਸਾਕਤ ਦਾ ਜ਼ਿਕਰ ਗੁਰਬਾਣੀ ਦੇ ਅੰਦਰ ਬਹੁਤ ਜ਼ਿਆਦਾ ਆਉਂਦਾ ਹੈ, ਬਾਰ-ਬਾਰ ਆਉਂਦਾ ਹੈ ਸਾਕਤਾਂ ਦਾ ਜ਼ਿਕਰ ਕਿਉਂਕਿ ਉਹ ਸ਼ਕਤੀ ਦੀ ਪੂਜਾ ਕਰਦੇ ਨੇ, ਮਾੜੀਆਂ ਗੱਲਾਂ ਵਾਸਤੇ। ਦੱਸ ਸ਼ਕਤੀਆਂ ਨੇ ਆਮ ਤੌਰ ਤੇ। ਵੈਸੇ ਤਾਂ ਬੇਅੰਤ ਨੇ ਗਿਣਤੀ ਮਿਣਤੀ ਤੋਂ ਬਾਹਰ ਪਰ ਆਮ ਤੌਰ ਤੇ ਦੱਸ ਵੱਲ ਜ਼ਿਆਦਾ ਧਿਆਨ ਦਿੰਦੇ ਨੇ। ਕਾਲੀ ਦੇਵੀ, ਤਾਰਾ ਦੇਵੀ ਹੈ, ਸੰਤੋਸ਼ੀ ਹੈ, ਭਵਨੇਸ਼ਰੀ ਹੈ, ਭੈਰਵੀ ਹੈ, ਛਿਨਮਸਤ ਹੈ, ਧੂਮਰਮਤੀ ਹੈ, ਬਗਲਾ ਹੈ, ਮਤੰਗੀ ਹੈ ਤੇ ਕਮਲਾ ਹੈ। ਇਹ ਜਿਹੜਾ ਇਲਾਕਾ ਸੀ ਆਸਾਮ ਦਾ ਇਹ ਕਮਖਿਆ ਦੇਵੀ ਨੂੰ ਮੰਨਦੇ ਸੀ। ਅੱਜ ਵੀ ਮੰਦਰ ਉਥੇ ਹੈ ਕਮੱਖਿਆ ਦਾ ਤੇ ਮਨੁੱਖ ਦੀ ਬਲੀ ਦਿਤੀ ਜਾਂਦੀ ਸੀ। ਜਦੋਂ ਮੰਤਰ ਸਿੱਧ ਕਰਨਾ ਹੁੰਦਾ, ਮਨੁੱਖ ਪਾਲਿਆ ਜਾਂਦਾ। underground ਬਣੇ ਹੋਏ ਸੀ ਥਾਂ, ਹੇਠਾਂ ਉਤਰ ਜਾਣਾ। ਗਰੀਬ ਕੋਈ ਆ ਜਾਂਦਾ।

ਜਦੋਂ ਗੁਰੂ ਮਹਾਰਾਜ ਅਲਮੋੜੇ ਗਏ ਨੇ ਉਥੇ ਮਰਦਾਨਾ ਫਸ ਗਿਆ। ਮਰਦਾਨੇ ਦੀ ਬਲੀ ਦੇਣ ਵਾਸਤੇ ਲੈ ਗਏ ਕਿ ਆਹ ਪ੍ਰਦੇਸੀ ਹੈ ਇਹਦੀ ਬਲੀ ਦੇ ਦਿਓ। ਗੁਰੂ ਨਾਨਕ ਪਾਤਸ਼ਾਹ ਨੇ ਜਾ ਕੇ ਰਾਜਾ ਨਰਬਹਾਦਰ ਸੀ ਉਥੇ ਦਾ, ਐਸਾ ਕੌਤਕ ਦਿਖਾਇਆ ਆਪ ਨੇ ਕਿ ਉਹ ਦੇਵੀ ਰਾਜੇ ਨੂੰ ਹੀ ਮਾਰਨ ਵਾਸਤੇ ਤੁਰ ਪਈ। ਕਹਿੰਦੀ ਤੁਸੀਂ ਪ੍ਰਮੇਸ਼ਰ ਦਾ ਪਿਆਰਾ ਭਗਤ ਬੰਨ੍ਹਿਆ ਹੈ ਤੇ ਮੈਂ ਕੀ ਜਵਾਬ ਦੇਵਾਂਗੀ, ਤੁਸੀਂ ਇਹਦੀ ਬਲੀ ਦਿੰਦੇ ਹੋਂ ਤੇ ਓਸ ਰਾਜੇ ਨੇ ਗੁਰੂ ਨਾਨਕ ਦੇ ਚਰਨ ਫੜੇ। ਉਥੇ ਜਿਹੜਾ ਰਿਕਾਰਡ ਨਿਕਲਿਆ ਅਲਮੋੜੇ ਦਾ, ਕਰਨਲ ਲਾਲ ਸਿੰਘ ਨੇ ਕਢਾਇਆ ਸੀ ਜਾ ਕੇ, ਟੋਲ੍ਹਦੇ

ਤਾਂ ਕੁਛ ਹੋਰ ਸੀਗੇ ਨਾਨਕ ਮਤੇ ਦਾ, ਅਗਿੰਠਾ ਸਾਹਿਬ ਦਾ ਨਿਕਲ ਆਇਆ ਅਲਮੋੜੇ ਦਾ। ਉਥੇ ਲਿਖਿਆ ਹੋਇਆ ਹੈ ਕਿ ਗੁਰੂ ਨਾਨਕ ਦੇ ਮੰਦਰ ਨੂੰ ਰੋਜ਼ ਢਾਈ ਰੁਪਏ ਦੀ ਦੇਗ ਦੇਣੀ ਹੈ। ਦੇਵੀ ਦੇ ਮੰਦਰ ਨੂੰ ਚਾਰ ਆਨੇ ਦੀ, ਹੋਰ ਕਿਸੇ ਮੰਦਰ ਨੂੰ ਚਾਰ ਆਨੇ ਦੀ। ਇਕ ਨੂੰ ਅੱਠ ਆਨੇ ਦੀ, ਗੁਰੂ ਨਾਨਕ ਸਾਹਿਬ ਦੇ ਮੰਦਰ ਨੂੰ ਢਾਈ ਰੁਪਏ ਦੀ। ਉਹ ਢਾਈ ਰੁਪਿਆ ਹੁਣ ਦੇ ਪੰਜ ਛੇ ਸੌ ਰੁਪਏ ਵਰਗਾ ਸੀ। ਸਾਰੇ ਇਹੀ ਹਾਲ ਸੀ, ਨੇਪਾਲ ਵਿਚ ਵੀ ਇਹੀ ਹਾਲ ਸੀ, ਮਹਾਰਾਜ ਜਾਂਦੇ ਹੀ ਉਥੇ ਸੀ ਜਿਥੇ ਐਹੋ ਜਿਹਾ ਹਾਲ ਸੀ ਤੇ ਕਮੱਖਿਆ ਦੇਵੀ ਦੀ ਪੂਜਾ ਕਰਦੇ ਸੀ, ਬਲੀ ਦਿੰਦੇ ਸੀ। ਇਹਦੇ ਵਾਸਤੇ ਜਿਹੜਾ ਜੀਵਨ ਹੁੰਦਾ ਮੰਤਰੀਆਂ ਦਾ ਉਹ ਪਾਮਰ ਜੀਵਨ ਹੁੰਦਾ, ਵਿਸ਼ਈ ਜੀਵਨ ਹੁੰਦਾ। ਸ਼ਰਾਬ ਪੀਣੀ, ਮਾਸ ਖਾਣਾ, ਮੈਥੁਨ ਕਰਨਾ, ਮਧਰਾ ਪੀਣੀ। ਪੰਜ ਮੰਮਿਆਂ ਦਾ ਪ੍ਰਯੋਗ ਕਰਦੇ ਸੀ, ਸ਼ਕਤੀ ਦੀ ਪੂਜਾ ਕਰਦੇ ਸੀ ਤੇ ਪ੍ਰਮੇਸ਼ਰ ਨੂੰ ਬਿਲਕੁਲ ਨਹੀਂ ਸੀ ਜਾਣਦੇ। ਪ੍ਰਮੇਸ਼ਰ ਦੇ ਬਾਰੇ ਬੜੀਆਂ ਮਾੜੀਆਂ ਗੱਲਾਂ ਕਹਿ ਦਿੰਦੇ ਸੀ ਤੇ ਪ੍ਰਮੇਸ਼ਰ ਦੇ ਰਸ ਨੂੰ ਨਹੀਂ ਸੀ ਜਾਣਦੇ। ਮਹਾਰਾਜ ਨੇ ਐਸ ਤਰ੍ਹਾਂ ਫੁਰਮਾਨ ਕਰਿਆ ਹੈ –

***ਧਾਰਨਾ – ਨਹੀਂਓਂ ਜਾਣਦਾ, ਸਾਕਤ ਰਸ ਹਰੀ ਨਾਮ ਦਾ।***

ਪ੍ਰਮੇਸ਼ਰ ਦੇ ਨਾਮ ਦੇ ਰਸ ਨੂੰ ਸਾਕਤ ਨਹੀਂ ਜਾਣ ਸਕਦਾ ਕਿਉਂਕਿ ਉਹ ਕੁਰਸ ਦੇ ਵਿਚ ਪਿਆ ਹੋਇਆ ਹੈ। ਸ਼ਰਾਬਾਂ 'ਚ, ਮਾਸ, ਮੈਥੁਨ, ਭੋਗਾਂ ਦੇ ਅੰਦਰ, ਪ੍ਰਮੇਸ਼ਰ ਦੇ ਨਾਮ ਦੇ ਤਾਂ ਨੇੜੇ ਨਹੀਂ ਲਗਦਾ।

***ਸਾਕਤ ਹਰਿ ਰਸ ਸਾਦੁ ਨ ਜਾਣਿਆ***
***ਤਿਨ ਅੰਤਰਿ ਹਉਮੈ ਕੰਡਾ ਹੇ ॥***
***ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ***
***ਜਮਕਾਲੁ ਸਹਹਿ ਸਿਰਿ ਡੰਡਾ ਹੇ ॥***

***ਅੰਗ – ੧੩***

ਨਤੀਜਾ ਕੀ ਹੁੰਦਾ ਹੈ? ਜਮਾਂ ਦਾ ਡੰਡਾ ਸਿਰ ਵਿਚ ਪੈਂਦਾ ਹੈ ਤੇ ਅੰਮ੍ਰਿਤ ਨੂੰ ਕੌੜਾ ਕਹਿੰਦਾ ਹੈ, ਜ਼ਹਿਰ ਨੂੰ ਮਿੱਠੀ ਕਹਿੰਦਾ ਹੈ।

***ਧਾਰਨਾ – ਅੰਮ੍ਰਿਤ ਕੌੜਾ ਕਰਕੇ ਜਾਣੇ,***
***ਮਿੱਠਾ ਜਾਣੇ ਜ਼ਹਿਰ ਨੂੰ।***

ਮਹਾਰਾਜ ਕਹਿੰਦੇ, ਅੰਮ੍ਰਿਤ ਦਾ, ਨਾਮ ਦਾ ਤਾਂ ਉਸਨੂੰ ਬਿਲਕੁਲ ਪਤਾ ਨਹੀਂ। ਨਾਮ ਦੇ ਵੇਲੇ ਤਾਂ ਜਿਵੇਂ ਬਿੱਛੂ ਡੰਗ ਮਾਰਦਾ ਹੈ, ਐਸ ਤਰ੍ਹਾਂ ਹੁੰਦਾ ਹੈ।

***ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥***
***ਸਾਕਤ ਕੀ ਬਿਧਿ ਨੈਨਹੁ ਡੀਠੀ ॥ ਅੰਗ – ੮੯੨***

ਇਹ ਅੱਖਾਂ ਦੇ ਨਾਲ ਗੱਲ ਦੇਖ ਕੇ ਅਸੀਂ ਤੁਹਾਨੂੰ ਕਹਿੰਦੇ ਹਾਂ ਕਿ –

***ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਅੰਗ – ੮੯੨***

ਕੂੜ ਦੇ ਵਿਚ, ਕਪਟ ਦੇ ਵਿਚ, ਅਹੰਕਾਰ ਦੇ ਵਿਚ ਰੁਝਿਆ ਹੋਇਆ ਹੈ।

***ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥ ਅੰਗ – ੮੯੨***

ਜੇ ਪ੍ਰਮੇਸ਼ਰ ਦਾ ਨਾਮ ਸੁਣ ਲਵੇ, ਕੰਨਾਂ 'ਚ ਪੈ ਜਾਵੇ, ਜਿਹੋ ਜਿਹਾ ਬਿੱਛੂ ਨੇ ਡੰਗ ਮਾਰ ਦਿਤਾ, ਜਿਹੋ ਓਸ ਨੇ ਪ੍ਰਮੇਸ਼ਰ ਦਾ ਨਾਮ ਸੁਣ ਲਿਆ। ਕਹਿੰਦੇ ਉਲਟੀ ਬਾਤ ਕਰਦਾ ਹੈ –

***ਜੋ ਭਲਾਈ ਸੋ ਬੁਰਾ ਜਾਨੈ ॥***
***ਸਾਚੁ ਕਹੈ ਸੋ ਬਿਖੈ ਸਮਾਨੈ ॥ ਅੰਗ – ੧੯੦***

ਨਾਮ ਸਭ ਦੀ ਭਲਿਆਈ ਕਰਦਾ ਹੈ, ਜਮਦੂਤਾਂ ਤੋਂ ਛਡਾਉਂਦਾ ਹੈ, ਜੰਮਣ ਮਰਨ ਦੇ ਚੱਕਰ 'ਚੋਂ ਛਡਾਉਂਦਾ ਹੈ। ਲੇਕਿਨ ਜੋ ਸਾਕਤ ਨਰ ਹੈ ਜੰਤਰ ਮੰਤਰ ਦੇ ਵਿਚ ਪਿਆ ਹੋਇਆ, ਭੋਗਾਂ ਦੇ ਵਿਚ ਪਿਆ ਹੋਇਆ, ਮਦਰਾ, ਮਾਸ, ਮੱਛੀ, ਮੈਥੁਨ ਦੇ ਵਿਚ ਕਹਿੰਦੇ ਉਹ ਬੁਰਾ ਜਾਣਦਾ ਹੈ ਜੇ ਉਹਨੂੰ ਭਲਾਈ ਦੀ ਗੱਲ ਕਹੋ। ਕਹਿ ਕੇ ਦੇਖ ਲਓ ਮਾਸ ਖਾਣ ਵਾਲੇ ਨੂੰ ਕਿ ਤੂੰ ਮਾਸ ਨਾ ਖਾਇਆ ਕਰ ਤੇਰਾ ਨੁਕਸਾਨ ਹੈ। ਕਹਿੰਦਾ, ਨਾ ਇਹ ਤਾਂ ਖਾਣਾ ਹੀ ਚਾਹੀਦਾ ਹੈ। ਇਹ ਤਾਂ ਖੁਰਾਕ ਹੈ ਜੀ ਬਹੁਤ ਵਧੀਆ ਸਾਡੀ। ਹੈ ਖੁਰਾਕ ਜਿਹੜੇ ਪ੍ਰਮੇਸ਼ਰ ਤੋਂ ਭੁੱਲੇ ਹੋਏ ਨੇ। ਜਿਨ੍ਹਾਂ ਨੂੰ ਪ੍ਰਮੇਸ਼ਰ ਦੇ ਦਰ ਤੇ ਯਾਦ ਹੈ ਵਾਹਿਗੁਰੂ ਦਾ ਨਾਮ, ਜਿਨ੍ਹਾਂ ਦੇ ਅੰਦਰ ਦਇਆ ਹੈ ਜੀਵਾਂ ਦੀ ਉਹ ਨਹੀਂ ਖਾਂਦੇ ਕਿਸੇ ਦਾ ਮਾਸ। ਉਨ੍ਹਾਂ ਤੇ ਕੀ ਮਤਲਬ ਹੈ ਜਦੋਂ ਜ਼ਿੰਦਗੀ ਦੇ ਨਹੀਂ ਸਕਦੇ, ਲੈ ਕਿਵੇਂ ਸਕਦੇ ਨੇ। ਆਪ ਤਾਂ ਮੁਕਤ ਨਹੀਂ ਹੁੰਦੇ, ਕਹਿੰਦੇ ਜਾਨਵਰਾਂ ਨੂੰ ਮੁਕਤ ਕਰ ਰਹੇ ਹਾਂ। ਪਾਪ ਬੰਨ੍ਹ ਰਹੇ ਓਂ ਗਲਾਂ ਦੇ ਉਤੇ।

***ਕਬੀਰ ਖੂਬੁ ਖਾਨਾ ਖੀਚਰੀ***
***ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥***

***ਅੰਗ – ੧੩੭੪***

ਪਹਿਲਾਂ ਜਾਨਵਰ ਮਾਰ ਕੇ ਖਾਓ, ਫੇਰ ਕਹਿੰਦੇ ਆਪਣੇ ਗਲ ਕਟਾਓ। ਇਹਦੇ ਨਾਲੋਂ ਤਾਂ ਸਾਨੂੰ ਰੁੱਖੀ ਮਿੱਸੀ ਖਾ ਕੇ –

***ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥***
***ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥***

***ਅੰਗ – ੧੩੭੯***

ਉਹੀ ਅੰਮ੍ਰਿਤ ਵਰਗੀ ਹੈ। ਸੋ ਇਹ ਚੀਜ਼ ਨਹੀਂ ਉਹ ਸਮਝਦਾ।

***ਕੂੜਿ ਕਪਟਿ ਅਹੰਕਾਰਿ ਰੀਝਾਨਾ ॥***
***ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥***
***ਜੋ ਭਲਾਈ ਸੋ ਬੁਰਾ ਜਾਨੈ ॥***
***ਸਾਚੁ ਕਹੈ ਸੋ ਬਿਖੈ ਸਮਾਨੈ ॥ ਅੰਗ – ੧੯੦***

ਜਦੋਂ ਸੱਚੀ ਗੱਲ ਕਹਿ ਦਿਓ ਬਿਹੁ ਵਰਗੀ ਲਗਦੀ ਹੈ ਕਿ ਮੈਨੂੰ ਸੁਣਾ-ਸੁਣਾ ਕਹਿੰਦੇ ਨੇ।

*ਜਾਣੈ ਨਾਹੀ ਜੀਤ ਅਰੁ ਹਾਰ ॥*
*ਇਹੁ ਵਲੇਵਾ ਸਾਕਤ ਸੰਸਾਰ ॥ ੨ ॥*
*ਜੋ ਹਲਾਹਲ ਸੋ ਪੀਵੈ ਬਉਰਾ ॥*
*ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥*

***ਅੰਗ - ੧੮੦***

ਕਹਿੰਦੇ ਜਿਹੜੀ ਜ਼ਹਿਰ ਹੈ ਐਡਾ ਬਉਰਾ ਹੋਇਆ ਹੋਇਆ ਹੈ ਉਹਨੂੰ ਪੀਂਦਾ ਹੈ।

*ਸਾਧਸੰਗ ਕੈ ਨਾਹੀ ਨੇਰਿ ॥* ***ਅੰਗ - ੧੮੦***

ਨੇੜੇ ਨਹੀਂ ਆਉਂਦਾ ਸੰਗਤ ਦੇ। ਗਾਲ੍ਹਾਂ ਕੱਢਦਾ ਹੈ ਜਿਥੇ ਸੰਗਤ ਹੁੰਦੀ ਹੋਵੇ। ਨੇੜੇ ਨਹੀਂ ਆਉਂਦਾ, ਗੱਲਾਂ ਬਣਾਉਂਦਾ ਹੈ।

*ਲਖ ਚਉਰਾਸੀਹ ਭ੍ਰਮਤਾ ਫੇਰਿ ॥* ***ਅੰਗ - ੧੮੦***

ਨਤੀਜਾ ਕੀ ਹੁੰਦਾ ਹੈ, 84 ਲੱਖ ਜੂਨਾਂ ਦੇ ਵਿਚ ਘੁੰਮਦਾ ਫਿਰਦਾ ਹੈ।

*ਸਾਕਤ ਨਰ ਹੋਛੀ ਮਤਿ ਮਧਿਮ..........॥*

***ਅੰਗ - ੨੯੯***

ਉਹਦੀ ਮਤ ਜਿਹੜੀ ਹੈ ਉਹ ਮਧਮ ਹੈ।

*ਜਿਨ੍ ਹਰਿ ਹਰਿ ਸੇਵ ਨ ਕਰਾ ॥*
*ਤੇ ਨਰ ਭਾਗਹੀਨ ਦੁਹਚਾਰੀ ਓਇ......।।*

***ਅੰਗ - ੧੮੦***

ਭਾਗਾਂ ਤੋਂ ਹੀਣਾ ਦੋ ਚਾਰੀ ਹੈ।

*.......ਜਨਮਿ ਮੁਏ ਫਿਰਿ ਮਰਾ ॥* ***ਅੰਗ - ੧੮੦***

ਜੰਮਦਾ ਰਹਿੰਦਾ ਹੈ ਤੇ ਮਰਦਾ ਰਹਿੰਦਾ ਹੈ।

*ਪਰ ਹਰਨਾ ਲੋਭੁ ਝੂਠ ਨਿੰਦ*
*ਇਵ ਹੀ ਕਰਤ ਗੁਦਾਰੀ ॥* ***ਅੰਗ - ੬੮੧***

ਬੇਗਾਨੀ ਨਿੰਦਿਆ, ਬੇਗਾਨਾ ਨੁਕਸਾਨ ਲੋਭ ਦੇ ਵਿਚ ਪੈ ਕੇ, ਝੂਠ 'ਚ ਪੈ ਕੇ ਨਿੰਦਿਆ 'ਚ ਪੈ ਕੇ, ਬੇਗਾਨੀਆਂ ਚੀਜ਼ਾਂ ਚੋਰੀ ਕਰਕੇ ਕਹਿੰਦੇ ਉਹਨੇ ਜ਼ਿੰਦਗੀ ਗੁਜ਼ਾਰ ਦਿਤੀ।

*ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ*
*ਇਹ ਟੇਕ ਮਨਹਿ ਸਾਧਾਰੀ ॥ ੧ ॥*
*ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥*

***ਅੰਗ - ੬੮੧***

ਉਹਦੀ ਜਿਹੜੀ ਉਮਰ ਹੈ ਬਿਰਥਾ ਜਾ ਰਹੀ ਹੈ। ਕਿਵੇਂ ਜਾ ਰਹੀ ਹੈ -

*ਜੈਸੇ ਕਾਗਦ ਕੇ ਭਾਰ ਮੂਸਾ ਟੂਕਿ*
*ਗਵਾਵਤ ਕਾਮਿ ਨਹੀ ਗਾਵਾਰੀ ॥* ***ਅੰਗ - ੬੮੧***

ਕਾਗਜ਼ ਹੋਵੇ ਲਿਖਿਆ ਹੋਵੇ, ਖਾਲੀ ਹੋਵੇ ਚੂਹਾ ਵੜ ਜਾਵੇ ਸਾਰਿਆਂ ਨੂੰ ਕੱਟ-ਕੱਟ ਕੇ ਗਵਾ ਦਿੰਦਾ ਹੈ ਕਿਸੇ ਕੰਮ ਨਹੀਂ ਆਉਂਦੇ। ਇਸੇ ਤਰ੍ਹਾਂ ਦੇ ਨਾਲ ਜਿਹੜੇ ਸਾਕਤ ਹਨ ਉਹਦੀ ਜਿਹੜੀ ਉਮਰ ਹੈ ਉਹ ਬਿਰਥੀ ਜਾਂਦੀ ਹੈ। ਇਥੇ ਤੱਕ ਹੀ ਨਹੀਂ ਹੈ ਜਿਹੜਾ ਉਹਦੀ ਸੰਗਤ ਕਰਦਾ ਹੈ ਉਹ ਵੀ ਫਸ ਜਾਂਦਾ ਹੈ ਇਸ ਕਰਕੇ ਕਬੀਰ ਸਾਹਿਬ ਕਹਿੰਦੇ ਨੇ -

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*

***ਅੰਗ - ੧੩੭੧***

ਦੂਰ ਤੋਂ ਨੱਠ ਜਾਓ। ਕਾਲੇ ਭਾਂਡੇ ਦੇ ਨੇੜੇ ਜੇ ਚਿੱਟੇ ਕਪੜੇ ਵਾਲਾ ਜਾਏਗਾ ਤਾਂ ਉਡ ਕੇ ਉਹਦੇ ਉਤੇ ਦਾਗ ਜ਼ਰੂਰ ਪੈ ਜਾਣਾ ਹੈ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਲੇਖਾ ਪੈ ਜਾਊ ਦਰਗਾਹ ਵਿਚ ਦੇਣਾ,***
***ਸਾਕਤਾਂ ਦਾ ਸੰਗ ਨਾ ਕਰੀਂ।***

*ਕਬੀਰ ਸੰਗਤਿ ਕਰੀਐ ਸਾਧ ਕੀ*
*ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥*

***ਅੰਗ - ੧੩੬੯***

ਕਹਿੰਦੇ ਸਾਕਤ ਦੀ ਸੰਗ ਕਰਕੇ ਕੀ ਹੁੰਦਾ ਹੈ ਅੰਤ ਦੇ ਸਮੇਂ ਖਰਾਬੀ ਹੁੰਦੀ ਹੈ, ਖੁਆਰੀ ਹੁੰਦੀ ਹੈ -

ਸੋ ਇਹ ਪੂਜਾ ਕਰਨ ਵਾਲੇ ਸ਼ਕਤੀਆਂ ਦੀ ਮਾੜੇ ਕੰਮਾਂ ਦੇ ਵਾਸਤੇ ਦੁਨੀਆਂ ਦਾ ਨੁਕਸਾਨ ਕਰਨ ਵਾਸਤੇ। ਆਹ ਬੀਬੀਆਂ ਸੰਗਤ ਕਰਦੀਆਂ ਨੇ ਜ਼ਿਆਦਾ। ਪਤਾ ਲਗ ਜਾਏ ਫਲਾਣੇ ਥਾਉਂ ਸਿਆਣਾ ਰਹਿੰਦਾ ਹੈ, ਪਹਿਲਾਂ ਲਿਆ ਕੇ ਆਪਣੇ ਪਤੀ ਨੂੰ ਖਿਲਾਉਂਦੀਆਂ ਨੇ। ਉਹ ਕਮਲਾ ਜਿਹਾ ਉਥੇ ਤੁਰਿਆ ਫਿਰਦਾ ਹੈ, ਫੇਰ ਬਾਬਾ ਜੀ ਕੋਲ ਆ ਜਾਂਦੀਆਂ ਨੇ ਕਿ ਬਾਬਾ ਜੀ! ਇਹਦੇ ਦਿਮਾਗ ਨੂੰ ਪਤਾ ਨਹੀਂ ਕੀ ਹੋਇਆ ਹੈ। ਬੀਬੀ ਜੀ ਕਹਿਣਗੇ, ਖਲਾਇਆ ਹੋਣਾ ਕਿਤੋਂ ਲਿਆ ਕੇ ਤੂੰ ਕਿ ਮੇਰੇ ਵਸ ਵਿਚ ਆ ਜਾਏ। ਨੂੰਹ ਸੱਸ ਨੂੰ ਖਿਲਾ ਦਿੰਦੀ ਹੈ, ਸੱਸ ਨੂੰਹ ਨੂੰ ਖਿਲਾ ਦਿੰਦੀ ਹੈ। ਇਹ ਨਾ ਜਾਇਆ ਕਰੋ ਭਾਈ! ਮਾੜਾ ਕੰਮ ਹੈ, ਮਾੜੇ ਬੰਦਿਆਂ ਕੋਲ ਜਾ ਕੇ ਲੇਖੇ ਦੇਣੇ ਪੈ ਜਾਣਗੇ। ਸੋ ਇਹ ਜਾਦੂ ਟੂਣਾ ਹਿੰਦੁਸਤਾਨ ਦੇ ਅੰਦਰ ਬਹੁਤ ਬਿਮਾਰੀ ਸੀ ਇਹਦੀ। ਸਾਰੇ ਹੀ ਸੀ, ਦੁਨੀਆਂ ਭਰ 'ਚ ਸੀ, ਹੁਣ ਵੀ ਹੈਗੀ।

ਅਮਰੀਕਾ 'ਚ ਮੈਂ ਦੇਖਿਆ ਹੈ ਉਥੇ ਵੀ ਇਹ ਗੱਲਾਂ ਚਲਦੀਆਂ ਨੇ, ਇੰਗਲੈਂਡ ਵੀ ਚਲਦੀਆਂ ਨੇ। ਇਨ੍ਹਾਂ ਨੂੰ ਕਾਲੀਆਂ ਸ਼ਕਤੀਆਂ ਕਹਿੰਦੇ ਨੇ। ਉਹ ਕਾਬੂ ਕਰ ਲੈਂਦੇ ਨੇ।

ਔਰੰਗਜ਼ੇਬ ਆਪਣੀ ਕਿਤਾਬ ਦੇ ਵਿਚ ਲਿਖਦਾ ਹੈ, ਉਹਦਾ ਨਾਉਂ ਹੈ ਮੁਆਸਰੇ ਆਲਮਗੀਰੀ। ਉਹ ਕਹਿੰਦਾ ਇਕ ਵਾਰੀ ਮੈਂ ਜਾਦੂ ਦੇਖਣ ਲਗ ਗਿਆ। ਬੰਗਾਲ ਦੇ ਅੰਦਰ ਇਕ ਹਨ੍ਹੇਰੀ ਆਈ, ਬਹੁਤ ਗੁਬਾਰ ਆਇਆ, ਉਹਦੇ ਵਿਚ ਇਕ ਬਹੁਤ ਹੀ ਭਿਆਨਕ ਰੂਹ ਆਈ ਜਿਹੋ ਜਿਹੀ ਕਲਜੁਗ ਕਹਿੰਦੇ ਹਾਂ ਨਾ ਅਸੀਂ, ਸਾਖੀ ਸੁਣਾਉਂਦੇ ਹੁੰਦੇ ਹਾਂ ਕਲਜੁਗ ਦੀ, ਕਹਿੰਦੇ ਉਹਦਾ ਸਿਰ ਬੱਦਲਾਂ ਨਾਲ ਲੱਗਿਆ ਹੋਇਆ

ਤੇ ਉਹ ਲੰਘ ਗਈ, ਆ ਕੇ ਹਨ੍ਹੇਰੀ ਉਥੇ ਹੀ ਗਾਇਬ ਹੋ ਗਈ, ਇਕ ਕਿਲੋਮੀਟਰ ਵਿਚ ਨਾ ਕੋਈ ਬੰਦਾ, ਨਾ ਕੋਈ ਡੰਗਰ, ਕੋਈ ਜੀਉਂਦਾ ਨਾ ਰਿਹਾ। ਕਹਿੰਦਾ ਮੈਂ ਹੈਰਾਨ ਹੋ ਗਿਆ ਕਿ ਕੀ ਸ਼ਕਤੀ ਸੀ ਇਹ ਕਿ ਜਿਹੜੀ ਇਸ ਹਨ੍ਹੇਰੀ 'ਚ ਹੈ। ਦੂਸਰਾ ਉਹ ਲਿਖਦਾ ਹੈ ਕਿ ਮੈਂ ਇਕ ਸ਼ੀਸ਼ਾ ਦੇਖਿਆ, ਤਰਬੂਜ ਲਿਆਂਦਾ ਉਹ ਜਦੋਂ ਤਰਬੂਜ਼ ਦੇ ਸਾਮ੍ਹਣੇ ਕਰਿਆ ਤਾਂ ਉਹ ਤਰਬੂਜ ਉਸੇ ਵੇਲੇ ਸੁੱਕ ਗਿਆ, ਕੁਛ ਨਾ ਰਿਹਾ ਉਹਦੇ 'ਚ, ਕਹਿੰਦੇ ਜਦੋਂ ਉਹਦਾ ਪੁੱਠਾ ਪਾਸਾ ਪਲਟ ਕੇ ਕਰਿਆ, ਉਹ ਤਰਬੂਜ਼ ਓਵੇਂ ਜਿਵੇਂ ਫੇਰ ਹਰਾ ਹੋ ਗਿਆ। ਕਹਿੰਦਾ, ਤੀਸਰੀ ਮੈਂ ਇਕ ਗੱਲ ਦੇਖੀ ਮੈਨੂੰ ਇਕ ਬਕਸਾ ਦਿਤਾ ਕਿਸੇ ਨੇ, ਮੈਨੂੰ ਉਹ ਕਹਿਣ ਲੱਗਿਆ ਕਿ ਤੁਸੀਂ ਹਾਥੀ ਜੋੜ ਕੇ ਬਕਸੇ ਨੂੰ ਖਿੱਚ ਕੇ ਦਿਖਾਓ। ਕਹਿੰਦਾ, ਜਿਹੜਾ ਸਾਰਿਆਂ ਨਾਲੋਂ ਤਕੜਾ ਹਾਥੀ ਸੀ ਉਹ ਜੋੜਿਆ, ਸੰਗਲ ਪਾ ਦਿਤੇ ਬਕਸੇ ਨੂੰ, ਛੋਟਾ ਜਿਹਾ ਬਕਸਾ ਸੀ, ਜਦੋਂ ਹਾਥੀ ਬਕਸਾ ਖਿੱਚਣ ਲੱਗਿਆ, ਹਾਥੀ ਤੋਂ ਬਕਸਾ ਨਾ ਖਿੱਚ ਹੋਵੇ। ਉਸ ਵੇਲੇ ਉਹ ਕਹਿਣ ਲੱਗਿਆ ਕਿ ਹੁਣ ਤੁਸੀਂ ਇਕ ਬੱਕਰੀ ਮੰਗਾਓ। ਬੱਕਰੀ ਮੰਗਾਈ, ਐਧਰਲੇ ਪਾਸੇ ਹਾਥੀ ਖਿੱਚ ਰਿਹਾ ਹੈ, ਦੂਜੇ ਪਾਸੇ ਬੱਕਰੀ ਖਿੱਚ ਰਹੀ ਹੈ। ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਬੱਕਰੀ ਨੇ ਸਣੇ ਹਾਥੀ, ਸਣੇ ਬਕਸੇ ਨੱਠੀ ਜਾਂਦੀ ਹੈ ਪੂਰੇ ਜ਼ੋਰ ਨਾਲ ਖਿੱਚੀਂ। ਸੋ ਇਹ ਚੀਜ਼ਾਂ ਉਸ ਵੇਲੇ ਆਮ ਸੀ।

ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜਦੋਂ ਪਟਨੇ ਸਾਹਿਬ ਗਏ ਨੇ ਉਸ ਵੇਲੇ ਰਾਜਾ ਰਾਮ ਸਿੰਘ ਰਾਜ ਪੁਤਾਨੇ ਦੇ। ਔਰੰਗਜ਼ੇਬ ਥੋੜ੍ਹਾ ਉਹਦੇ ਨਾਲ ਖਿੱਝਦਾ ਸੀ ਤੇ ਜਿਹਨੂੰ ਸਜ਼ਾ ਦੇਣੀ ਹੁੰਦੀ, ਮਿੱਠੀ ਸਜ਼ਾ ਉਹਨੂੰ ਆਸਾਮ ਦੇ ਵਿਚ ਫੌਜ ਦੇ ਕੇ ਭੇਜ ਦਿੰਦੇ ਸੀ ਤੇ ਕਿੰਨੇ ਜਰਨੈਲ ਉਥੇ ਜਾ ਕੇ ਮਰ ਚੁੱਕੇ ਸੀ ਕਿਉਂਕਿ ਉਥੇ ਦੇ ਰਾਜੇ ਨਾਲ ਲੜਾਈ ਕਰਦੇ ਸੀ। ਉਹ ਜਾਦੂ ਦੀ ਲੜਾਈ ਲੜਦੇ ਸੀ। ਜਿਹੜੇ ਮੁਗਲ ਸਰਦਾਰ ਸੀ ਆਪਣੇ ਨਾਲ, ਜਾਂਦੇ ਹੋਏ ਇਸਲਾਮ ਦੇ ਜਿਹੜੇ ਵੱਡੇ ਪੰਜ ਪੀਰ ਸੀਗੇ, ਉਨ੍ਹਾਂ ਪੀਰਾਂ ਨੂੰ ਲੈ ਗਏ। ਇਕ ਦਾ ਨਾਉਂ ਤਾਂ ਸ਼ਾਹ ਅਕਬਰ ਸੀ, ਇਕ ਦਾ ਨਾਉਂ ਸ਼ਾਹ ਬਾਗਮਾਰ, ਦੂਸਰੇ ਦਾ ਨਾਉਂ ਸ਼ਾਹਸਰਮਖ ਸੀ, ਤੀਸਰੇ ਦਾ ਨਾਉਂ ਸੀ ਸ਼ਾਹ ਸਾਦੀ, ਚੌਥੇ ਦਾ ਸੀ ਸ਼ਾਹ ਕਮਾਲ। ਪੰਜ ਵੱਡਿਆਂ ਨੂੰ ਲੈ ਗਏ ਜਿਹੜੇ ਬਹੁਤ ਵੱਡੇ-ਵੱਡੇ ਜਾਦੂਆਂ ਨੂੰ ਰੋਕ ਕੇ, ਆਪ ਕਰ ਦਿੰਦੇ ਸੀ। ਲੇਕਿਨ ਡਰਦੇ ਹੋਏ ਜਾਂਦੇ ਸੀ ਕਿ ਉਨ੍ਹਾਂ ਦੀ ਤਾਕਤ ਜ਼ਿਆਦਾ ਹੈ, ਰਾਜਾ ਰਾਮ ਸਿੰਘ ਗੁਰੂ ਤੇਗ ਬਹਾਦਰ ਜੀ ਦੇ ਪਾਸ ਆਏ, ਢਾਕੇ। ਕਹਿਣ ਲੱਗੇ, ਸੱਚੇ ਪਾਤਸ਼ਾਹ! ਐਸ ਤਰ੍ਹਾਂ ਦੇ ਨਾਲ, ਮੈਂ ਮੁਹਿੰਮ ਤੇ ਜਾ ਰਿਹਾ ਹਾਂ, ਤੁਸੀਂ ਕ੍ਰਿਪਾ ਕਰੋ। ਬਚਣ ਦਾ ਕੋਈ ਸਾਧਨ ਨਹੀਂ ਹੈ, ਅੱਜ ਤੱਕ ਤਾਂ ਕੋਈ ਬਚ ਕੇ ਆਇਆ ਨਹੀਂ। ਜਿਹੜਾ ਗਿਆ ਹੈ ਉਹ ਮਾਰਿਆ ਗਿਆ ਹੈ ਤੇ ਮੈਂ ਆਪ ਦਾ ਦਾਸ ਹਾਂ ਮੇਰੇ ਤੇ ਕ੍ਰਿਪਾ ਕਰੋ ਮੈਨੂੰ ਹੋਰ ਕੋਈ ਸਹਾਰਾ ਨਹੀਂ। ਗੁਰੂ ਮਹਾਰਾਜ ਕਹਿੰਦੇ, ਚੰਗਾ ਚਲੋ ਅਸੀਂ ਵੀ ਆਉਂਦੇ ਹਾਂ ਤੇ ਗੁਰੂ ਮਹਾਰਾਜ ਧੋਬੜੀ ਘਾਟ ਪਹੁੰਚ ਗਏ। ਧੋਬੜੀ ਘਾਟ ਜਾ ਕੇ ਉਧਰਲੇ ਪਾਸੇ ਉਨ੍ਹਾਂ ਸਾਰੇ ਜਾਦੂਗਰਾਂ ਨੇ ਆ ਕੇ ਜਿਥੇ ਗੁਰੂ ਮਹਾਰਾਜ ਸੀ, ਉਹਦੇ ਪਰਲੇ ਪਾਸੇ ਆਪਣੇ ਕੈਂਪ ਲਾ ਲਏ। ਉਸ ਵੇਲੇ ਮਹਾਰਾਜ ਜੀ ਨੇ ਸਾਰੇ ਕਮਾਂਡਰਾਂ ਨੂੰ ਬੁਲਾਇਆ, ਕਹਿਣ ਲੱਗੇ ਦੇਖੋ! ਇਹ ਰਾਤ ਨੂੰ ਦਰਿਆ ਚਾੜ੍ਹਨਗੇ, ਤੁਸੀਂ ਨੀਵੇਂ ਥਾਉਂ ਤੋਂ ਫੌਜਾਂ ਕੱਢ ਲਓ। ਉਸ ਵੇਲੇ ਰਾਜਾ ਰਾਮ ਸਿੰਘ ਨੇ ਆਪਣੀ ਫੌਜ ਕੱਢ ਲਈ, ਬਹੁਤ ਸਾਰਿਆਂ ਨੇ ਦੂਸਰਿਆਂ ਨੇ ਵੀ ਜਿਹੜੇ ਮਹਾਰਾਜ ਜੀ ਤੇ ਭਰੋਸਾ ਰਖਦੇ ਸੀ, ਨੇ ਕੱਢ ਲਈ। ਕਈ ਆਕੜ ਗਏ ਕਿ ਲੈ ਫੌਜ ਕੱਢ ਲਈਏ, ਅਸੀਂ ਕੋਈ ਡਰਾਕਲ ਹਾਂ ਕਿ ਫੌਜ ਕੱਢ ਲਵਾਂਗੇ। ਉਹ ਦਰਿਆ ਕਿਵੇਂ ਚਾੜ੍ਹ ਦੇਣਗੇ। ਅੱਧੀ ਰਾਤ ਤੋਂ ਬਾਅਦ ਦਰਿਆ ਚੜ੍ਹ ਗਿਆ, ਬ੍ਰਹਮਪੁਤਰ। ਸਾਰਿਆਂ ਨੂੰ ਰੋੜ੍ਹ ਕੇ ਲੈ ਗਿਆ।

ਮਹਾਰਾਜ ਜੀ ਕੋਲ ਆ ਕੇ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ ਫੌਜ ਰੁੜ੍ਹ ਗਈ। ਮਹਾਰਾਜ ਨੇ ਕਿਹਾ ਕਿ ਭਾਈ! ਇਨ੍ਹਾਂ ਨੇ ਬਚਨ ਦੇ ਉਤੇ ਭਰੋਸਾ ਨਹੀਂ ਕਰਿਆ। ਇਹ ਜਾਦੂ ਦੇ ਦੇਸ਼ 'ਚ ਆਏ ਹੋਏ ਹੋਂ ਤੁਸੀਂ। ਸਾਮ੍ਹਣੇ ਬੈਠੇ ਨੇ। ਉਸ ਤੋਂ ਬਾਅਦ ਦੂਸਰੇ ਦਿਨ ਮਹਾਰਾਜ ਜੀ ਨੇ ਸਾਰੇ ਸਿੱਖਾਂ ਨੂੰ ਬੁਲਾਇਆ, ਕਹਿਣ ਲੱਗੇ ਦੇਖੋ, ਸੱਤਰ ਸੀਗੇ ਮਹਾਰਾਜ ਜੀ ਦੇ ਨਾਲ, ਕਹਿਣ ਲੱਗੇ ਤੁਸੀਂ ਪ੍ਰਭੂ ਦਾ ਨਾਮ ਜਪਿਓ। ਵਾਹਿਗੁਰੂ ਨਾਮ 'ਚ ਐਨੀ ਸ਼ਕਤੀ ਹੈ ਕਿ ਕੋਈ ਚੀਜ਼ ਨੇੜੇ ਨਹੀਂ ਆ ਸਕਦੀ। ਤੁਸੀਂ ਵਾਹਿਗੁਰੂ ਨਾਮ ਦੀ ਕਾਰ ਕੱਢ ਲਓ।

ਧਾਰਨਾ - ਜਾਦੂ ਟੂਣੇ ਦੀ ਪੇਸ਼ ਨਾ ਜਾਵੇ,
ਜਿਨ੍ਹਾਂ ਦੇ ਦੁਆਲੇ ਕਾਰ ਨਾਮ ਦੀ

***ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥***
***ਚਉਗਿਰਦ ਹਮਾਰੈ ਰਾਮ ਕਾਰ***
***ਦੁਖੁ ਲਗੈ ਨ ਭਾਈ ॥੧॥***
***ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥***
***ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥***
***ਰਹਾਉ ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ***
***ਮਿਟਾਈ ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ***
***॥੨॥*** ***ਅੰਗ - ੮੧੯***

ਮਹਾਰਾਜ ਕਹਿੰਦੇ ਦੇਖੋ ਸਿੱਖੋ, ਬਾਣੀ ਪੜ੍ਹਦੇ ਰਿਹੋ, ਨਾਮ ਜਪਦੇ ਰਿਹੋ। ਕਿਸੇ ਜਾਦੂ ਟੂਣੇ ਦਾ ਤੁਹਾਡੇ ਉਤੇ ਅਸਰ ਨਹੀਂ ਹੋਏਗਾ। ਐਨੇ ਨੂੰ ਜੋ ਓਧਰਲੇ ਪਾਸੇ ਬੈਠੇ ਸੀ ਉਨ੍ਹਾਂ ਦਾ ਇੰਚਾਰਜ ਇਕ ਬੀਬੀ ਸੀ ਧੋਬਣ, ਤੇ ਦੂਸਰਾ ਉਨ੍ਹਾਂ ਦਾ ਨਗੀਨਾ ਨਾਮ ਦਾ ਜਾਦੂਗਰ ਸੀ ਤੇ ਆਪਣੇ ਜਾਦੂ ਦੇ ਹਿਸਾਬ ਨਾਲ ਦੇਖਿਆ। ਰਾਜਾ ਚੱਕਰਧੂਜ ਨੂੰ ਕਹਿਣ ਲੱਗੇ ਕਿ ਰਾਜਨ! ਸਾਡਾ ਜਾਦੂ ਇਹ ਦਸਦਾ ਹੈ ਕਿ ਐਤਕੀਂ ਫੌਜ ਦੇ ਨਾਲ ਇਕ ਬਹੁਤ ਵੱਡੀ ਸ਼ਕਤੀ ਵਾਲੇ ਕੋਈ ਆਏ ਹੋਏ ਨੇ ਪੀਰ। ਐਤਕੀਂ ਸਾਨੂੰ ਖਤਰਾ ਲੱਗ ਰਿਹਾ ਹੈ, ਬਾਕੀਆਂ ਨੂੰ ਤਾਂ ਅਸੀਂ ਸਮਝਦੇ ਨਹੀਂ, ਪਰ ਇਹ ਤਾਂ ਅੰਦਾਜ਼ਾ ਹੀ ਨਹੀਂ ਕਿ ਕਿੰਨੀ ਸ਼ਕਤੀ ਵਾਲੇ ਆ ਗਏ ਤੇ ਓਸ ਵੇਲੇ ਉਨ੍ਹਾਂ ਨੇ

ਮਹਾਰਾਜ ਜੀ ਦੇ ਉਤੇ 26 ਫੁੱਟ ਲੰਮਾ, ਇਕ ਪਾਸਿਓਂ 36 ਇੰਚ ਚੌੜਾ, ਇਕ ਪਾਸਿਓਂ 22 ਇੰਚ ਚੌੜਾ, ਇਕ ਪਾਸਿਓ 33 ਇੰਚ ਚੌੜਾ, ਇਕ ਪਾਸਿਓਂ 26 ਇੰਚ; ਐਡਾ ਚੌੜਾ ਪੱਥਰ ਮਾਰਿਆ ਤੇ ਮਹਾਰਾਜ ਜੀ ਜਿੱਥੇ ਟੈਂਟ ਵਿਚ ਸੀਗੇ, ਟੈਂਟ ਦੇ ਉਤੇ ਨਹੀਂ ਲੱਗਿਆ, ਦਰਵਾਜ਼ੇ ਦੇ ਬਾਹਰਲੇ ਪਾਸੇ 13 ਫੁੱਟ ਧਰਤੀ 'ਚ ਚਲਿਆ ਗਿਆ। 13 ਫੁੱਟ ਬਾਹਰ ਰਹਿ ਗਿਆ। ਮਹਾਰਾਜ ਖੜ੍ਹੇ ਦੇਖ ਰਹੇ ਨੇ, ਅਜੇ ਦੇਖਦੇ ਹੀ ਨੇ ਕਿ ਇਕ ਬੜਾ ਭਾਰਾ ਦਰਖਤ ਉਡਿਆ ਆਉਂਦਾ ਹੈ, ਤੇ ਟੈਂਟ ਦੇ ਮੂਹਰੇ ਆ ਕੇ ਧਰਤੀ ਦੇ ਵਿਚ ਧੱਸ ਗਿਆ। ਇਹ ਦੋਵੇਂ ਚੀਜ਼ਾਂ ਧੋਬੜੀ ਘਾਟ ਖੜ੍ਹੀਆਂ ਨੇ, ਦਰਸ਼ਨ ਕਰਦੇ ਨੇ ਸਾਰੇ। ਅੰਗਰੇਜ਼ ਨੇ ਆ ਕੇ ਇਸਨੂੰ ਖੋਦਣ ਦਾ ਯਤਨ ਕੀਤਾ ਕਿ ਦੇਖੀਏ ਕਿ ਮੈਟਰੀਅਲ ਕੀ ਹੈ, ਚੀਜ਼ ਕੀ ਹੈ? ਉਹਦੇ ਵਿਚੋਂ ਖੂਨ ਨਿਕਲਦਾ ਹੈ। ਉਹ ਫੇਰ ਏਸ ਕਰਕੇ ਉਨ੍ਹਾਂ ਨੇ ਛੱਡ ਦਿਤਾ, ਐਸਾ ਸਾਰੇ ਇਤਿਹਾਸਾਂ ਵਿਚ ਜ਼ਿਕਰ ਆਉਂਦਾ ਹੈ। ਉਸ ਤੋਂ ਬਾਅਦ ਦੌੜੇ ਆਏ ਰਾਜਾ ਰਾਮ ਸਿੰਘ। ਕਹਿੰਦੇ ਸੱਚੇ ਪਾਤਸ਼ਾਹ! ਬੇਅੰਤ ਇਸਤ੍ਰੀਆਂ ਅਸਮਾਨ ਤੇ ਚੜ੍ਹੀਆਂ ਹੋਈਆਂ ਪੱਥਰਾਂ ਦੀ ਬਾਰਿਸ਼ ਕਰ ਰਹੀਆਂ ਨੇ, ਦਰਖਤ ਵੱਡੇ-ਵੱਡੇ ਸੁੱਟ ਰਹੀਆਂ ਨੇ, ਹੁਣ ਕੀ ਹੋਏਗਾ? ਮਹਾਰਾਜ ਕਹਿੰਦੇ, ਸਾਰਿਆਂ ਨਾਲੋਂ ਵੱਡਾ ਮੰਤਰ ਜਿਹੜਾ ਦੁਨੀਆਂ 'ਚ ਹੈ ਨਾ, ਜਿਹੜਾ ਅਸੀਂ ਸੰਸਾਰ ਨੂੰ ਦੇਣ ਆਏ ਹਾਂ ਉਹ 'ਵਾਹਿਗੁਰੂ' ਮੰਤਰ ਹੈ, ਚਾਰ ਅੱਖਰ ਲਿਖ ਦਿਤੇ ਕਾਗਜ਼ ਤੇ, ਆ ਲਓ। ਕਹਿੰਦੇ ਇਹਨੂੰ ਚਲਾ ਦਿਓ। ਮਹਾਰਾਜ ਜੀ ਨੇ ਆਪਣੇ ਬਾਣ ਦੇ ਨਾਲ ਬੰਨ੍ਹ ਕੇ ਅਸਮਾਨ ਵਿਚ ਮਾਰਿਆ ਤੇ ਸਾਰੀ ਸ਼ਕਤੀ ਜਿੰਨੀ ਸੀ ਟੋਟਲ ਸਾਰੀ ਖਿੱਚ ਲਈ। ਉਸ ਵੇਲੇ ਸਾਰੀਆਂ ਥੱਲੇ ਉਤਰ ਕੇ ਕੋਈ ਜ਼ੋਰ ਨਹੀਂ ਚਲਦਾ, ਖਤਮ ਹੋ ਗਈਆਂ, ਸ਼ਬਦ ਨੇ ਖਿੱਚ ਲਈਆਂ ਸਾਰੀਆਂ, ਵਾਹਿਗੁਰੂ ਮੰਤਰ ਨੇ।

ਮੈਂ ਇਹ ਦਸਣਾ ਹੈ ਕਿ ਨਾਮ ਕਿੱਡੀ ਵੱਡੀ ਚੀਜ਼ ਹੈ, ਜਿਹਦੇ ਵੱਲ ਅਸੀਂ ਧਿਆਨ ਨਹੀਂ ਦਿੰਦੇ। ਸੋ ਉਸ ਵੇਲੇ ਹੈਰਾਨ ਹੋਏ ਤੇ ਜਿਹੜਾ ਨਗੀਨਾ ਸੀ, ਰਾਜੇ ਨੂੰ ਕਿਹਾ ਕਿ ਇਹ ਤਾਂ ਹੁਣ ਕੋਈ ਉਪਾਅ ਕਰੋ। ਬਹੁਤ ਵੱਡੀ ਕੋਈ ਹਸਤੀ ਆ ਗਈ ਜਿਹਦੇ ਅੱਗੇ ਸਾਡੀ ਕੋਈ ਪੇਸ਼ ਨਹੀਂ ਜਾਂਦੀ। ਕਹਿੰਦਾ ਦੇਖ ਕੇ ਆਓ ਕੌਣ ਹੈ, ਨਗੀਨਾ ਕਬੂਤਰ ਬਣ ਕੇ ਮਹਾਰਾਜ ਦੇ ਟੈਂਟ ਦੇ ਉਤੇ ਆ ਕੇ ਬੈਠ ਗਿਆ। ਮਹਾਰਾਜ ਕਹਿੰਦੇ, ਆਹ ਕਬੂਤਰ ਨੂੰ ਘੇਰੋ ਭਾਈ। ਹੇਠਾਂ ਉਤਾਰ ਲਿਆ, ਮਨੁੱਖ ਰੂਪ 'ਚ ਬਣਾ ਲਿਆ, ਕਹਿੰਦੇ ਕੀ ਗੱਲ? ਕਹਿੰਦਾ, ਸੱਚੇ ਪਾਤਸ਼ਾਹ! ਇਹ ਮੁਗਲਾਂ ਦਾ ਰਾਜ ਹੈ ਤੇ ਅੱਜ ਤੱਕ ਮੁਗਲ ਸਾਡੇ ਦੇਸ਼ ਵਿਚ ਪੈਰ ਨਹੀਂ ਧਰ ਸਕੇ ਤੇ ਅਸੀਂ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੇ ਕਿਉਂਕਿ ਜਾਦੂ ਟੂਣਾ ਸਾਡੇ ਕੋਲ ਐਨਾ ਜ਼ਬਰਦਸਤ ਹੈ ਕਿ ਉਹ ਸਾਡੇ ਮੂਹਰੇ ਕੁੱਛ ਵੀ ਨਹੀਂ ਹੈਗੇ ਤੇ ਹੁਣ ਤੁਸੀਂ ਉਨ੍ਹਾਂ ਦੀ ਮਦਦ ਤੇ ਆ ਗਏ। ਹੁਣ ਕੀ ਬਣੇਗਾ? ਸਾਡਾ ਤਾਂ ਜ਼ੋਰ ਨਹੀਂ ਚੱਲ ਰਿਹਾ। ਫੌਜ ਸਾਡੇ ਕੋਲ ਐਨੀ ਤਕੜੀ ਨਹੀਂ ਹੈ, ਪਹਿਲਾਂ ਅਸੀਂ ਲੜਾਈ ਦੇ ਵਿਚ ਕਈ ਵਾਰੀ ਹਾਰ ਦੇ ਚੁੱਕੇ ਹਾਂ। ਲੇਕਿਨ ਹੁਣ ਸਾਡੀ ਕੋਈ ਪੇਸ਼ ਨਹੀਂ ਜਾਂਦੀ। ਆਪ ਕ੍ਰਿਪਾ ਕਰੋ ਸਾਡੀ ਰਖਸ਼ਾ ਵੀ ਕਰੋ।

ਮਹਾਰਾਜ ਕਹਿੰਦੇ, ਆਪਣੇ ਰਾਜੇ ਨੂੰ ਕਹੋ ਕਿ ਉਹ ਸਮਝੌਤਾ ਕਰ ਲਵੇ, ਬਾਇੱਜ਼ਤ ਤਰੀਕੇ ਨਾਲ ਸਮਝੌਤਾ ਕਰਦੇ ਨੇ। ਇਧਰ ਵੀ ਰਾਮ ਸਿੰਘ ਰਾਜਾ ਬੜਾ ਮਸ਼ਬੂਰ ਹੈ। ਸੋ ਮਹਾਰਾਜ ਨੇ ਦੂਸਰੇ ਦਿਨ ਰਾਜੇ ਨੂੰ ਮਿਲ ਕੇ, ਪਾਰ ਲੈ ਗਏ ਰਾਮ ਸਿੰਘ ਨੂੰ ਤੇ ਉਥੇ ਸਮਝੌਤਾ ਕਰਾ ਦਿਤਾ ਤੇ ਆਪ ਉਥੇ ਰਾਜੇ ਕੋਲ ਬਹੁਤ ਦੇਰ ਰਹੇ, ਉਨ੍ਹਾਂ ਨੂੰ ਨਾਮ ਦੀ ਮਹਿਮਾ ਦੇ ਬਾਰੇ ਦੱਸਿਆ ਕਿ ਤੁਸੀਂ ਇਹ ਜਾਦੂ ਟੂਣੇ ਛੱਡ ਦਿਓ। ਇਹ ਕੁਛ ਵੀ ਨਹੀਂ ਤੁਹਾਨੂੰ ਨਰਕਾਂ 'ਚ ਲਈ ਜਾਂਦੇ ਨੇ। ਜਿਹੜਾ ਸਾਰਿਆਂ ਨਾਲੋਂ ਵੱਡਾ ਮਹਾਂਮੰਤ੍ਰ ਹੈ ਉਹ ਵਾਹਿਗੁਰੂ ਨਾਮ ਹੈ, ਉਹਦੀ ਚਰਨ ਸ਼ਰਨ 'ਚ ਆਓ। ਮੂਲਮੰਤ੍ਰ ਦੀ ਸ਼ਰਨ 'ਚ ਆਓ। ਜਪੁਜੀ ਸਾਹਿਬ ਨੂੰ ਪੜ੍ਹੋ ਇਹਦੇ ਨਾਲੋਂ ਦੁਨੀਆਂ ਦੇ ਅੰਦਰ ਕੋਈ ਵੱਡਾ ਮੰਤਰ ਨਹੀਂ।

ਲੇਕਿਨ ਇਹ ਸਭ ਕੁਛ ਆਮ ਸੀ ਉਸ ਵੇਲੇ ਸਾਧਸੰਗਤ ਜੀ! ਸੋ ਮੈਂ ਇਹ ਬੇਨਤੀ ਕਰਦਾ ਹਾਂ ਕਿ ਕਈ ਪ੍ਰੇਮੀ ਏਸ ਤਰ੍ਹਾਂ ਕਹਿ ਦਿੰਦੇ ਨੇ। ਉਹ ਠੀਕ ਹੈ ਇਹ ਜੋ ਉਸ ਸਮੇਂ ਦੇ effects ਨੇ ਨਾ ਲਿਖੇ ਹੋਏ, ਉਹ ਐਵੇਂ ਨਹੀਂ ਹੈਗੇ ਕਿ ਮਨਘੜਤ ਗੱਲਾਂ ਨੇ। ਕੋਈ ਨਾ ਕੋਈ ਉਨ੍ਹਾਂ ਵਿਚ ਜ਼ਰੂਰ ਹੈ, ਭਾਈ ਗੁਰਦਾਸ ਜੀ ਲਿਖਦੇ ਨੇ ਜਿਹੜੇ ਗੁਰੂ ਨਾਨਕ ਪਾਤਸ਼ਾਹ ਤੋਂ ਥੋੜ੍ਹੀ ਦੇਰ ਬਾਅਦ ਹੋਏ ਕਿ ਗੁਰੂ ਨਾਨਕ ਪਾਤਸ਼ਾਹ ਜਿਸ ਵਕਤ ਅਚੱਲ ਵਟਾਲੇ ਗਏ, ਓਸ ਵੇਲੇ ਜਿਹੜੇ ਸਿੱਧ ਸੀਗੇ, ਗੁਰੂ ਨਾਨਕ ਪਾਤਸ਼ਾਹ ਦੇ ਜਾਂਦੇ ਸਾਰ ਜਿੰਨੀ ਦੁਨੀਆਂ, ਖਲਕਤ ਉਥੇ ਆਈ ਹੋਈ ਸੀ ਮੇਲੇ 'ਚ। ਪਹਿਲਾਂ ਅਚੱਲ ਵਟਾਲਾ ਸਿੱਧਾਂ ਦਾ ਸੀਗਾ। ਸਿੱਧਾਂ ਦੇ ਕੋਲ ਜਾਇਆ ਕਰਦੇ ਸੀ। ਲੇਕਿਨ ਜਦੋਂ ਗੁਰੂ ਨਾਨਕ ਪਾਤਸ਼ਾਹ ਚਲੇ ਗਏ, ਉਸ ਵੇਲੇ ਕੀ ਕੌਤਕ ਦੇਖਿਆ ਕਿ ਉਥੇ ਇਕ ਰਾਸ ਪਾਉਣ ਵਾਲੇ ਨੇ ਭੱਗਤੀਏ, ਉਨ੍ਹਾਂ ਦਾ ਲੋਟਾ ਸਿੱਧਾਂ ਨੇ ਆਪਣੀ ਸ਼ਕਤੀ ਦੇ ਨਾਲ, ਪੈਸਿਆਂ ਦਾ ਭਰਿਆ ਹੋਇਆ ਗੁੰਮ ਕਰ ਦਿਤਾ, ਉਹ ਵਿਚਾਰੇ ਘਬਰਾ ਗਏ ਤੇ ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਨੂੰ ਦੱਸ ਦਿਤਾ ਕਿ ਫਲਾਣੇ ਥਾਉਂ ਪਿਆ ਹੈ ਚੁੱਕ ਲਿਆਓ। ਜਦੋਂ ਉਹ ਗੱਲ ਹੋਈ ਉਸ ਵੇਲੇ ਸਿੱਧਾਂ ਨੇ ਬੜੀ ਖੁਣਸ ਖਾਧੀ ਆਪਣੇ ਮਨ ਦੇ ਅੰਦਰ, ਗੁੱਸਾ ਖਾਧਾ ਕਿ ਇਹ ਗੁਰੂ ਨਾਨਕ ਸਾਡਾ ਬਣਿਆ ਬਣਾਇਆ ਖੇਲ੍ਹ ਵਿਗਾੜ ਰਿਹਾ ਹੈ। ਗੁਰੂ ਨਾਨਕ ਚਾਹੁੰਦੇ ਸੀ ਕਿ ਇਨ੍ਹਾਂ ਨੂੰ ਸਤਿ ਦਾ ਮਾਰਗ ਦੱਸਿਆ ਜਾਵੇ ਕਿਉਂਕਿ ਇਹ ਗਲਤ ਚੀਜ਼ਾਂ ਦੇ ਵਿਚ ਪਏ ਹੋਏ ਨੇ। ਇਹ ਸਾਰੀਆਂ ਪ੍ਰਮੇਸ਼ਰ ਤੋਂ ਭੁਲਾਉਣ ਵਾਲੀਆਂ ਨੇ ਜਿੰਨੀਆਂ ਤਾਕਤਾਂ ਨੇ। ਸੋ ਮਹਾਰਾਜ ਜੀ ਨੇ ਆਪਣੀ ਬਾਣੀ ਅੰਦਰ ਵੀ ਏਸ ਤਰ੍ਹਾਂ ਫੁਰਮਾਨ ਕਰਦਾ ਹੈ -

***ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾਂ***
***ਮੇਰਿਆ ਸਿੱਧੀਆਂ ਦੇ ਖੇਲ੍ਹ ਦੇਖ ਕੇ।***
***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਅੰਗ - ੧੪*

ਮਹਾਰਾਜ ਕਹਿਣ ਲੱਗੇ, ਇਹ ਤਾਂ ਚੀਜ਼ਾਂ ਸਾਰੀਆਂ ਭੁਲਾਉਣ ਵਾਲੀਆਂ ਨੇ, ਮਹਾਰਾਜ ਜੀ ਦੇ ਕੋਲ ਆ ਗਏ ਸਾਰੇ ਇਕੱਠੇ ਹੋ ਕੇ। ਕਹਿੰਦੇ, ਹੇ ਨਾਨਕ! ਤੂੰ ਸਾਡੇ ਕੰਮ ਦੇ ਵਿਚ ਹਰ ਥਾਂ ਦੇ ਉਤੇ ਦਖਲ ਦਿੰਦਾ ਹੈਂ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਆਪ ਵੀ ਭੁੱਲੇ ਹੋਏ ਓਂ ਤੇ ਦੁਨੀਆਂ ਨੂੰ ਵੀ ਭੁਲਾ ਰਹੇ ਓਂ। ਪ੍ਰਮੇਸ਼ਰ ਦੇ ਨਾਮ ਨੂੰ ਭੁੱਲ ਕੇ ਨਾਟਕਾਂ ਚੇਟਕਾਂ 'ਚ ਪਏ ਓਂ।

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।*

ਇਹ ਪ੍ਰਭੂ ਦੇ ਪਿਆਰਿਆਂ ਦਾ ਰਸਤਾ ਨਹੀਂ ਹੈ। ਇਹ ਤਾਂ ਦੁਨੀਆਦਾਰ, ਮਾਇਆ ਦੇ ਵਿਚ ਫਸੇ ਹੋਏ ਬੰਦਿਆਂ ਦਾ ਕੰਮ ਹੈ। ਹਿਪਮੋਟੀਜ਼ਮ ਕਰ ਦੈਣੀ, ਮਿਸਮਰੇਜ਼ਮ ਕਰ ਲੈਣੀ ਕਿਉਂਕਿ ਇਹ ਦੋਵੇਂ ਤਾਕਤਾਂ west ਵਿਚ ਵੀ ਪਤਾ ਹੈ। ਹਿਪਨੋਟਾਈਜ਼ ਕਰ ਦੇਣਾ।

ਇਥੇ ਇਕ ਗਵਈਆ ਪਾਸ਼ਾ ਹੁੰਦਾ, ਜਦੋਂ ਮੈਂ ਪਟਿਆਲੇ ਹੁੰਦਾ। ਉਹਨੇ ਇਕ ਖੇਲ੍ਹ ਦਿਖਾਇਆ। ਉਹ ਹੈਰਾਨ ਕਰਨ ਵਾਲਾ ਸੀ ਸਾਰਾ, ਜਿਹੜੇ ਪੁਰਾਣੇ ਬੰਦੇ ਨੇ ਸਭ ਜਾਣਦੇ ਨੇ। ਅਜੀਬ-ਅਜੀਬ ਚੀਜ਼ਾਂ ਉਸ ਨੇ ਦਿਖਾਈਆਂ। ਬਾਅਦ ਵਿਚ ਕਹਿਣ ਲੱਗਿਆ ਕਿ ਮੈਂ ਤਾਂ ਇਕ ਖੇਲ੍ਹ ਦਿਖਾਇਆ ਹੈ, ਇਹਦੇ ਵਿਚ ਕੋਈ ਨਾ ਆਇਆ ਹੈ, ਨਾ ਕੋਈ ਗਿਆ ਹੈ। ਕੁਛ ਨਹੀਂ ਹੋਇਆ, ਇਹ ਮੇਰੇ ਮਨ ਦਾ ਇਕ ਅਸਰ ਸੀ ਤੁਹਾਡੇ ਉਤੇ ਪੈ ਰਿਹਾ। ਤੁਹਾਨੂੰ ਆਦਮੀ ਤੀਵੀਆਂ ਨਜ਼ਰ ਆ ਰਹੇ ਸੀ। ਤੀਵੀਆਂ ਤੁਹਾਨੂੰ ਆਦਮੀ ਨਜ਼ਰ ਆਉਂਦੇ ਸੀ। ਬੰਦਾ ਤੁਹਾਨੂੰ ਅਸਮਾਨ ਦੇ ਵਿਚ ਲਟਕਦਾ ਨਜ਼ਰ ਆਉਂਦਾ ਸੀ, ਮੈਂ ਕੁਛ ਨਹੀਂ ਕਰਿਆ ਮੇਰਾ ਇਕ ਖਿਆਲ ਕੰਮ ਕਰ ਰਿਹਾ ਸੀ। ਸੋ ਉਹਨੂੰ ਹਿਪਨੋਟੀਜ਼ਮ ਕਹਿੰਦੇ ਨੇ। ਮਿਸਮਰੇਜ਼ਮ ਪਹਿਲੇ ਮਦਰਾਸ ਵਿਚ ਖੁਲ੍ਹਿਆ ਸੀ ਹਾਸਪੀਟਲ ਮਿਸਮਰੇਜ਼ਮ ਦਾ। ਇਹ ਆਪਰੇਸ਼ਨ ਕਰਨ ਵਾਲੇ ਕਲੋਰੋਫਾਰਮ ਨਹੀਂ ਸੀ ਸੁੰਘਾਉਂਦੇ ਹੁੰਦੇ, ਉਹ ਆਪਣੀ ਸ਼ਕਤੀ ਦੇ ਨਾਲ ਦੇਖੀ ਜਾਂਦੇ ਸੀ, ਜਦੋਂ ਦੇਖ ਲੈਂਦੇ ਸੀ ਉਹਨੂੰ ਫੇਰ ਚੂੰਡੀ ਭਰ ਕੇ ਕਹਿੰਦੇ ਸੀ ਦੁਖ ਲਗਦਾ ਹੈ? ਕਹਿੰਦਾ ਸੀ ਨਾ। ਸਰੀਰ ਨੂੰ ਹੱਥ ਲਾ ਕੇ ਦੇਖਣਾ, ਕਹਿਣਾ ਨਾ ਕੁਛ ਨਹੀਂ ਪਤਾ ਲਗਦਾ। ਫੇਰ ਉਹ ਆਪਰੇਸ਼ਨ ਕਰ ਦਿੰਦੇ ਹੁੰਦੇ ਸੀ। ਇਹ ਮਾਨਸਿਕ ਸ਼ਕਤੀਆਂ ਨੇ ਸਾਧਸੰਗਤ ਜੀ! ਇਹ ਮਾਨਸਿਕ ਸ਼ਕਤੀਆਂ ਜੇ ਉਲਟੇ ਪਾਸੇ ਲਾ ਲਈਏ ਤਾਂ ਨਰਕਾਂ ਨੂੰ ਲੈ ਜਾਂਦੀਆਂ ਨੇ। ਇਹੀ ਸ਼ਕਤੀ ਨੂੰ ਜੇ ਅਸੀਂ ਵਾਹਿਗੁਰੂ ਨਾਮ ਦੇ ਨਾਲ ਅਸੀਂ ਸਿੱਧੇ ਰਸਤੇ ਲਾਈਏ ਤਾਂ ਇਹ ਪ੍ਰਮੇਸ਼ਰ ਦਾ ਗਿਆਨ ਕਰਾ ਕੇ ਜੀਵ ਦਾ ਜਨਮ ਮਰਨ ਕੱਟ ਦਿੰਦੀਆਂ ਨੇ। ਸੋ ਇਹ ਗੱਲ ਗੁਰੂ ਮਹਾਰਾਜ ਦੱਸਣ ਵਾਸਤੇ ਥਾਂ-ਥਾਂ ਦੇ ਉਤੇ ਕੌਤਕ ਕਰ ਰਹੇ ਸੀ।

ਅੱਜ ਅਚੱਲ ਵਟਾਲੇ ਬੈਠੇ ਨੇ ਉਨ੍ਹਾਂ ਨੇ ਭਗਤੀਆਂ ਦੀ ਜੋ ਪੂਜਾ ਸੀ, ਸਾਰਾ ਧਨ ਜੋ ਸੀ ਲਕੋ ਲਿਆ ਤੇ ਗੁਰੂ ਮਹਾਰਾਜ ਨੇ ਦੱਸ ਕੇ ਕਢਾ ਦਿਤਾ। ਉਹ ਗੁਰੂ ਮਹਾਰਾਜ ਕੋਲ ਆ ਗਏ ਤੇ ਮਹਾਰਾਜ ਨੂੰ ਕਹਿਣ ਲੱਗੇ ਤੂੰ ਸਾਨੂੰ ਤਾਕਤ ਦਿਖਾ। ਮਹਾਰਾਜ ਕਹਿੰਦੇ ਤਾਕਤ ਕਾਹਦੀ? ਸਾਡੇ ਕੋਲ ਤਾਂ ਕੋਈ ਤਾਕਤ ਹੀ ਨਹੀਂ ਹੈ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਬਚਨ ਸੁਣੇ ਤੇ ਮਹਾਰਾਜ ਨੇ reject ਕਰ ਦਿਤੀਆਂ ਰਿੱਧੀਆਂ ਸਿੱਧੀਆਂ ਉਸ ਵੇਲੇ ਆਪਣੀ ਤਾਕਤ ਦਿਖਾਉਣੀ ਸ਼ੁਰੂ ਕਰ ਦਿਤੀ।

*ਇਹਿ ਸੁਣਿ ਬਚਨ ਜੋਗੀਸਰਾ*
*ਮਾਰਿ ਕਿਲਕ ਬਹੁ ਰੂਇ ਉਠਾਈ॥*
***ਭਾਈ ਗੁਰਦਾਸ ਜੀ, ਵਾਰ 1/41***

ਰੌਲਾ ਪਾ ਦਿਤਾ ਉਸ ਵੇਲੇ ਉਨ੍ਹਾਂ ਨੇ ਬਹੁਤ ਜ਼ਿਆਦਾ।

*ਖਟਿ ਦਰਸਨ ਕਉ ਖੇਦਿਆ*
*ਕਲਿਜੁਗਿ ਨਾਨਕ ਬੇਦੀ ਆਈ॥*
***ਭਾਈ ਗੁਰਦਾਸ ਜੀ, ਵਾਰ 1/41***

ਕਹਿਣ ਲੱਗੇ ਓ ਸਿੱਧੋ! ਹੈਰਾਨੀ ਦੀ ਗੱਲ ਹੈ, ਗੁਰੂ ਨਾਨਕ ਨੇ reject ਕਰ ਦਿਤੇ ਛੇਈ ਸ਼ਾਸਤਰ। ਇਹ ਨਾਨਕ ਬੇਦੀ ਕਲਜੁਗ 'ਚ ਆਏ ਨੇ, ਇਹਨੇ ਸਾਰੀ ਮਰਿਆਦਾ ਜਾਤ ਪਾਤ ਦੀ, ਵਰਨਾਂ ਦੀ ਬਦਲ ਕੇ ਰੱਖ ਦਿਤੀ। ਤੇ ਹੁਣ ਸਾਡੇ ਹਠ ਯੋਗ, ਪ੍ਰਾਣਾਯਾਮ ਨੂੰ ਕਹਿੰਦੇ ਨੇ ਕਿ ਇਹ ਕਿਸੇ ਕੰਮ ਨਹੀਂ। ਉਸ ਵੇਲੇ ਕਹਿੰਦੇ ਦਿਖਾਓ ਏਹਨੂੰ -

*ਸਿਧਿ ਬੋਲਨਿ ਸਭਿ ਅਵਖਧੀਆਂ*
*ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।*
***ਭਾਈ ਗੁਰਦਾਸ ਜੀ, ਵਾਰ 1/41***

ਉਸ ਵੇਲੇ ਤੰਤਰ, ਮੰਤਰ, ਜੰਤਰ ਕਰਨੇ ਸ਼ੁਰੂ ਕਰ ਦਿਤੇ -

*ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤ ਦਿਖਾਈ।* ***ਭਾਈ ਗੁਰਦਾਸ ਜੀ, ਵਾਰ 1/41***

ਰੂਪ ਵਟਾਉਣੇ ਸ਼ੁਰੂ ਕਰ ਦਿਤੇ, ਕਿਸੇ ਨੇ ਸ਼ੇਰ ਦਾ ਰੂਪ ਧਾਰ ਲਿਆ, ਕਿਸੇ ਨੇ ਬਘਿਆੜ ਦਾ ਰੂਪ ਧਾਰ ਲਿਆ, ਕਿਸੇ ਨ ਸੱਪ ਦਾ ਰੂਪ ਧਾਰ ਲਿਆ। ਇਕਨਾਂ ਨੇ ਫੰਘ ਲਾ ਕੇ ਅਸਮਾਨ 'ਚ ਉਡਣਾ ਸ਼ੁਰੂ ਕਰ ਦਿਤਾ।

*ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੈ ਲੀਲਾਈ॥* ***ਭਾਈ ਗੁਰਦਾਸ ਜੀ, ਵਾਰ 1/41***

ਜਿਵੇਂ ਪੰਛੀ ਅਸਮਾਨ 'ਚ ਤਾਰੀਆਂ ਲਾਉਂਦੇ ਨੇ, ਐਉਂ ਤਾਰੀਆਂ ਲਾਉਂਦੇ ਨੇ।

*ਇਕਨਾ ਨਾਗ ਹੋਇ ਪਉਣ ਛੋੜਿਆ*
*ਇਕਨਾ ਵਰਖਾ ਅਗਨਿ ਵਸਾਈ।*
***ਭਾਈ ਗੁਰਦਾਸ ਜੀ, ਵਾਰ 1/41***

ਇਕ ਵੱਡੇ-ਵੱਡੇ ਨਾਗ ਹੋ ਕੇ ਫਰਾਟੇ ਮਾਰ ਰਹੇ ਨੇ। ਇਕਨਾ ਨੇ ਅੱਗ ਦੀ ਵਰਖਾ ਬਰਸਾਉਣੀ ਸ਼ੁਰੂ ਕਰ ਦਿਤੀ।

ਸਾਰਾ ਮੇਲਾ ਉਸ ਨਾਟਕ ਨੂੰ ਦੇਖਣ ਵਾਸਤੇ ਆ ਗਿਆ ਤੇ ਡਰੇ ਹੋਏ ਨੇ ਸਾਰੇ।

***ਤਾਰੇ ਤੋੜੇ ਭੰਗਰਿਨਾਥ,***
***ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।***
***ਭਾਈ ਗੁਰਦਾਸ ਜੀ, ਵਾਰ 1/41***

ਜਿਹੜਾ ਭੰਗਰਨਾਥ ਹੈ ਉਹ ਵੱਡੇ-ਵੱਡੇ ਅੱਗ ਦੇ ਗੋਲੇ ਸੁੱਟ ਰਿਹਾ ਹੈ ਕਹਿੰਦਾ ਮੈਂ ਤਾਰੇ ਤੋੜ-ਤੋੜ ਕੇ ਸੁੱਟ ਰਿਹਾ ਹਾਂ

***.....ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।***
***ਭਾਈ ਗੁਰਦਾਸ ਜੀ, ਵਾਰ 1/41***

ਇਕ ਪਾਣੀ ਦੇ ਵਿਚ ਤੈਰ ਰਹੇ ਨੇ, ਇਹ ਮਿਰਗਾਨੀਆਂ ਤੇ ਬੈਠੇ ਅਸਮਾਨ ਦੇ ਵਿਚ ਉਡਦੇ ਫਿਰਦੇ ਨੇ।

***ਸਿਧਾਂ ਅਗਨਿ ਨ ਬੁਝੈ ਬੁਝਾਈ॥***
***ਭਾਈ ਗੁਰਦਾਸ ਜੀ, ਵਾਰ 1/41***

ਐਨੀ ਅੱਗ ਲੱਗ ਗਈ ਉਨ੍ਹਾਂ ਦੇ ਹਿਰਦੇ ਦੇ ਅੰਦਰ ਕਿ ਉਨ੍ਹਾਂ ਨੂੰ ਸ਼ਾਂਤੀ ਨਹੀਂ ਆਉਂਦੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ ਕਿ ਤੂੰ ਦਿਖਾ, ਅਸੀਂ ਦੇਖ ਕਿੰਨੀਆਂ ਸ਼ਕਤੀਆਂ ਦਿਖਾਉਂਦੇ ਹਾਂ। ਮਹਾਰਾਜ ਨੇ ਕਿਹਾ ਕਿ ਅਸੀਂ ਤੁਹਾਡੇ ਵਾਲੀਆਂ ਰਿੱਧੀਆਂ ਸਿੱਧੀਆਂ ਨਹੀਂ ਜਾਣਦੇ। ਅਸੀਂ ਤਾਂ ਸ਼ਬਦ ਦੀ ਸ਼ਕਤੀ ਲੈ ਕੇ ਆਏ ਹਾਂ। ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਬੋਲ ਦਿਤਾ ਨਾ, ਉਚੀ ਆਵਾਜ਼ ਵਿਚ ਕਹਿ ਦਿਤਾ 'ਵਾਹਿਗੁਰੂ'। ਹੋਇਆ ਕੀ? ਦੜੰਮ-ਦੜੰਮ ਗਿਰਨ ਲੱਗ ਗਏ ਸਾਰੇ। ਕੋਈ ਕਾਇਮ ਨਾ ਰਿਹਾ। ਐਉਂ ਪੜ੍ਹ ਲਓ -

***ਧਾਰਨਾ - ਸ਼ਕਤੀ ਸਭ ਛੁਪ ਗਈ ਜੀ,***
***ਮੁਖਹੁ ਜਦ ਬੋਲਿਆ ਵਾਹਿਗੁਰੂ।***
***ਸਿਧਿ ਬੋਲਨਿ ਸੁਣਿ ਨਾਨਕਾ***
***ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।***
***ਭਾਈ ਗੁਰਦਾਸ ਜੀ, ਵਾਰ 1/42***

ਤੂੰ ਸਾਰੇ ਜਗ ਵਿਚ ਕਰਾਮਾਤ ਦਿਖਾਉਂਦਾ ਹੈਂ ਨਾਮ ਦੀ।

***ਕੁਝ ਵਿਖਾਲੇਂ ਅਸਾ ਨੋ***
***ਤੁਹਿ ਕਿਉ ਢਿਲ ਅਵੇਹੀ ਲਾਈ।***
***ਭਾਈ ਗੁਰਦਾਸ ਜੀ, ਵਾਰ 1/42***

ਹੁਣ ਕਿਉਂ ਡਰਿਆ ਬੈਠਾ ਹੈਂ। ਸਾਨੂੰ ਵੀ ਦਿਖਾ ਨਾ, ਤੇਰੇ ਵਿਚ ਕਿਹੜੀ ਸ਼ਕਤੀ ਹੈ?

***ਬਾਬਾ ਬੋਲੇ ਨਾਥ ਜੀ!***
***ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।***
***ਭਾਈ ਗੁਰਦਾਸ ਜੀ, ਵਾਰ 1/42***

ਆਹ ਕੁਛ ਵੀ ਨਹੀਂ ਤੁਹਾਡੀ ਸ਼ਕਤੀ ਜਿਹਨੂੰ ਤੁਸੀਂ ਲਈਂ ਫਿਰਦੇ ਓਂ। ਰੂਪ ਵਟਾ ਲਏ, ਅੱਗਾਂ ਵਰਾਉਣੀਆਂ ਸ਼ੁਰੂ ਕਰ ਦਿਤੀਆਂ। ਇਹ ਤਾਂ ਕੋਈ ਚੀਜ਼ ਹੀ ਨਹੀਂ, ਗਿਣਤੀ ਮਿਣਤੀ ਦੇ ਵਿਚ ਹੀ ਨਹੀਂ ਤੁਹਾਡੀ ਸ਼ਕਤੀ।

***ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ***
***ਧਰਤਿ ਚਲਾਈ।***
***ਭਾਈ ਗੁਰਦਾਸ ਜੀ, ਵਾਰ 1/42***

ਸਾਨੂੰ ਤਾਂ ਵਾਹਿਗੁਰੂ ਦੀ ਸੰਗਤ ਤੇ ਬਾਣੀ ਤੋਂ ਬਿਨਾਂ ਹੋਰ ਕੋਈ ਓਟ ਨਹੀਂ ਹੈਗੀ।

***ਸਿਵ ਰੂਪੀ ਕਰਤਾ ਪੁਰਖੁ ਚਲੇ ਨਾਹੀ ਧਰਤਿ ਚਲਾਈ। ਭਾਈ ਗੁਰਦਾਸ ਜੀ, ਵਾਰ 1/42***

ਗੁਰੂ ਨਾਨਕ ਪਾਤਸ਼ਾਹ ਵਹਾਨ ਦੇ ਬਾਰੇ ਲਿਖਦੇ ਨੇ ਕਿ ਜਿਵੇਂ ਧਰਤ ਚਲਾਈ ਹੋਈ ਨਹੀਂ ਚਲਦੀ, ਐਉਂ ਕੋਈ ਅਸਰ ਨਹੀਂ ਉਨ੍ਹਾਂ ਤੇ ਹੋਇਆ।

***ਸਿਧ ਤੰਤ੍ਰ ਮੰਤ੍ਰਿ ਕਰਿ ਝੜਿ ਪਏ***
***ਸਬਦਿ ਗੁਰੂ ਕੇ ਕਲਾ ਛਪਾਈ।***
***ਭਾਈ ਗੁਰਦਾਸ ਜੀ, ਵਾਰ 1/42***

ਜਦੋਂ ਵਾਹਿਗੁਰੂ ਕਿਹਾ ਤੰਤਰ ਮੰਤਰ ਸਭ ਝੜ ਗਏ ਤੇ ਉਨ੍ਹਾਂ ਦੀ ਕਲਾ ਸ਼ਕਤੀ ਸਾਰੀ ਸੁੱਕ ਗਈ।

***ਦਦੇ ਦਾਤਾ ਗੁਰੂ ਹੈ***
***ਕਕੇ ਕੀਮਤ ਕਿਨੇ ਨ ਪਾਈ।***
***ਸੋ ਦੀਨ ਨਾਨਕ ਸਤਿਗੁਰ ਸਰਣਾਈ।***
***ਭਾਈ ਗੁਰਦਾਸ ਜੀ, ਵਾਰ 1/42***

ਸਾਰੇ ਹਾਰ ਕੇ ਬੈਠ ਗਏ। ਸ਼ਕਤੀਆਂ ਹੀ ਖਤਮ ਕਰ ਲਈਆਂ। ਮਹਾਰਾਜ ਨੇ ਟੋਟਲ ਸ਼ਕਤੀਆਂ ਖਿੱਚ ਲਈਆਂ ਸਾਰੀਆਂ। ਨਿੰਮੋਝੀਣੇ ਹੋਏ ਬੈਠੇ ਨੇ, ਨੀਵੀਂਆਂ ਪਾ ਲਈਆਂ, ਧਰਤੀ ਖੁਰਚਦੇ ਨੇ। ਐਨੇ ਨੂੰ ਇਕ ਪ੍ਰੇਮੀ ਆਇਆ ਉਹਨੇ ਆ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਇਕ ਬਾਰ੍ਹਾਂ ਸਾਲ ਦਾ ਲੜਕਾ ਭੇਟਾ ਕਰ ਦਿਤਾ। ਕਹਿੰਦੇ, ਲਓ ਮਹਾਰਾਜ ਇਹ ਮੈਂ ਤੁਹਾਡੇ ਵਾਸਤੇ ਪਾਲਿਆ ਹੈ ਤੁਸੀਂ ਲੈ ਲਓ। ਮਹਾਰਾਜ ਕਹਿਣ ਲੱਗੇ, ਬੱਚਿਆ! ਕੀਹਦਾ ਹੈਂ ਤੂੰ? ਕਹਿੰਦਾ ਮਹਾਰਾਜ ਮੈਂ ਗੁਰੂ ਦਾ ਹਾਂ। ਕਹਿੰਦੇ ਗੁਰੂ ਦਾ ਹੈਂ ਫੇਰ ਹੁਕਮ ਮੰਨੇਗਾ? ਕਹਿੰਦਾ ਹਾਂ ਮਹਾਰਾਜ। ਮਹਾਰਾਜ ਨੇ ਉਸੇ ਵੇਲੇ ਕਿਹਾ ਕਿ ਇਕ ਚਿਖਾ ਚਿਣੋ। ਚਿਖਾ ਚਿਣ ਦਿਤੀ, ਅੱਗ ਲਾ ਦਿਤੀ। ਕਹਿੰਦੇ ਇਹਦੇ ਉਤੇ ਬੈਠ ਜਾ। ਉਤੇ ਬੈਠ ਗਿਆ ਤੇ ਕੁਛ ਨਹੀਂ ਹੋਇਆ ਉਸ ਨੂੰ, ਲਾਲ ਰੰਗ ਦਿਸਦਾ ਹੈ ਅੱਗ ਵਰਗਾ ਹੀ ਬੱਚੇ ਦਾ। ਮਹਾਰਾਜ ਬੜੇ ਹੀ ਪ੍ਰਸੰਨ ਹੋਏ ਉਹਦੇ ਉਤੇ। ਐਨੇ ਨੂੰ ਦੂਜੇ ਪਾਸੇ ਕੁਛ ਰੌਲੇ ਦੀ ਆਵਾਜ਼ ਆਈ ਕਹਿਣ ਲੱਗੇ ਕਿ ਆਹ ਰੌਲਾ ਕਾਹਦਾ ਪੈਂਦਾ ਹੈ ਭਾਈ ਏਧਰ। ਕਹਿਣ ਲੱਗੇ, ਮਹਾਰਾਜ! ਅਜਿੱਤਾ ਰੰਧਾਵਾ ਆਪ ਦਾ ਸਿੱਖ, ਰਾਤ ਗੜ੍ਹਿਆਂ ਦੇ ਨਾਲ ਬਹੁਤ ਸਾਰੇ ਪੰਛੀ ਮਰ ਗਏ, ਆਹ ਸਰੋਵਰ ਦੇ ਤੇ ਆਪਣੇ ਆਸਣ ਤੇ ਬੈਠਾ ਖੇਲ੍ਹਾਂ ਕਰ ਰਿਹਾ ਹੈ। ਪੰਛੀਆਂ ਨੂੰ ਫੜ-ਫੜ ਉਪਰ ਨੂੰ ਮਾਰੀਂ ਜਾਂਦਾ ਹੈ, ਪੰਛੀ ਮਰੇ ਹੋਏ ਜੀਉਂਦੇ ਹੋ ਕੇ ਉਡੀ ਜਾਂਦੇ ਨੇ। ਮਹਾਰਾਜ ਕਹਿੰਦੇ, ਐਧਰ ਅਸੀਂ ਹਟਾਉਂਦੇ ਹਾਂ ਤੇ ਐਧਰ ਸਾਡੇ ਹੀ ਸਿੱਖ ਲਗ ਗਏ ਸ਼ਕਤੀਆਂ ਦਿਖਾਉਣ। ਮਹਾਰਾਜ ਨੇ ਨਿਗ੍ਹਾ ਕਰ ਤੇ ਸਾਰੀ ਸ਼ਕਤੀ ਖਿੱਚ ਲਈ। ਵਿਚ ਡੁਬਕੂ-ਡੁਬਕੂ ਹੁੰਦੀ ਐ, ਤੈਰ ਕੇ ਬਾਹਰ ਨਿਕਲਿਆ। ਮਹਾਰਾਜ ਕਹਿੰਦੇ, ਭਾਈ ਅਜਿੱਤੇ ਰੰਧਾਵੇ ਐਸ ਕੰਮ 'ਚ ਤੂੰ ਕੀ ਖੱਟ ਲਿਆ, ਇਹ ਤਾਂ ਨਾਟਕ

ਚੇਟਕ ਨੇ, ਕੁਕਾਜ ਨੇ ਤੇ ਤੂੰ ਸ਼ਕਤੀਆਂ ਵਰਤੀ ਜਾਂਦਾ ਹੈਂ? ਉਸ ਵੇਲੇ ਉਹ ਬੱਚਾ ਜਦੋਂ ਚਿਖਾ ਤੋਂ ਉਤਾਰਿਆ, ਮਹਾਰਾਜ ਦੇ ਕੋਲ ਆਇਆ ਮਹਾਰਾਜ ਬੜੇ ਪ੍ਰਸੰਨ ਹੋਏ, ਕਹਿੰਦੇ ਬੇਟਾ! ਮੰਗ ਜੋ ਕੁਛ ਮੰਗਣਾ ਹੈ। ਕਿਉਂਕਿ ਤੂੰ ਹੁਕਮ ਮੰਨਿਆ ਹੈ। ਨਿਸੰਗ ਹੋ ਕੇ। ਤੇਰੇ ਮਨ ਵਿਚ ਸ਼ੰਕਾ ਨਹੀਂ ਆਇਆ ਕੋਈ ਵੀ ਕਿ ਮੈਂ ਜਲ ਜਾਵਾਂਗਾ, ਮਰ ਜਾਵਾਂਗਾ। ਕਹਿੰਦਾ ਪਾਤਸ਼ਾਹ! ਮੇਰੀ ਮੰਗ ਤਾਂ ਇਕੋ ਹੀ ਹੈ ਆਹ ਗਰੀਬ ਜਿਹੜੇ ਵਿਚਾਰੇ ਬੈਠੇ ਨੇ ਨਾ ਸਿੱਧ ਇਨ੍ਹਾਂ ਨੇ ਪੰਜ-ਪੰਜ ਸੌ ਸਾਲ, ਹਜ਼ਾਰ-ਹਜ਼ਾਰ ਸਾਲ ਯੋਗ ਸਾਧਨਾ ਕਰ-ਕਰ ਕੇ ਸ਼ਕਤੀਆਂ ਲਈਆਂ ਨੇ ਤੇ ਆਪ ਦੇ ਸਾਰੀ ਕਲਾ ਇਨ੍ਹਾਂ ਦੀ ਛੁਪਾ ਦਿਤੀ ਹੈ, ਇਹ ਸਾਰੀ ਕਲਾ ਇਨ੍ਹਾਂ ਦੀ ਵਾਪਸ ਕਰ ਦਿਓ। ਮਹਾਰਾਜ ਕਹਿੰਦੇ, ਚੰਗਾ ਬੇਟਾ! ਤੂੰ ਪਰਉਪਕਾਰੀ ਹੈਂ। ਸਾਰੀਆਂ ਸ਼ਕਤੀਆਂ ਮਹਾਰਾਜ ਜੀ ਨੇ ਵਾਪਸ ਕਰ ਦਿਤੀਆਂ।

ਸੋ ਮੇਰਾ ਬੇਨਤੀ ਕਰਨ ਤੋਂ ਭਾਵ ਹੈ ਕਿ ਐਸੇ-ਐਸੇ ਹਿੰਦੁਸਤਾਨ ਦੇ ਅੰਦਰ ਕੰਮ ਹੋ ਰਹੇ ਸੀ। ਵਾਹਿਗੁਰੂ ਨੂੰ ਕੋਈ ਨਹੀਂ ਸੀ ਜਾਣਦਾ। ਰਿੱਧੀਆਂ-ਸਿੱਧੀਆਂ ਨਾਟਕਾਂ ਚੇਟਕਾਂ 'ਚ ਸਾਰੀ ਦੁਨੀਆਂ ਭੁੱਲੀ ਪਈ ਸੀ। ਹੁਣ ਵੀ ਨਹੀਂ ਅਜੇ ਹਟੇ, ਬੇਅੰਤ ਨੇ ਇਹੋ ਜਿਹੇ। ਓਸ ਵੇਲੇ ਮਰਦਾਨਾ ਜੀ ਫਸੇ ਹੋਏ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਅਰਦਾਸਾਂ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਰੱਖੀਂ ਮਾਲਕਾ,***
***ਪੈਜ ਨਾਮ ਆਪਣੇ ਦੀ।***

ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪਾਤਸ਼ਾਹ! ਹੁਣ ਮੇਰੀ ਲਾਜ ਰੱਖ। ਹੁਣ ਮੈਨੂੰ ਕੋਈ ਚਾਰਾ ਨਹੀਂ। ਤੂੰ ਕਿਹਾ ਸੀ ਕਿ ਮਰਦਾਨਿਆ! ਜਲਾਲ 'ਚ ਰਹੀਂ। ਦੇਖੀਂ ਪ੍ਰਮੇਸ਼ਰ ਦਾ ਨਾਮ ਭੁੱਲ ਬੈਠੇਂ। ਲੇਕਿਨ ਮੈਂ ਪਾਤਸ਼ਾਹ ਭੁੱਲ ਗਿਆ। ਰਾਗ ਦੇ ਵਿਚ ਮਸਤ ਹੋ ਗਿਆ। ਇਨ੍ਹਾਂ ਦੀ ਉਪਰਲੀ ਬਨਾਵਟ ਦੇ ਵਿਚ, ਅਤਿਥੀ ਸੇਵਾ ਦੇ ਵਿਚ ਮਸਤ ਹੋ ਕੇ ਮੇਰੇ ਯਾਦ ਨਾ ਰਿਹਾ ਤੇ ਮੈਂ ਬੁਰੀ ਤਰ੍ਹਾਂ ਫਸ ਗਿਆ। ਆਪ ਮੇਰੇ ਤੇ ਕ੍ਰਿਪਾ ਕਰੋ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਭਾਈ ਬਾਲਾ! ਮਰਦਾਨਾ ਨਹੀਂ ਆਇਆ। ਉਹ ਤਾਂ ਕਹਿੰਦਾ ਸੀ ਕਿ ਮੈਂ ਹੁਣ ਆਇਆ। ਇਹ ਤਾਂ ਬਹੁਤ ਸਮਾਂ ਲੰਘ ਗਿਆ, ਪਹਿਰ ਲੰਘ ਗਿਆ। ਕਹਿੰਦਾ, ਪਾਤਸ਼ਾਹ! ਪਤਾ ਨਹੀਂ ਕੀ ਗੱਲ ਹੋਈ। ਮਹਾਰਾਜ ਕਹਿਣ ਲੱਗੇ ਕਿ ਉਹ ਤਾਂ ਫਸ ਗਿਆ ਭਾਈ, ਅਰਦਾਸਾਂ ਕਰ ਰਿਹਾ ਹੈ, ਭੇਡੂ ਬਣਿਆ ਬੈਠਾ। ਹੁਣ ਆਪਣਾ ਬਿਰਦ ਹੈ ਉਹਦੀ ਮਦਦ ਕਰੀਏ -

***ਧਾਰਨਾ - ਔਖੀ ਘੜੀ ਨ ਦੇਖਣ ਦੇਵੇ***
***ਆਪਣਾ ਬਿਰਦ ਸੰਮਾਲਦਾ।***

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ***
***ਭਾਂਤਿ ਬਚਾਵੈ॥ ਸਤ੍ਰ ਅਨੇਕ ਚਲਾਵਤ ਘਾਵ***
***ਤਊ ਤਨ ਏਕ ਨ ਲਾਗਨ ਪਾਵੈ॥ ਰਾਖਤ ਹੈ***
***ਅਪਨੋ ਕਰ ਦੈ ਕਰ ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ ॥***
***ਹਾਥ ਦੇਇ ਰਾਖੈ ਅਪਨੇ ਕਉ***
***ਸਾਸਿ ਸਾਸਿ ਪ੍ਰਤਿਪਾਲੇ ॥ ੧ ॥ ਅੰਗ - ੬੮੨***

ਕਹਿੰਦੇ ਭਾਈ ਬਾਲਾ! ਮਰਦਾਨਾ ਕੁਥਾਂਹ ਫਸ ਗਿਆ ਤੇ ਆਪਾਂ ਛੇਤੀ ਚੱਲੀਏ। ਕਹਿਣ ਲੱਗੇ, ਉਹ ਤਾਂ ਜਾਦੂ ਟੂਣੇ ਦੇ ਅੜਿੱਕੇ ਆ ਗਿਆ। ਗੁਰੂ ਨਾਨਕ ਪਾਤਸ਼ਾਹ ਉਠ ਕੇ ਤੁਰ ਪੈਂਦੇ ਨੇ। ਹੱਥ 'ਚ ਆਪ ਦੇ ਬਰਛਾ ਹੈ। ਸ਼ਹਿਰ ਦੇ ਵਿਚ ਆ ਗਏ। ਉਥੇ ਅੱਗੇ ਕੀ ਦੇਖਦੇ ਨੇ ਕਿ ਪੰਜ ਚਾਰ ਇਸਤਰੀਆਂ ਗਾਗਰਾਂ ਲਈਂ ਤੁਰੀਆਂ ਆਉਂਦੀਆਂ ਨੇ ਪਾਣੀ ਦੀਆਂ ਭਰੀਆਂ ਹੋਈਆਂ ਤੇ ਦੂਰੋਂ ਹੀ ਦੇਖ ਕੇ ਵੰਡੀਆਂ ਪਾ ਰਹੀਆਂ ਨੇ। ਕੋਈ ਕਹਿੰਦੀ ਹੈ ਕਿ ਇਹਦੇ ਮੈਂ ਧਾਗਾ ਪਾਵਾਂਗੀ। ਐਹਦੇ ਮੈਂ ਪਾਵਾਂਗੀ। ਮਹਾਰਾਜ ਕਹਿਣ ਲੱਗੇ, ਭਾਈ ਬਾਲਾ! ਇਹ ਨਿਗੁਰੇ ਨਰ ਨੇ, ਮਨਮੁਖ ਨੇ ਇਹ। ਇਹ ਸੁਸ਼ੀਲ ਨਹੀਂ ਹੈਗੇ, ਅਸ਼ਲੀਲ ਬੰਦੇ ਨੇ, ਚਰਿੱਤਰ ਤੋਂ ਗਿਰੇ ਹੋਏ ਬੰਦੇ ਨੇ, ਇਨ੍ਹਾਂ ਨੂੰ ਪ੍ਰਮੇਸ਼ਰ ਦੀ ਸੋਝੀ ਨਹੀਂ ਹੈ, ਵਿਸ਼ੇ ਵਿਕਾਰਾਂ 'ਚ ਪਏ ਹੋਏ ਨੇ।

***ਨਿਗੁਰੇ ਨਰ ਮੂਰਖ ਸੇ ਲਖਿਯੇ***
***ਬਹੁ ਜੋਖਤਾ ਜੋਰ ਸੁਸ਼ੀਲ ਬਿਹੀਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 541***

ਚਰਿੱਤਰ ਨਹੀਂ ਹੈ ਇਨ੍ਹਾਂ ਦਾ, ਚਰਿੱਤਰ ਤੋਂ ਗਿਰੇ ਹੋਏ ਹੈਗੇ ਨੇ ਇਹ ਸ਼ਹਿਰ ਸਾਰੇ। ਸੋ ਐਨੇ ਨੂੰ ਨੇੜੇ ਆ ਗਿਆ। ਕਈ ਤਰ੍ਹਾਂ ਦੇ ਹਾਵ ਭਾਵ ਕਰਦੀਆਂ ਨੇ, ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਬੀਬੀਓ! ਸਾਡਾ ਬੰਦਾ ਆਇਆ ਸੀ ਇਥੇ। ਕਹਿਣ ਲੱਗੀਆਂ ਕਿ ਇਥੇ ਤਾਂ ਕੋਈ ਆਇਆ ਹੀ ਨਹੀਂ ਹੈ। ਮਹਾਰਾਜ ਕਹਿੰਦੇ, ਆਇਆ ਕਿਉਂ ਨਹੀਂ, ਆਇਆ ਹੈ, ਤੁਹਾਡੇ ਹੀ ਆਇਆ ਹੈ, ਜਿਹੜੀ ਮੂਹਰੇ ਸੀ। ਕਹਿੰਦੀ, ਮੇਰੇ ਦੇਖ ਲਓ, ਕੋਈ ਸੂਈ ਤਾਂ ਨਹੀਂ ਜਿਹੜੀ ਗਵਾਚ ਗਈ। ਜਾ ਕੇ ਤੁਸੀਂ ਦੇਖ ਸਕਦੇ ਓਂ।

ਉਸ ਵੇਲੇ ਜਦੋਂ ਜਾਦੂ ਕਰਦੀਆਂ ਨੇ, ਹਿਪਨੋਟਾਈਜ਼ ਕਰਨ ਦਾ ਯਤਨ ਕਰਦੀਆਂ ਨੇ, ਉਸ ਵੇਲੇ ਮਹਾਰਾਜ ਨੇ ਜਦੋਂ ਉਨ੍ਹਾਂ ਦੇ ਚੰਚਲ ਹਾਵ ਭਾਵ ਦੇਖੇ, ਉਸ ਵੇਲੇ ਕਹਿਣ ਲੱਗੇ ਬੀਬੀਓ! ਤੁਸੀਂ ਤਾਂ ਕੱਲਰ ਦੀਆਂ ਵਣਜਾਰੀਆਂ ਹੋਂ।

***ਕਲਰ ਕੀ ਵਣਜਾਰੀਆਂ ਝੂੰਗੇ ਮੁਸਕ ਮੰਗਨਿ॥***
***ਜਨਮਸਾਖੀ***

ਰੂੰਗੇ 'ਚ ਤੁਸੀਂ ਖੁਸ਼ਬੂ ਚਾਹੁੰਦੀਆਂ ਹੋਂ। ਵਪਾਰ ਕਰਦੀਆਂ ਹੋਂ ਤੁਸੀਂ ਕੱਲਰ ਦਾ।

***ਅਮਲਾਂ ਬਾਝਹੁ ਨਾਨਕਾ ਕਿਉ ਕਰ ਕੰਤ ਮਿਲੇਨ॥***
***ਜਨਮਸਾਖੀ***

ਚੰਗੇ ਅਮਲਾਂ ਤੋਂ ਬਿਨਾਂ ਤੁਸੀਂ ਕਿਸ ਤਰ੍ਹਾਂ ਮਿਲੋਂਗੀਆਂ ਪ੍ਰਮੇਸ਼ਰ ਨੂੰ ਜਾ ਕੇ।

***ਯੌਂ ਕਹਿਤੇ ਸਿਰ ਕੁੰਭ ਲਗਯੋ......।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 542***

ਜਦੋਂ ਮਹਾਰਾਜ ਨੇ ਇਹ ਬਚਨ ਉਚਾਰਿਆ, ਉਸੇ ਵੇਲੇ ਜਿਹੜਾ ਕੁੰਭ ਸੀ ਉਹ ਸਿਰ ਨਾਲ ਜੁੜ ਗਿਆ।

***......ਉਤਰੈ ਨ ਤਰੈ ਰਹੀ ਹਾਰ ਉਤਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 542***

ਹੇਠਾਂ ਨਹੀਂ ਉਤਰ ਰਿਹਾ, ਬਥੇਰਾ ਉਹਨੇ ਜ਼ੋਰ ਲਾਇਆ। ਬਥੇਰਾ ਓਹਨੇ ਜ਼ੋਰ ਲਾਇਆ ਕਿ ਮੈਂ ਲਾਹ ਕੇ ਹੇਠਾਂ ਰੱਖ ਦੇਵਾਂ ਤੇ ਮਹਾਰਾਜ ਅੰਦਰ ਚਲੇ ਗਏ ਤੇ ਓਧਰ ਦੇਖਦੇ ਨੇ ਕਿ ਮਰਦਾਨਾ ਖੜ੍ਹਾ ਹੋ ਗਿਆ। ਖੜ੍ਹਾ ਹੋ ਕੇ ਹੁਣ ਬੋਲ ਨਹੀਂ ਸਕਦਾ -

***'ਭਯਾਂ ਭਯਾਂ' ਭਨੀ ਮਰਦਾਨੇ ਜਬੈ ਕਹੁ ਵਾਹਿਗੁਰੂ ਗੁਰਬਾਨੀ ਉਚਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 542***

ਜਦੋਂ ਦੇਖਿਆ ਭਿੰਆਂ-ਭਿੰਆਂ ਕਰਦੇ। ਮਹਾਰਾਜ ਨੇ 'ਕਹੁ ਵਾਹਿਗੁਰੂ' ਐਨਾ ਹੀ ਉਚਾਰਿਆ ਹੈ। ਉਸੇ ਵੇਲੇ ਉਹਦਾ ਤੰਦ ਗਲ 'ਚੋਂ ਟੁੱਟ ਪਿਆ ਤੇ ਪੁਛਿਆ ਕਿ ਮਰਦਾਨਿਆਂ! ਕਿੱਥੇ ਗਿਆ ਤੇਰਾ ਕੀਰਤਨ?

"ਪਾਤਸ਼ਾਹ! ਹੁਣ ਤਾਂ ਮੈਨੂੰ ਬਖਸ਼ ਹੀ ਲਓ। ਤੁਸੀਂ ਕਿਹਾ ਸੀ ਕਿ ਜਲਾਲ 'ਚ ਰਹੀਂ, ਮੈਂ ਜਲਾਲ 'ਚ ਨਾ ਰਿਹਾ। ਮੈਂ ਇਨ੍ਹਾਂ ਦੇ ਰਾਗ ਵਿਚ ਫਸ ਗਿਆ, ਰਾਗ 'ਚ ਮਸਤ ਹੋ ਗਿਆ। ਮੈਂ ਗਿਣਨ ਲੱਗ ਗਿਆ ਕਿ ਗਉੜੀ ਦੀਆਂ ਐਨੀਆਂ ਮਾਤਰਾਂ ਵਜਾ ਰਹੀ ਹੈ। ਅੰਤਰਾ ਇਹਦਾ ਠੀਕ ਹੈ ਤੇ ਹੁਣ ਮਾਲ ਕਉਂਸ ਦੀਆਂ ਵਜਾ ਰਹੀ ਹੈ ਤੇ ਐਨੇ 'ਚ ਮੇਰੀ ਲਿਵ ਟੁੱਟ ਗਈ ਨਾਮ ਦੇ ਨਾਲੋਂ। ਐਨੇ ਚਿਰ 'ਚ ਮਹਾਰਾਜ ਮੈਂ ਕਾਬੂ ਹੋ ਗਿਆ।"

ਸੋ ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਤੁਹਾਡਾ ਛੁਟਕਾਰਾ ਨਹੀਂ ਹੋਣਾ ਦਰਗਾਹ 'ਚ ਜਾ ਕੇ। ਉਥੇ ਤੁਸੀਂ ਦੁਖੀ ਹੋਵੋਂਗੀਆਂ। ਕੀ ਮੂੰਹ ਦਿਖਾਵੋਂਗੀਆਂ, ਉਥੇ ਜਾ ਕੇ?

***ਧਾਰਨਾ - ਜਦੋਂ ਪੈ ਗਿਆ ਲੇਖਾ ਦੇਣਾ,***
***ਉਥੇ ਕੀ ਮੂੰਹ ਦੇਵੇਂਗੀ।***

ਘੜਾ ਨਹੀਂ ਲਹਿ ਰਿਹਾ ਸਿਰ ਤੋਂ। ਆਂਢਣਾਂ-ਗੁਆਢਣਾਂ ਸਾਰੀਆਂ ਇਕੱਠੀਆਂ ਹੋ ਕੇ ਬੜਾ ਹੀ ਜਾਦੂ ਕਰ ਰਹੀਆਂ ਨੇ, ਜਿੰਨੇ ਮੰਤਰ ਜੰਤਰ ਯਾਦ ਸੀ ਸਾਰੇ ਜ਼ੋਰ ਲਾ ਲਏ। ਇਕੱਠ ਹੋ ਗਿਆ ਮਹਾਰਾਜ ਦੇ ਦੁਆਲੇ। ਮਹਾਰਾਜ ਕਹਿੰਦੇ ਬੀਬੀਓ! ਵਾਹਿਗੁਰੂ ਨੇ ਤਾਂ ਤੁਹਾਨੂੰ ਨਹੀਂ ਮਿਲਣਾ, ਨਰਕਾਂ 'ਚ ਜਾਓਂਗੀਆਂ, ਉਥੇ ਲੇਖਾ ਕੀ ਦੇਵੋਂਗੀਆਂ।

***ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥***
***ਸਾ ਧਨ ਚਲੀ ਸਾਹੁਰੈ***
***ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥***

***ਅੰਗ - ੭੬੨***

ਉਥੇ ਜਾ ਕੇ ਕੀ ਮੂੰਹ ਦੇਵੋਂਗੀਆਂ। ਵਿਸ਼ੇ-ਵਿਕਾਰਾਂ 'ਚ ਤੁਹਾਡੀ ਬਿਰਤੀ ਪਈ ਹੋਈ ਹੈ। ਬੰਦੇ ਬਾਹਰੋਂ ਆਉਂਦੇ ਨੇ, ਕਾਬੂ ਕਰ ਲੈਂਦੀਆਂ ਹੋਂ। ਕਿਸੇ ਨੂੰ ਜਾਨਵਰ ਬਣਾ ਲਿਆ, ਕਿਸੇ ਨੂੰ ਕੁਛ ਬਣਾ ਲਿਆ। ਇਹ ਵਿਸ਼ੇ ਵਿਕਾਰਾਂ ਨੇ ਤਾਂ ਤੁਹਾਡੇ ਨਾਲ ਨਹੀਂ ਜਾਣਾ। ਉਥੇ ਔਖੀਆਂ ਹੋ ਜਾਓਂਗੀਆਂ।

ਇਕ ਵਾਰੀ ਇਕ ਵੱਡਾ ਕੋਈ ਆਫੀਸਰ ਸੀ ਮੈਜਿਸਟਰੇਟ, ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਸੁਣਾਉਂਦੇ ਹੁੰਦੇ ਸੀ। ਕਹਿਣ ਲੱਗੇ, ਉਹ ਕੋਈ ਫੈਸਲਾ ਲਿਖ ਰਿਹਾ ਸੀ। ਰਿਸ਼ਵਤ ਲੈ ਲਈ ਤੇ ਲੈ ਕੇ ਜਿਹੜਾ ਬੰਦਾ ਬੇਗੁਨਾਹ ਸੀ, ਉਸ ਦੇ ਉਤੇ ਗੁਨਾਹ ਥਾਪ ਕੇ ਉਸਨੂੰ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਧਰਲੇ ਪਾਸੇ ਉਹ ਜੇਲ੍ਹ 'ਚ ਬੈਠਾ ਅਰਦਾਸਾਂ ਕਰ ਰਿਹਾ, ਬਾਣੀ ਪੜ੍ਹ ਰਿਹਾ ਹੈ, ਬਾਰ-ਬਾਰ ਪ੍ਰਭੂ ਕੋਲ ਅਰਦਾਸ ਕਰਦਾ ਹੈ ਹੇ ਪ੍ਰਭੂ! ਹੁਣ ਮੇਰੀ ਲਾਜ ਰੱਖੋ। ਝੂਠੇ ਗਵਾਹ ਮੇਰੇ ਖਿਲਾਫ ਭੁਗਤ ਗਏ ਨੇ, ਸਾਰਾ ਝੂਠ ਹੀ ਝੂਠ ਦੇ ਜਾਲ ਵਿਚ ਮੈਂ ਫਸ ਗਿਆ। ਹੁਣ ਤਾਂ ਤੂੰਹੀ ਬਹੁੜ ਸਕਦਾ ਹੈਂ, ਹੋਰ ਕੋਈ ਬਹੁੜ ਨਹੀਂ ਸਕਦਾ। ਕੋਈ ਨਹੀਂ ਹੈ ਮੇਰੀ ਲਾਜ ਰੱਖ।

***ਅਬ ਰਾਖਹੁ ਦਾਸ ਭਾਟ ਕੀ ਲਾਜ ॥***
***ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ***
***ਹਰਨਾਖਸ ਫਾਰੇ ਕਰ ਆਜ ॥***
***ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ***
***ਛੀਨਤ ਬਸਤ੍ਰ ਦੀਨ ਬਹੁ ਸਾਜ ॥***
***ਸੋਦਾਮਾ ਅਪਦਾ ਤੇ ਰਾਖਿਆ***
***ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥***
***ਸ੍ਰੀ ਸਤਿਗੁਰ ਸੁਪ੍ਰਸੰਨ***
***ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ ॥***

***ਅੰਗ - ੧੪੦੦***

ਹੇ ਪ੍ਰਭੂ ਹੁਣ ਮੇਰੀ ਰਾਜ ਰੱਖ ਜਿਵੇਂ ਦਰੋਪਤੀ ਦੀ ਰੱਖੀ ਸੀ। ਜਿਵੇਂ ਪ੍ਰਹਿਲਾਦ ਦੀ ਰੱਖੀ ਸੀ, ਸੱਚੇ ਦਿਲੋਂ ਅਰਦਾਸਾਂ ਕਰਦਾ ਹੈ। ਪ੍ਰਮੇਸ਼ਰ ਨੇ ਆਪਣਾ ਭੇਤ ਖੋਲ੍ਹ ਦਿਤਾ, ਗੁਪਤ ਭੇਤ। ਉਹ ਮੈਜਿਸਟਰੇਟ ਲਿਖ ਰਿਹਾ ਹੈ ਫੈਸਲਾ ਤੇ ਕੀ ਦੇਖਦਾ ਹੈ ਟੇਬਲ ਦੇ ਦੂਸਰੇ ਪਾਸੇ ਆ ਕੇ ਇਕ ਮਨੁੱਖ ਖੜ੍ਹਾ ਹੋ ਗਿਆ। ਹੋਰ ਕਿਸਮ ਦਾ, ਅਜੀਬ ਕਿਸਮ ਦਾ।

ਦੇਖ ਕੇ ਕਹਿਣ ਲੱਗਿਆ, "ਤੂੰ ਕਿੱਥੋਂ ਆ ਗਿਆ? ਬੋਲਟ ਬੰਦ ਹੈ, ਕੀ ਤੂੰ ਟੇਬਲ ਥੱਲੇ ਛੁਪਿਆ ਹੋਇਆ ਸੀ?"

ਕਹਿੰਦਾ, 'ਨਾ ਹੀ ਮੈਂ ਟੇਬਲ ਥੱਲੇ ਨਹੀਂ ਛੁਪਿਆ ਹੋਇਆ, ਹਾਂ ਤਾਂ ਮੈਂ ਛੁਪਿਆ ਹੋਇਆ, ਪਰ ਟੇਬਲ ਥੱਲੇ ਨਹੀਂ, ਨਾ ਮੈਂ ਤੇਰੇ ਕਮਰੇ ਦੇ ਕਿਸੇ ਕੋਨੇ ਵਿਚ ਛੁਪਿਆ ਹੋਇਆ ਹਾਂ।"

ਕਹਿੰਦਾ, "ਕਿੱਥੇ ਹੈਂ?"

ਕਹਿੰਦਾ, "ਤੇਰੇ ਮੋਢਿਆਂ ਤੇ ਬੈਠਾ ਹਾਂ।"

ਕਹਿੰਦਾ, "ਮੋਢਿਆਂ ਤੇ ਬੈਠਾ ਹੈਂ?"

ਕਹਿੰਦਾ, "ਹਾਂ। ਦੇਖ ਲੈ, ਦਰਵਾਜ਼ੇ ਬੰਦ, ਆਹ ਹੋ ਗਿਆ ਨਾ ਮੈਂ ਗਾਇਬ, ਮੇਰੀ ਆਵਾਜ਼ ਸੁਣਦੀ ਹੈ। ਲੈ ਮੈਂ ਹੁਣ ਫੇਰ ਪ੍ਰਗਟ ਹੋ ਗਿਆ।

ਕਹਿੰਦਾ, "ਤੇਰਾ ਨਾਉਂ ਕੀ ਹੈ?"

ਕਹਿੰਦਾ, ਮੇਰਾ ਨਾਉਂ ਹੈ Secret ਫੋਟੋਗਰਾਫਰ, ਚਿਤ੍ਰ ਗੁਪਤ ਕਹਿੰਦੇ ਨੇ, ਮੈਂ ਗੁਪਤ ਰਹਿ ਕੇ ਤੇਰੇ ਜੀਵਨ ਦੇ ਚਿੱਤਰ ਲੈਂਦਾ ਹੈ, ਜਿਵੇਂ ਫਿਲਮ ਲਈਦੀ ਹੈ। ਐਉਂ ਤੇਰੇ ਕਿਰਦਾਰ ਦੀ ਮੈਂ ਫਿਲਮ ਲੈ ਰਿਹਾ ਹਾਂ।

ਕਹਿੰਦਾ, ਮੇਰੀ ਫਿਲਮ ਕੀ ਹੈ ਦੱਸ ਸਕਦਾ ਹੈਂ?

ਕਹਿੰਦਾ, ਹਾਂ।

ਉਸੇ ਵੇਲੇ ਦੱਸ ਦਿੱਤਾ ਕਿ ਫਲਾਣੇ ਤੋਂ ਰਿਸ਼ਵਤ ਲਈ, ਫਲਾਣੇ ਤੋਂ ਲਈ।

ਕਹਿੰਦਾ, ਕਿੰਨੇ ਪਾਪ ਨੇ ਮੇਰੇ?

ਕਹਿੰਦਾ, 1150 ਪਾਪ ਹੈ। ਆਹ ਕਾਲੀ ਕਾਪੀ ਹੈ। ਆਹ ਚਿੱਟੀ ਦੇ ਉਤੇ ਕੁਛ ਨਹੀਂ ਲਿਖਿਆ ਹੋਇਆ, ਕਿਉਂਕਿ ਤੂੰ ਪੁੰਨ ਕਦੇ ਕਰਿਆ ਨਹੀਂ, ਨਾ ਤੂੰ ਪ੍ਰਮੇਸ਼ਰ ਨੂੰ ਮੰਨਦਾ ਹੈ। ਕਹਿੰਦਾ, ਹੋਏਗਾ ਕੀ?

ਕਹਿੰਦਾ, ਹੋਣਾ ਇਹ ਕਿ ਦਰਗਾਹ ਵਿਚ ਜਾਏਂਗਾ। ਜਿਵੇਂ ਤੇਰੀ ਆਹ ਕੋਰਟ ਹੈ ਐਵੇਂ ਸੱਚੀ ਕੋਰਟ ਹੋ ਉਥੇ।

*ਨਾਨਕ ਜੀਅ ਉਪਾਇ ਕੈ*
*ਲਿਖਿ ਨਾਵੈ ਧਰਮੁ ਬਹਾਲਿਆ ॥*
*ਓਥੈ ਸਚੇ ਹੀ ਸਚਿ ਨਿਬੜੈ*
*ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ*
*ਮੁਹ ਕਾਲ੍ਹੈ ਦੋਜਕਿ ਚਾਲਿਆ ॥*
*ਤੇਰੈ ਨਾਇ ਰਤੇ ਸੇ ਜਿਣਿ ਗਏ*
*ਹਾਰਿ ਗਏ ਸਿ ਠਗਣ ਵਾਲਿਆ ॥*
*ਲਿਖਿ ਨਾਵੈ ਧਰਮੁ ਬਹਾਲਿਆ ॥*

*ਅੰਗ - ੪੬੩*

*ਆਪੀਨੈ੍ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਉਥੇ ਲੇਖਾ ਹੋਣਾ ਹੈ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ - ੩੮*

ਜਿਵੇਂ ਤੈਨੂੰ ਹੁਕਮ ਹੈ ਨਾ ਸਰਕਾਰ ਦਾ। ਐਵੇਂ ਜਿਵੇਂ ਸੱਚੀ ਸਰਕਾਰ ਦਾ ਹੁਕਮ ਧਰਮਰਾਜ ਨੂੰ ਹੈ। ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਨਹੀਂ ਮੰਨਿਆ, ਭੁੱਲ ਕੇ ਪਾਪ ਕੀਤੇ ਨੇ, ਕਹਿੰਦੇ, ਉਹ ਤੇਰੇ ਕੋਲ ਆਉਣਗੇ। ਫੇਰ ਉਥੇ ਹੁੰਦਾ ਕੀ ਹੈ?

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ - ੧੨੮੧*

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ ॥ ਅੰਗ - ੧੪੨੫*

ਜਿਵੇਂ ਦੁੱਧ ਰਿੜਕੀਦਾ ਹੈ ਐਉਂ ਮਧਾਣੀਆਂ ਨਾਲ ਉਥੇ ਰਿੜਕ ਦਿੰਦੇ ਨੇ। ਕੁੰਭੀ ਨਰਕ ਵਿਚ ਪਾ ਦਿੰਦੇ ਨੇ। ਫੇਰ ਹੋਵੇਂਗਾ ਫੇਰ ਕੁਛ ਨਹੀਂ ਬਣਨਾ ਉਸ ਵੇਲੇ।

ਡਰ ਗਿਆ, ਕਹਿਣ ਲੱਗਿਆ ਕਿ ਮੈਂ ਫੇਰ ਹੁਣ ਕੀ ਕਰਾਂ?

ਕਹਿਣ ਲੱਗਿਆ, ਹੁਣ ਵੀ ਤੂੰ ਫੈਸਲਾ ਗਲਤ ਕਰ ਰਿਹਾ ਹੈਂ, ਰਿਸ਼ਵਤ ਲੈ ਕੇ।

ਕਹਿੰਦੇ ਬਚਣਾ ਹੈ?

ਕਹਿੰਦਾ ਹਾਂ।

ਕਹਿੰਦੇ, ਫੇਰ ਜਿੰਨਾਂ ਪਾਪ ਦਾ ਧਨ ਹੈ ਨਾ ਸਾਰਾ, ਇਹਨੂੰ ਲੁਟਾ ਦੇ। ਭਜਨ ਕਰ ਕਿਸੇ ਮਹਾਂਪੁਰਸ਼ ਦੀ ਸ਼ਰਨ ਲੈ ਤੇ ਉਹਦੇ ਨਾਮ ਦੀ ਦਾਤ ਪ੍ਰਾਪਤ ਕਰ। ਸੇਵਾ ਕਰ ਸੰਸਾਰ ਦੀ। ਉਸੇ ਵੇਲੇ ਖਿਆਲ ਆਉਣ ਲਗ ਗਏ ਕਿ ਮੈਂ ਤਾਂ ਲੁਟਾ ਦੇਵਾਂ ਸਾਰਾ ਕੁਛ ਇਹ ਤਾਂ ਬਹੁਤ ਬੁਰੀ ਗੱਲ ਹੈ, ਮੈਨੂੰ ਤਾਂ ਪਤਾ ਹੀ ਨਹੀਂ ਸੀ।

ਚਿਤਰਗੁਪਤ ਨੇ ਲਿਖਣਾ ਸ਼ੁਰੂ ਕਰ ਦਿਤਾ।

ਕਹਿਣ ਲੱਗਿਆ, ਇਹ ਕੀ ਲਿਖ ਰਿਹਾ ਹੈਂ?

ਉਸ ਨੇ ਕਿਹਾ ਕਿ ਤੇਰੇ ਮਨ ਵਿਚ ਖਿਆਲ ਆ ਰਹੇ ਨੇ, ਨੇਕ ਕੰਮ ਹੋਵੇ ਚਾਹੇ ਨਾ ਹੋਵੇ ਤੇ ਖਿਆਲ ਦੇ ਨਾਲ ਹੀ ਅਸੀਂ ਲਿਖ ਲੈਂਦੇ ਹਾਂ, ਕਿਉਂਕਿ ਉਹਦਾ ਵੀ ਪੁੰਨ ਲਗਦਾ ਹੈ। ਮਾੜਾ ਕੰਮ ਕਲਜੁਗ ਦੇ ਵਿਚ ਜਦੋਂ ਤੱਕ ਆਦਮੀ ਸਰੀਰਕ ਤੌਰ ਤੇ ਨਹੀਂ ਕਰਦਾ ਓਨੀਂ ਦੇਰ ਤੱਕ ਮਨ ਨੂੰ ਮੈਲਾ ਤਾਂ ਜ਼ਰੂਰ ਕਰਦਾ ਹੈ, ਪਰ ਪਾਪ ਨਹੀਂ ਅਜੇ ਬਣਦਾ ਜਿੰਨੀ ਦੇਰ ਇਹ ਪਾਪ ਨਹੀਂ ਕਰਦਾ। ਇਸ ਕਰਕੇ ਜੋ ਨੇਕ ਖਿਆਲ ਤੇਰੇ ਮਨ ਵਿਚ ਆ ਰਹੇ ਨੇ ਉਹ ਮੈਂ ਲਿਖ ਰਿਹਾ ਹਾਂ। ਉਸ ਤੋਂ ਬਾਅਦ ਉਹ ਗਾਇਬ ਹੋ ਗਿਆ, ਗਾਇਬ ਹੋਣ ਤੋਂ ਬਾਅਦ ਅਰਦਾਸ ਸੁਣੀ ਗਈ। ਉਹਨੇ ਉਹ ਬਰੀ ਕਰ ਦਿਤਾ ਤੇ ਇਧਰਲੇ ਪਾਸੇ ਅਸਤੀਫਾ ਦੇ ਦਿਤਾ। ਘਰ ਬਾਰ ਲੁਟਾ ਦਿਤਾ ਸਾਰਾ। ਕੋਈ ਚੀਜ਼ ਨਾ ਰੱਖੀ ਕੋਲ। ਛੱਡ ਕੇ ਸਾਧੂ ਬਣ ਗਿਆ।

ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਬਹੁਤ ਉਚ

ਕੋਟੀ ਦਾ ਮਹਾਤਮਾ ਬਣਿਆ ਉਹ ਫੇਰ। ਕਿਉਂਕਿ ਉਹਨੇ ਅੱਖਾਂ ਨਾਲ ਦੇਖ ਲਿਆ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ –

*ਅੰਬਰਿ ਕੂੰਜਾ ਕੁਰਲੀਆ*
*ਬਗ ਬਹਿਠੇ ਆਇ ਜੀਉ ॥*
*ਸਾ ਧਨ ਚਲੀ ਸਾਹੁਰੈ*
*ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥*
*ਅੰਗ – ੭੬੨*

ਉਥੇ ਜਾ ਕੇ ਤਾਂ ਫੇਰ ਰੋਣਾ ਹੀ ਹੈ। ਮਾੜੇ ਕੰਮ ਕਰਨੇ ਨੇ। ਆਹ ਜਿਹੜਾ ਦੁਨੀਆਂ ਦੇ ਨਾਲ ਸੰਸਾਰ ਨੇ ਚਿੱਤ ਲਾ ਲਿਆ ਨਾ ਝੂਠੀ ਦੁਨੀਆਂ ਦੇ ਨਾਲ। ਮਹਾਰਾਜ ਕਹਿੰਦੇ ਇਹਦੇ ਵਿਚ ਤੈਨੂੰ ਲੱਭਣਾ ਨਹੀਂ ਕੁਛ ਪ੍ਰੇਮੀਆ। ਐਉਂ ਪੜ੍ਹ ਲਓ –

*ਧਾਰਨਾ – ਲਾ ਲਿਆ ਮੂਰਖਾ, ਚਿੱਤ ਨਾਲ ਦੁਨੀਆਂ ਦੇ।*
*ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥*
*ਸੇ ਵਸਤੂ ਸਹਿ ਦਿਤੀਆ*
*ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥*
*ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥*
*ਅੰਗ – ੭੬੨*

ਆਹ ਕੋਠੀਆਂ ਕੀ ਨੇ, ਮਿੱਟੀ ਪਕਾ ਕੇ ਇੱਟਾਂ ਲਾ ਲਈਆਂ, ਉਨ੍ਹਾਂ ਨਾਲ ਸੀਮਿੰਟ ਜੋੜ ਕੇ ਵਧੀਆ ਬਣਾ ਦਿਤੀ ਜੀ ਮੇਰੀ ਕੋਠੀ ਬਹੁਤ ਵਧੀਆ ਹੈ, ਪੱਥਰ ਕੱਢ ਲਏ, ਕਿਸੇ ਨੇ ਸੰਗਮਰਮਰ ਕੱਢ ਲਿਆ, ਕਿਸੇ ਨੇ ਚਿਪਸ ਕੱਢ ਲਏ। ਇਹਦੇ ਨਾਲ ਮਹਾਰਾਜ ਕਹਿੰਦੇ ਚਿੱਤ ਲਾ ਲਿਆ।

*ਹਉ ਏਨੀ ਟੋਲੀ ਭੁਲੀਅਸੁ*
*ਤਿਸੁ ਕੰਤ ਨ ਬੈਠੀ ਪਾਸਿ ਜੀਉ ॥ ਅੰਗ – ੭੬੨*

ਸਮਝਾ ਰਹੇ ਨੇ ਤੇ ਓਧਰਲੇ ਪਾਸੇ ਘੜਾ ਨਹੀਂ ਲਹਿ ਰਿਹਾ। ਜਾਦੂ ਕਰ-ਕਰ ਕੇ ਹਾਰ ਗਈਆਂ। ਉਸ ਵੇਲੇ ਨੂਰਸ਼ਾਹ ਨੂੰ ਪਤਾ ਲੱਗਿਆ, ਜਾ ਕੇ ਦੱਸਿਆ ਕਿ ਇਕ ਕੋਈ ਐਸਾ ਸੰਤ ਆਇਆ ਹੈ ਅਸੀਂ ਸਭ ਹਾਰ ਗਈਆਂ, ਉਹਦੇ ਉਤੇ ਸਾਡਾ ਕੋਈ ਜਾਦੂ ਨਹੀਂ ਚਲ ਰਿਹਾ। ਉਹ ਕਹਿਣ ਲੱਗੀ, ਹੈਂ ਐਸਾ ਵੀ ਕੋਈ ਮਨੁੱਖ ਹੈ ਦੁਨੀਆਂ 'ਚ ਜਿਹਦੇ 'ਤੇ ਸਾਡਾ ਜਾਦੂ ਨਾ ਚੱਲੇ। ਉਸ ਵੇਲੇ ਉਸ ਨੇ ਸਾਰੇ ਸੁਨੇਹੇ ਭੇਜੇ ਕਿ ਜਲਦੀ ਆਓ ਸਾਰੀਆਂ। ਇਤਿਹਾਸ 'ਚ ਲਿਖਿਆ ਹੈ ਕਿ ਕੋਈ ਦਰਖਤ ਦੇ ਉਤੇ ਬੈਠ ਗਈ, ਕੋਈ ਅੱਗ ਦੇ ਵਿਚ ਬੈਠੀ ਆਉਂਦੀ ਹੈ, ਕੋਈ ਹਵਾ 'ਚ ਉਡੀ ਆਉਂਦੀ ਹੈ, ਕੋਈ ਕਿਸੇ ਤਰੀਕੇ ਨਾ, ਕੋਈ ਡਰਾਉਣੀਆਂ ਚੀਜ਼ਾਂ ਹੇਠਾਂ ਰੱਖੀਂ ਆ ਰਹੀ ਹੈ।

ਕਹਿੰਦੇ, ਆਹ ਜਿਹੜੇ ਖੜ੍ਹੇ ਨੇ ਘੜਾ ਤਾਰ ਇਨ੍ਹਾਂ ਨੂੰ ਕਾਬੂ ਕਰੋ। ਉਸ ਵੇਲੇ ਸਾਰੀਆਂ ਹੀ ਹਾਰ ਗਈਆਂ, ਗੁਰੂ ਨਾਨਕ ਦੇ ਉਤੇ ਜਿਹੜੀ ਤ੍ਰਾਟਕ ਕਰਨ ਲਗਦੀ ਹੈ, ਦੜੰਮ ਕਰਕੇ ਥੱਲੇ ਗਿਰ ਜਾਂਦੀ ਹੈ। ਅਖੀਰ ਨੂਰਸ਼ਾਹ ਨੇ, ਪੂਰੇ ਸਾਜੋ ਸਮਾਨ ਨਾਲ ਉਠੀ ਕਿ ਹੈਂ ਇਹ ਤਾਂ ਮੈਨੂੰ ਹੀ ਕਰਨਾ ਪੈਣਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਦੋਵੇਂ ਸ਼ਬਦ ਉਚਾਰੇ। ਉਸ ਨੇ ਕਿਹਾ ਕਿ ਜਾਦੂ ਕਰ ਰਿਹਾ ਹੈ ਮੇਰੇ ਤੇ। ਮੈਂ ਨਹੀਂ ਸੁਣਦੀ ਕੰਨਾਂ ਦੇ ਨਾਲ। ਗੁਰੂ ਨਾਨਕ ਵਲ ਤ੍ਰਾਟਕ ਕਰਨ ਲੱਗ ਗਈ, ਬੇਅੰਤ ਜਾਦੂ ਦੇ ਤਰੀਕੇ ਕਰੇ, ਲੇਕਿਨ ਅਖੀਰ ਹੋਇਆ ਕੀ, ਟੁੱਟ ਗਈ। ਜਿਵੇਂ ਬੰਦਾ ਬਹਾਦਰ, ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਗਏ ਨੇ ਉਥੇ। ਪਲੰਘ ਤੇ ਬੈਠ ਗਏ ਤੇ ਉਸ ਵੇਲੇ ਉਹਦੇ ਚੇਲਿਆਂ ਨੇ ਜਾ ਕੇ ਦੱਸਿਆ ਕਿ ਕੋਈ ਐਸਾ ਆਇਆ ਹੈ, ਪਲੰਘ ਦੇ ਉਤੇ ਬੈਠ ਗਿਆ, ਜਿਸ ਦੇ ਉਤੇ ਕੋਈ ਬੈਠ ਨਹੀਂ ਸਕਦਾ। ਕਹਿਣ ਲੱਗਿਆ, ਹੈਂ, ਤੁਸੀਂ ਹਟਾਇਆ ਨਹੀਂ? ਕਹਿੰਦੇ, ਜੀ ਉਹ ਤਾਂ ਸ਼ਸਤਰਧਾਰੀ ਹੈ। ਉਹ ਤਾਂ ਬਹੁਤ ਸ਼ਕਤੀਆਂ ਵਾਲੇ ਨੇ ਸਾਡਾ ਨਹੀਂ ਚਲਦੇ ਨੇ, ਅਸੀਂ ਤਾਂ ਦੇਖ ਕੇ ਹੀ ਕੰਬਣੇ ਸ਼ੁਰੂ ਹੋ ਗਏ ਹਾਂ ਉਨ੍ਹਾਂ ਨੂੰ। ਪਤਾ ਨਹੀਂ ਕਿੰਨਾ ਕੁ ਜਲਾਲ ਹੈ ਉਨ੍ਹਾਂ ਵਿਚ। ਉਨ੍ਹਾਂ ਦੇ ਸਿੰਘਾਂ 'ਚ ਹੀ ਬੇਅੰਤ ਜਲਾਲ ਹੈ। ਉਸ ਵੇਲੇ ਬੰਦੇ ਬਹਾਦਰ ਨ ਉਥੇ ਹੀ ਖੜ੍ਹੇ ਨੇ ਤ੍ਰਾਟਕ ਕਰਨਾ ਸ਼ੁਰੂ ਕਰ ਦਿਤਾ। ਬੀਰ ਭੇਜੇ ਉਸੇ ਵੇਲੇ ਚਾਰੇ ਪੰਜੇ ਕਿ ਜਾਓ ਜਾ ਕੇ ਮੰਜਾ ਉਲਟਾ ਦਿਓ। ਜਦੋਂ ਮੰਜਾ ਚੁੱਕਣ ਲੱਗੇ ਮਹਾਰਾਜ ਜੀ ਦਾ ਥੋੜ੍ਹਾ ਜਿਹਾ ਹਿੱਲਿਆ। ਮਹਾਰਾਜ ਜੀ ਆਪ ਤਾਂ ਦੂਜੇ ਤੇ ਬੈਠ ਗਏ ਤੇ ਉਹਦੇ ਉਤੇ ਆਪਣਾ ਤੀਰ ਰੱਖ ਦਿਤਾ। ਨਾਲ ਖੜ੍ਹਾ ਦਿਤਾ ਮੰਜੇ ਤੇ ਉਤੇ ਨਹੀਂ ਰੱਖਿਆ, ਬਰਾਬਰ ਖੜ੍ਹਾ ਕਰ ਦਿਤਾ। ਉਸ ਵੇਲੇ ਫੇਰ ਗਏ ਜਾ ਕੇ ਕਹਿਣ ਲੱਗੇ ਗੁਰੂ ਜੀ! ਉਹ ਆਪ ਨਹੀਂ ਬੈਠਾ ਉਹਨੇ ਤੀਰ ਰੱਖਿਆ ਹੋਇਆ ਹੈ, ਨਾਲ ਖੜ੍ਹਾ ਕੀਤਾ ਹੋਇਆ ਹੈ। ਕਹਿੰਦੇ, ਮੰਜਾ ਤਾਂ ਭੋਰਾ ਜਿੰਨਾ ਵੀ ਨਹੀਂ ਹਿਲਿਆ। ਕਹਿੰਦਾ, ਫੇਰ ਮੈਂ ਧਰਤੀ 'ਚ ਗਰਕ ਕਰ ਦਿੰਦਾ ਹਾਂ। ਬੀਰਾਂ ਨੂੰ ਕਹਿੰਦਾ, ਦੱਬ ਦਿਓ ਧਰਤੀ 'ਚ। ਹੁਣ ਧਰਤੀ 'ਚ ਨਹੀਂ ਜਾ ਰਿਹਾ, ਬਰਾਬਰ ਤੀਰ ਖੜ੍ਹਾ ਹੈ। ਉਸ ਵੇਲੇ ਗੁਰੂ ਸਾਹਿਬ ਦੇ ਉਤੇ ਤ੍ਰਾਟਕ ਕਰਦਾ ਹੈ, ਅਖੀਰ ਐਨਾ ਟੁੱਟ ਗਿਆ ਕਿ ਦੜੰਮ ਕਰਕੇ ਧਰਤੀ ਤੇ ਡਿੱਗ ਪਿਆ। ਬੇਹੋਸ਼ ਹੋ ਗਿਆ, ਚੁੱਕ ਕੇ ਲਿਆਂਦਾ ਤੇ ਮਹਾਰਾਜ ਜੀ ਦੇ ਸਾਮ੍ਹਣੇ ਆ ਕੇ ਹੈਰਾਨ ਹੋ ਗਿਆ ਤੇ ਚਰਨਾਂ ਤੇ ਢਹਿ ਪਿਆ ਕਿਉਂਕਿ ਤ੍ਰਾਟਕ ਚੱਲ ਨਾ ਸਕਿਆ। ਇਕ ਪਾਸੇ ਨਾਮ ਹੈ, ਇਕ ਪਾਸੇ ਜਾਦੂ ਹੈ ਸਾਧਸੰਗਤ ਜੀ! ਦੋਹਾਂ ਦਾ ਮੁਕਾਬਲਾ ਹੈ। ਗੁਰੂ ਨਾਨਕ ਪਾਤਸ਼ਾਹ ਤੇ ਤ੍ਰਾਟਕ ਕਰਦੀ ਦੜੰਮ ਕਰਕੇ ਥੱਲੇ ਡਿਗ ਗਈ। ਉਸ ਵੇਲੇ ਜਦੋਂ ਉਸਨੂੰ ਹੋਸ਼ ਆਈ ਤਾਂ ਮਹਾਰਾਜ ਜੀ ਦੇ ਚਰਨ ਫੜ ਲਏ ਉਸਨੇ। ਕਹਿਣ ਲੱਗੀ, ਪਾਤਸ਼ਾਹ! ਤੁਸੀਂ ਕੋਈ ਬਹੁਤ ਵੱਡੇ ਆ ਗਏ ਹੋਂ। ਅੱਜ ਤੱਕ ਤਾਂ ਕੋਈ ਪੀਰ, ਫਕੀਰ ਸਾਡੇ ਕੋਲੋਂ ਨਹੀਂ ਬਚ ਕੇ ਗਿਆ। ਬਹੁਤ ਸਾਰੇ ਵੱਡੇ ਨਾਮੀ-ਨਾਮੀ ਫਕੀਰ ਅਸੀਂ, ਕੋਈ ਪਸ਼ੂ ਬਣਾਇਆ ਹੋਇਆ ਹੈ, ਕੋਈ ਪੰਛੀ ਬਣਾਇਆ ਹੋਇਆ ਹੈ, ਕੋਈ ਬਾਂਦਰ ਬਣਾ ਕੇ ਰੱਖਿਆ ਹੋਇਆ, ਇਥੇ ਬੈਠੇ ਨੇ ਸਾਰੇ। ਇਕ ਤੁਸੀਂ ਆਏ ਹੋਂ ਜਿਹਦੇ ਅੱਗੇ ਸਾਡਾ ਕੋਈ ਜ਼ੋਰ ਨਹੀਂ ਚਲਦਾ। ਹੁਣ ਕ੍ਰਿਪਾ ਕਰੋ ਆਪ, ਅਸੀਂ ਬਹੁਤ ਪਛਤਾਉਂਦੀਆਂ ਹਾਂ ਕਿ ਤੁਹਾਡੇ ਬੰਦੇ ਨੂੰ ਇਹਨੇ ਭੇਡੂ

ਬਣਾ ਲਿਆ ਤੇ ਹੁਣ ਇਹ ਘੜਾ ਨਹੀਂ ਲੈਹਿੰਦਾ ਕਿਸੇ ਤਰੀਕੇ ਘੜਾ ਲਾਹੋ।

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਬੀਬੀਓ! ਕਿੰਨੀਆਂ ਗਲਤ ਰਾਹ ਪਈਆਂ ਹੋਈਆਂ ਹੋ ਤੁਸੀਂ। ਕਿੱਡੇ-ਕਿੱਡੇ ਜਾਦੂ ਟੂਣੇ ਸਿੱਖੇ ਨੇ ਆਪਣਾ ਜਨਮ ਤੁਸੀਂ ਬਰਬਾਦ ਕਰ ਦਿਤਾ ਤੇ ਤੁਸੀਂ ਪ੍ਰਮੇਸ਼ਰ ਦੇ ਲੜ ਨਹੀਂ ਲੱਗੀਆਂ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਦਾ ਤੁਹਾਨੂੰ ਪਤਾ ਨਹੀਂ ਲੱਗਿਆ। ਨਾਮ ਦਾ ਕੋਈ ਮੁੱਲ ਨਹੀਂ ਸੰਸਾਰ 'ਚ ਪਾ ਸਕਿਆ ਤੇ ਉਸ ਨਾਮ ਨੂੰ ਵਿਸਾਰ ਕੇ ਤੁਸੀਂ ਝੂਠੇ ਜਾਦੂਆਂ ਵਿਚ ਪਈਆਂ ਹੋਈਆਂ ਹੋ। ਉਹਦੀ ਕਦਰ, ਕੀਮਤ ਪਾਓ ਓਹਦੀ। ਕਿਉਂ ਜਿਹੜੇ ਦਾ ਕੋਈ ਮੁੱਲ ਨਹੀਂ ਹੈ -

***ਧਾਰਨਾ - ਨਾਮ ਅਮੋਲਾ ਜੀ,***
***ਮੇਰਾ ਸਾਹਿਬ ਦਾ।***

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - ੮੧***

ਕਹਿਣ ਲੱਗੇ, ਬੱਚੀਓ! ਕਿੰਨਾ ਗਲਤ ਤੁਸੀਂ ਆਪਣਾ ਜੀਵਨ ਬਣਾਇਆ ਹੈ। ਮੰਤ੍ਰ, ਜੰਤ੍ਰ, ਤੰਤ੍ਰ 'ਚ ਪੈ ਕੇ ਨਰਕਾਂ ਦੀਆਂ ਭਾਗੀ ਬਣੀਆਂ ਹੋ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਨੂੰ ਜਾਣੋ, ਜਿਸਦਾ ਕੋਈ ਮੁੱਲ ਨਹੀਂ ਜਾਣਦਾ। ਜਿਹਦੇ ਮੁਕਾਬਲੇ ਤੇ ਹੋਰ ਕੋਈ ਸ਼ਕਤੀ ਦੁਨੀਆਂ ਦੀ ਪਹੁੰਚ ਨਹੀਂ ਸਕਦੀ। ਕੋਈ ਰਿੱਧੀ, ਸਿੱਧੀ, ਨਾ ਕੋਈ ਨਾਟਕ ਨਾ ਕੋਈ ਚੇਟਕ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਉਨ੍ਹਾਂ ਨੇ ਬੇਨਤੀ ਕੀਤੀ ਤੇ ਨਾਮ ਦੀ ਮਹਿਮਾ ਜਨਾਉਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਨੇ -

***ਯੌਂ ਸੁਨਿਕੈ ਤਿਨ ਕੀ ਬਿਨਤੀ***
***ਪੁਨ ਸ੍ਰੀ ਗੁਰ ਆਨਨ ਬੈਨ ਅਲਾਯੋ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 545***

ਉਨ੍ਹਾਂ ਦੀ ਬੇਨਤੀ ਸੁਣ ਕੇ ਮਹਾਰਾਜ ਨੇ ਬਚਨ ਕੀਤਾ। ਕਹਿੰਦੇ ਹੁਣ ਤੁਸੀਂ ਜਿਹੜਾ ਸਾਰਿਆਂ ਮੰਤਰਾਂ ਤੋਂ ਵੱਡਾ ਮੰਤਰ ਹੈ ਉਹ ਅਸੀਂ ਤੁਹਾਨੂੰ ਦੱਸਦੇ ਹਾਂ, ਜਿਹਦੇ ਮੁਕਾਬਲੇ ਤੇ ਸੰਸਾਰ ਦੇ ਅੰਦਰ ਹੋਰ ਕੋਈ ਮੰਤਰ, ਜੰਤਰ ਹੈ ਨਹੀਂ। ਉਹ ਹੈ 'ਵਾਹਿਗੁਰੂ'। ਕਹਿੰਦੇ -

***'ਵਾਹਿਗੁਰੂ, ਕਹਿ ਲੇਉ ਉਤਾਰ........।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 545***

ਜਾਓ ਵਾਹਿਗੁਰੂ ਕਹੋ। ਤੁਹਾਡੇ ਮੰਤਰ ਨਹੀਂ ਇਥੇ ਚਲ ਸਕਦੇ। ਇਥੇ ਮੰਤਰ ਵਾਹਿਗੁਰੂ ਦਾ ਚਲਣਾ ਹੈ। ਉਸ ਵੇਲੇ ਇਕ ਜਣੀ ਉਠੀ ਜਾ ਕੇ ਘੜੇ ਨੂੰ ਹੱਥ ਲਾਇਆ ਤੇ ਨਾਲ ਬੋਲੀ 'ਵਾਹਿਗੁਰੂ'। ਵਾਹਿਗੁਰੂ ਕਹਿੰਦੇ ਸਾਰ ਇਕ ਦਮ ਘੜਾ ਸਿਰ ਦੇ ਨਾਲੋਂ ਅੱਡ ਹੋ ਗਿਆ।

ਸਾਰੀਆਂ ਹੈਰਾਨ ਹੋ ਗਈਆਂ ਕਿ ਕਿੱਡਾ ਵੱਡਾ ਮੰਤਰ ਹੈ, ਅਸੀਂ ਤਾਂ ਵੱਡੇ-ਵੱਡੇ ਮੰਤਰ ਕਰ ਹਾਰੇ ਹਾਂ। ਬੜਾ ਜਫਰ ਜਾਲਿਆ ਹੈ, ਇਹ ਤਾਂ ਮੰਤਰ ਹੀ ਚਾਰ ਅੱਖਰਾਂ ਦਾ ਹੈ। ਇਹ ਮੰਤਰ ਨੂੰ ਕੀ ਕਹਿੰਦੇ ਨੇ, ਗੁਰਮੰਤਰ ਕਹਿੰਦੇ ਨੇ। ਜਿਹਨੂੰ ਇਹ ਪ੍ਰਾਪਤ ਨਹੀਂ ਨਾ ਹੋਇਆ -

***ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਅੰਗ - ੧੩੫੬***

ਧਿਰਕਾਰ ਹੈ ਉਹਦਾ। ਭ੍ਰਿਸ਼ਟਿਆ ਹੋਇਆ ਬੰਦਾ ਹੈ ਜਿਹਨੂੰ ਇਹ ਗੁਰਮੰਤਰ ਪ੍ਰਾਪਤ ਨਹੀਂ ਹੋਇਆ।

***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ ॥ ਅੰਗ - ੧੩੫੬***

ਕੁੱਤਾ, ਬਿੱਲਾ, ਸੂਰ, ਸੱਪ ਤੇ ਗਧੇ ਦੇ ਬਰਾਬਰ ਹੈ ਉਹ ਬੰਦਾ, ਜਿਹਨੂੰ ਏਸ ਮੰਤਰ ਦੀ ਪ੍ਰਾਪਤੀ ਨਹੀਂ ਹੋਈ। ਐਨਾ ਸ਼ਕਤੀ ਵਾਲਾ ਮੰਤਰ ਜਦੋਂ ਕਮਾਇਆ ਜਾਵੇ ਕੋਈ ਚੀਜ਼ ਇਹਦੇ ਮੁਕਾਬਲੇ ਤੇ ਨਹੀਂ ਆ ਸਕਦੀ।

ਇਕ ਵਾਰੀ ਬੀਬੀ ਜੀ ਦੇ ਪਿਤਾ ਜੀ (ਬੀਬੀ ਰਣਜੀਤ ਕੌਰ ਜੀ) ਆਪਣੇ ਪਿੰਡ ਜਾ ਰਹੇ ਨੇ, ਉਨ੍ਹਾਂ ਦੀ ਚਾਚੀ ਦੇ ਘਰ ਉਨ੍ਹਾਂ ਦੀ ਨੂੰਹ ਦੇ ਵਿਚ ਭੂਤਨੀ ਆਈ ਹੋਈ ਸੀ। ਜਦੋਂ ਬਾਪੂ ਜੀ ਗਲੀ ਵਿਚ ਤੁਰੀ ਜਾਂਦੇ ਨੇ ਗਲੀ ਵਿਚ ਤਾਂ ਉਹ ਹਾਕਾਂ ਮਾਰਨ ਲੱਗ ਗਈ ਕਿ ਹੀਰਾ ਸਿੰਆਂ! ਮੈਂ ਜਾਨੀ ਆਂ, ਮੈਂ ਜਾਨੀ ਆਂ। ਚੀਕਾਂ ਮਾਰਦੀ ਨੱਠ ਗਈ।

ਕਿਉਂਕਿ ਪਿਤਾ ਜੀ ਹਰ ਵਕਤ ਨਾਮ ਜਪਦੇ ਸੀ, ਕਦੇ ਕੋਈ ਸ੍ਵਾਸ ਨਹੀਂ ਸੀ ਉਨ੍ਹਾਂ ਦਾ ਜਿਹੜਾ ਨਾਮ ਤੋਂ ਬਗੈਰ ਜਾਵੇ। ਉਹ ਨਾਮ ਦੀ ਐਡੀ ਮਹਿਮਾ, ਜਪਦੇ ਤਾਂ ਜਾਂਦੇ ਨੇ ਗਲੀ ਵਿਚ ਤੇ ਉਹਦਾ ਅਸਰ ਕਿੱਥੇ ਪੈ ਗਿਆ, ਅੰਦਰ ਪਈ ਭੂਤਨੀ ਦੇ। ਉਹ ਚਾਚੀ ਦੌੜੀ ਆਈ ਉਨ੍ਹਾਂ ਕੋਲ, ਕਹਿਣ ਲੱਗੀ ਵੇ ਹੀਰਾ ਸਿੰਆਂ! ਉਰ੍ਹੇ ਆ। ਅੰਦਰ ਲੈ ਗਈ, ਕਹਿੰਦੀ ਆਹ ਬਹੂ ਬੀਮਾਰ ਪਈ ਹੈ, ਤੂੰ ਜਦੋਂ ਗਲੀ ਵਿਚੋਂ ਲੰਘੀ ਜਾਂਦਾ ਹੈਂ ਉਹ ਚੀਕਾਂ ਮਾਰ ਕੇ ਨੱਠ ਗਈ ਭੂਤਨੀ। ਬਾਪੂ ਜੀ ਨੂੰ ਤਰਸ ਆ ਗਿਆ, ਕਹਿੰਦੇ ਬੀਬੀ ਇਥੇ ਕੋਈ ਕਲਮ ਦੁਆਤ ਹੈ। ਉਹਨੇ ਲਿਆ ਦਿਤੀ, ਕਾਗਜ਼ ਪਾੜਿਆ ਉਹਦੇ ਉਤੇ ਆਪ ਨੇ ਵਾਹਿਗੁਰੂ ਲਿਖ ਦਿਤਾ, ਕਹਿੰਦੇ ਆਹ ਦਿਖਾ ਦੇਈਂ ਜਦ ਫੇਰ ਆਊਗੀ। ਜਦੋਂ ਫੇਰ ਆਈ, ਵਾਹਿਗੁਰੂ ਜਦੋਂ ਕਾਗਜ਼ ਖੋਲ੍ਹ ਕੇ ਦਿਖਾਇਆ, ਉਹਨੂੰ ਅੱਗ ਲੱਗ ਗਈ ਉਥੇ ਹੀ ਖਤਮ ਹੋ ਗਈ। ਮੁਕਤੀ ਹੀ ਹੋ ਗਈ ਉਹਦੀ ਅੱਖਰ ਦੇਖਦੇ ਸਾਰ। ਕਮਾਏ ਹੋਏ ਨਾਮ ਦਾ ਫਰਕ ਹੈ। ਵਾਹਿਗੁਰੂ ਦਾ ਨਾਮ ਹੈ ਕੋਈ ਕਮਾ ਲਓ। ਮੰਤ੍ਰ-ਜੰਤ੍ਰ ਕਮਾਉਂਦੇ ਨੇ, ਪਾਣੀਆਂ 'ਚ ਬੈਠਦੇ ਨੇ, ਚਿਲ੍ਹੇ ਕੱਟਦੇ ਨੇ, ਮਸਾਣ ਜਗਾਉਂਦੇ ਨੇ, ਬੇਅੰਤ ਤਰੀਕੇ ਕਰਦੇ ਨੇ, ਵਾਹਿਗੁਰੂ ਨਹੀਂ ਕਮਾ ਹੁੰਦਾ? ਜਿਹੜਾ ਵਾਹਿਗੁਰੂ ਕਮਾ ਲੈਂਦਾ ਹੈ, ਇਕ ਵਾਰੀ ਹੀ ਵਾਹਿਗੁਰੂ ਕਿਹਾ ਹੋਇਆ ਬਹੁਤ ਹੈ।

ਸੰਤ ਮਹਾਰਾਜ ਜੀ ਰਾੜੇ ਸਾਹਿਬ ਇਕ ਬੀਬੀ ਆਇਆ ਕਰਦੀ ਸੀ, ਉਹਦੀ ਕੋਈ ਸਹੇਲੀ ਸੀ ਉਹ ਮਰ ਗਈ। ਉਹ ਪਾਠ ਕਰਦੀ ਸੀ, ਵਿਚ ਤਾਂ ਆਇਆ ਨਾ ਕਰੇ, ਸਾਮ੍ਹਣੇ ਦਿਸੀ ਜਾਇਆ ਕਰੇ। ਇਕ ਦਿਨ ਉਹਨੇ ਬੇਨਤੀ ਕਰੀ ਕਿ ਮਹਾਰਾਜ! ਐਸ ਤਰ੍ਹਾਂ ਮੇਰੀ ਇਕ ਸਹੇਲੀ ਚੜ੍ਹਾਈ ਕਰ ਗਈ ਮੇਰੇ ਨਾਲ ਆਉਂਦੀ ਹੈ, ਲੇਕਿਨ ਜਿੱਥੇ ਆਪ ਦੀ ਹੱਦ ਸ਼ੁਰੂ ਹੁੰਦੀ ਹੈ ਉਸ ਤੋਂ ਬਾਹਰ ਠਹਿਰ ਜਾਂਦੀ ਹੈ। ਸਿੰਘ ਸੀਗੇ ਸਾਡੇ ਨਾਲ ਦੇ ਉਹ ਡੰਡੇ ਲੈ ਕੇ ਚਲੇ ਗਏ, ਕਹਿੰਦੇ ਬੀਬੀ ਸਾਨੂੰ ਦੱਸ। ਉਹ ਕਹਿੰਦੀ ਆਹ ਖੜ੍ਹੀ ਹੈ, ਉਹ ਡੰਡੇ ਮਾਰੀ

ਜਾਣ, ਕਹਿੰਦੀ ਡੰਡੇ ਇਹਦੇ ਲਗਦੇ ਨਹੀਂ ਹੈਗੇ। ਦੂਜੇ ਦਿਨ ਮਹਾਰਾਜ ਜੀ ਕੋਲ ਫੇਰ ਬੇਨਤੀ ਕਰੀ। ਸਿੰਘਾਂ ਨੇ ਵੀ ਕਿਹਾ। ਮਹਾਰਾਜ ਜੀ ਨੇ ਚਾਰ ਅੱਖਰ ਲਿਖ ਦਿਤੇ ਕਹਿੰਦੇ ਲੈ ਬੀਬੀ! ਆਹ ਦਿਖਾ ਦੇਈਂ, ਜਦੋਂ ਦੂਸਰੇ ਦਿਨ ਆਈ ਨਾਲ ਤੁਰੀ, ਉਹਨੇ ਚਾਰੇ ਅੱਖਰ ਦਿਖਾ ਦਿਤੇ। ਮਹਾਰਾਜ ਜੀ ਨੂੰ ਦੱਸਿਆ ਕਿ ਉਹਦਾ ਤਾਂ ਭਬੂਕਾ ਜਿਹਾ ਬਣ ਕੇ ਖਤਮ ਹੋ ਗਈ। ਮਹਾਰਾਜ ਕਹਿੰਦੇ ਭਾਈ! ਉਹਦੀ ਦੇਹੀ ਪਲਟ ਗਈ ਤੇ ਹੁਣ ਏਸ ਪ੍ਰੇਤ ਪਿੰਜਰ 'ਚੋਂ ਨਿਕਲ ਗਈ। ਸੋ ਇਹ ਕਮਾਏ ਹੋਏ ਨਾਮ ਦੀ ਗੱਲ ਹੈ। ਸੋ ਮਹਾਰਾਜ ਨੇ ਉਸਨੂੰ ਕਹਿ ਦਿਤਾ। ਮਹਾਰਾਜ ਦੇ ਮੁਖਾਰਬਿੰਦ ਤੋਂ ਸੁਣਿਆ ਹੋਇਆ ਵਾਹਿਗੁਰੂ ਮੰਤਰ ਕਿੰਨਾ ਸ਼ਕਤੀਸ਼ਾਲ ਹੋ ਗਿਆ ਕਿ ਇਕੋ ਵਾਰੀ ਕਿਹਾ –

*'ਵਾਹਿਗੁਰੂ, ਕਹਿ ਲੇਉ ਉਤਾਰ'*
*ਉਠੀ ਤਤਕਾਲਕ ਬਾਲ ਹਿਲਾਯੋ।*
*ਨਾਮ ਉਚਾਰਤਿ ਹੀ ਉਤਰਾ ਘਟ,*
*ਤੀਯ ਅਚੰਭ ਸਭੈ ਉਰ ਪਾਯੋ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 545***

ਸਾਰੀਆਂ ਹੈਰਾਨ ਹੋ ਗਈਆਂ ਕਿ ਕਿੱਡਾ ਵੱਡਾ ਮੰਤਰ ਹੈ।

*ਆਨਿ ਉਪਾਇਨ ਭੂਰ ਧਰੀ,*
*ਮੁਕਤਾ ਸਭਿ ਹੀਰ ਤੇ ਚੀਰ ਮੰਗਾਯੋ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 545***

ਉਸ ਵੇਲੇ ਕਹਿਣ ਲੱਗੀਆਂ ਕਿ ਇਹ ਤਾਂ ਰੱਬ ਦਾ ਰੂਪ ਹੀ ਆ ਗਏ ਜਿਹੜਾ ਰੱਬ ਸੁਣਦੇ ਸੀ ਓਹੀ ਆ ਗਿਆ। ਛੇਤੀ ਕਰੋ ਉਸੇ ਵੇਲੇ ਘਰਾਂ ਦੇ ਵਿਚ ਜਾਂਦੀਆਂ ਨੇ ਬੇਅੰਤ ਵਸਤਰ, ਬੇਅੰਤ ਧਨ ਇਹ ਨੂਰਸ਼ਾਹ ਜਿਹੜੀ ਇਥੇ ਦੀ ਮਾਲਕ ਸੀ, ਹੀਰੇ ਜਵਾਹਰਾਤ ਦੇ ਨਾਲ ਥਾਲ ਭਰ ਕੇ ਮਹਾਰਾਜ ਕੋਲ ਲੈ ਆਈ। ਬੇਨਤੀਆਂ ਕਰਦੀਆਂ ਨੇ ਕਿ ਮਹਾਰਾਜ! ਸਾਡੀ ਭੁੱਲ ਬਖਸ਼ ਦਿਓ। ਉਸ ਵੇਲੇ ਮਹਾਰਾਜ ਜੀ ਨੇ ਆਹ ਸ਼ਬਦ ਦਾ ਉਚਾਰਨ ਕੀਤਾ –

*ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*
*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥*
*ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥*
*ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥*

***ਅੰਗ - ੮੫***

ਜਦੋਂ ਸ਼ਬਦ ਦਾ ਉਚਾਰਨ ਹੋਇਆ, ਮਤਲਬ ਸਮਝਿਆ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਜੇ ਚਰਨਾਂ ਤੇ ਢਹਿ ਪਈਆਂ। ਪਾਤਸ਼ਾਹ! ਬਖਸ਼ ਲਓ, ਸਾਡੇ ਤੋਂ ਬੜੀ ਭਾਰੀ ਭੁੱਲ ਹੋ ਗਈ। ਨੂਰਸ਼ਾਹ ਨੇ ਆ ਕੇ ਦਰਵਾਜ਼ੇ ਖੋਲ੍ਹ ਦਿਤੇ, ਹੋਕਾ ਦੇ ਦਿਤਾ ਸ਼ਹਿਰ ਵਿਚ ਕਿ ਮੇਰਾ ਘਰ ਲੁੱਟ ਲਓ। ਇਹ ਪਾਪ ਦੀ ਕਮਾਈ ਨਾਲ ਭਰਿਆ ਹੋਇਆ ਘਰ ਲੁੱਟ ਲਓ। ਜਿੰਨੇ ਕਾਬੂ ਕੀਤੇ ਸੀ ਸਭ ਛੱਡ ਦਿਤੇ। ਸਾਰੇ ਗੁਰੂ ਨਾਨਕ ਦੇ ਚਰਨਾਂ 'ਚ ਪੀਰ, ਫਕੀਰ, ਸਾਧੂ, ਮਹਾਤਮਾ ਇਕੱਠੇ ਹੋ ਕੇ ਆਏ ਜਾਂਦੇ ਨੇ। ਪਾਤਸ਼ਾਹ! ਤੁਸੀਂ ਇਹ ਕੁਫਰ ਦਾ ਗੜ੍ਹ ਤੋੜ ਦਿਤਾ, ਚਰਨਾਂ ਤੇ ਢਹਿ ਪਈਆਂ ਤੇ ਨਾਮ ਦੀ ਮੰਗ ਕੀਤੀ, ਪਾਤਸ਼ਾਹ! ਸਾਨੂੰ ਨਾਮ ਦੇ, ਉਸ ਵੇਲੇ ਦੀਨ ਹੋ ਕੇ ਬੇਨਤੀਆਂ ਕਰਦੀਆਂ ਅਨੇਕ ਪ੍ਰਕਾਰ ਦੀਆਂ। ਮਹਾਰਾਜ ਜੀ ਨੂੰ ਤਰਸ ਆਇਆ ਤੇ ਆਪ ਨੇ ਚਰਨ ਪਾਹੁਲ ਦੇ ਕੇ, ਵਾਹਿਗੁਰੂ ਮੰਤਰ ਦਾ ਜਾਪ ਦੇ ਕੇ ਇਸ ਕੁਫਰਗੜ੍ਹ ਨੂੰ ਤੋੜ ਦਿਤਾ। ਨਾਮ ਵਲ ਲਾ ਦਿਤਾ ਤੇ ਜਦੋਂ ਮਹਾਰਾਜ ਜਾਣ ਲੱਗੇ ਉਸ ਵੇਲੇ ਕਹਿਣ ਲੱਗੀਆਂ, ਪਾਤਸ਼ਾਹ! ਸਾਨੂੰ ਕੋਈ ਨਿਸ਼ਾਨੀ ਦੇ ਕੇ ਜਾਓ, ਤਾਂ ਕਿ ਅਸੀਂ ਤੁਹਾਨੂੰ ਯਾਦ ਰੱਖੀਏ। ਮਹਾਰਾਜ ਜੀ ਦੇ ਹੱਥ ਵਿਚ ਬਰਛਾ ਸੀ, ਮਹਾਰਾਜ! ਕਹਿੰਦੇ ਲਓ ਬੀਬੀ ਆਹ ਬਰਛਾ ਰੱਖੋ ਤੇ ਪ੍ਰਮੇਸ਼ਰ ਨਾ ਭੁੱਲਣਾ। ਉਸ ਵੇਲੇ ਉਨ੍ਹਾਂ ਅਸਥਾਨ ਬਣਾਇਆ, ਅੱਜ ਉਸ ਅਸਥਾਨ ਦਾ ਨਾਮ ਗੁਰਦੁਆਰਾ ਬਰਛਾ ਸਾਹਿਬ। ਆਸਾਮ ਵਿਚ ਹੈ। ਜਿਥੇ-ਜਿਥੇ ਮਹਾਰਾਜ ਗਏ ਨੇ, ਨਾਮ ਦੀ ਮਹਿਮਾ ਦੇ ਬਾਰੇ ਦਸਦੇ ਸੀ ਕਿ ਨਾਟਕ, ਚੇਟਕ, ਰਿੱਧੀਆਂ-ਸਿੱਧੀਆਂ, ਟੂਣੇ, ਜਾਦੂ ਕੁਛ ਨਹੀਂ ਹੈਗਾ।

ਬੇਅੰਤ ਆਉਂਦੇ ਨੇ ਕਿ ਆਹ ਜੀ, ਜਾਦੂ ਹੋ ਗਿਆ, ਖਲਾ ਦਿਤਾ। ਮੈਂ ਕਿਹਾ ਤੁਸੀਂ ਨਾਮ ਜਪੋ। ਜਿਸ ਹਿਰਦੇ 'ਚ ਗੁਰੂ ਨਾਨਕ ਵਸ ਜਾਵੇ, ਜਿਥੇ ਗੁਰੂ ਨਾਨਕ ਦੇ ਚਰਨ ਪੈ ਜਾਣ ਨਾ ਜਿਸ ਮਸਤਕ ਦੇ ਵਿਚ, ਉਥੇ ਕੋਈ ਜਾਦੂ ਟੂਣਾ ਨੇੜੇ ਨਹੀਂ ਆ ਸਕਦਾ। ਮਾੜੀ ਜਿਹੀ ਗੱਲ ਹੈ ਲੇਕਿਨ ਜਾ ਕਿਉਂ ਰਹੀ ਹੈ ਕਿ ਨਾਮ ਦੀ ਮਹਿਮਾ ਦਾ ਨਹੀਂ ਪਤਾ ਹੈ ਕਿ ਨਾਮ ਐਡੀ ਵੱਡੀ ਚੀਜ਼ ਹੈ।

ਗੁਰੂ ਦਸਵੇਂ ਪਾਤਸ਼ਾਹ ਨੂੰ ਬੇਨਤੀ ਕਰੀ ਕਿ ਪਾਤਸ਼ਾਹ! ਜਾਦੂਗਰ ਜਾਦੂ ਕਰਦੇ ਨੇ ਕੋਈ ਟੂਣੇ ਕਰਦਾ ਹੈ, ਕੋਈ ਕੁਛ ਕਰਦਾ ਹੈ, ਗੁਰਸਿੱਖਾਂ ਦਾ ਬਚਾਅ ਵੀ ਹੈ ਕੋਈ? ਸਾਨੂੰ ਤਾਂ ਆਪ ਨੇ ਦੱਸਿਆ ਨਹੀਂ ਹੈ। ਆਪ ਕ੍ਰਿਪਾ ਕਰਕੇ ਦੱਸੋ ਸਾਨੂੰ ਕਿ ਕੋਈ ਐਸਾ ਮੰਤਰ ਹੈ ਜਿਹਨੂੰ ਪੜ੍ਹ ਕੇ ਅਸੀਂ ਇਨ੍ਹਾਂ ਬਲਾਵਾਂ ਤੋਂ ਬਚ ਰਹੀਏ? ਮਹਾਰਾਜ ਕਹਿਣ ਲੱਗੇ –

*ਸੁਨਿ ਕਲਗੀਧਰ ਉਚਰਯੋ ਨੀਕੋ।*
*ਜਾਨਹੁ ਪਰਮਮੰਤ੍ਰ ਜਪੁਜੀ ਕੋ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5571***

ਸਾਰਿਆਂ ਨਾਲੋਂ ਵੱਡਾ ਮੰਤਰ ਹੈ ਨਾ ਜੋ ਉਹ ਜਪੁਜੀ ਸਾਹਿਬ ਹੈ।

*ਅਹੈਂ ਮਾਨਸੀ ਪੰਚੀ ਅੱਛਰ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 5571***

ਜਿਹੜੇ ਪੱਚੀ ਅੱਖਰ ਨੇ ਨਾ –

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ ॥*
*ਬਾਂਛਤਿ ਦੇ ਸਿਮਰਯੋ ਜਿਨ ਰਿਦ ਧਰਿ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-5571***

ਜੋ ਚਿੱਤ 'ਚ ਇੱਛਿਆ ਹੋਏਗੀ, ਉਹ ਮਿਲ ਜਾਏਗੀ ਜਿਹੜਾ ਹਿਰਦੇ ਵਿਚ ਪਿਆਰ ਧਰ ਕੇ ਇਹਦਾ ਸਿਮਰਨ ਕਰੇਗਾ।

*ਭੂਤ, ਕਿ ਪ੍ਰੇਤ, ਡਾਕਨੀ ਡੀਠਿ।*

*ਸਹਿਤ ਪ੍ਰਤੀਤ ਪਠਹਿ ਦਿਢ ਨੀਠ।*
*ਬਾਂਛਤਿ ਦੇ ਸਿਮਰਯੋ ਜਿਨ ਰਿਦ ਧਰਿ।*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-5571***

ਜਿਹੜਾ ਪ੍ਰਤੀਤ ਦੇ ਨਾਲ ਦ੍ਰਿੜ੍ਹ ਹੋ ਕੇ ਪੜ੍ਹਦਾ ਹੈ ਨਾ, ਉਹਦੇ ਨੇੜੇ ਨਹੀਂ ਆ ਕਦੇ।

*ਦਸਮੇ ਪਾਤਸ਼ਾਹੁ ਗੁਰ ਸਾਚੇ।*
*ਲਿਖਵਾਏ ਸ਼੍ਰੀ ਬਚਨ ਉਬਾਚੇ।*
*ਬਾਂਛਤਿ ਦੇ ਸਿਮਰਯੋ ਜਿਨ ਰਿਦ ਧਰਿ।*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-5572***

ਕਹਿੰਦੇ ਲਿਖ ਲਓ ਅਸੀਂ ਜਿਹੜੇ ਬਚਨ ਕਹਿੰਦੇ ਹਾਂ। ਸੋ ਜਿਹੜਾ ਐਡੇ ਵੱਡੇ ਮੰਤਰ ਨੂੰ ਯਾਦ ਨਹੀਂ ਕਰਦਾ। ਮੈਂ ਕਿੰਨਿਆਂ ਨੂੰ ਪੁੱਛਦਾ ਹਾਂ। ਮੇਰੇ ਕੋਲ ਆਉਂਦੇ ਨੇ ਕਿ ਜੀ ਮੈਂ ਬਿਮਾਰ ਹਾਂ। ਬਈ ਤੇਰੇ ਜਪੁਜੀ ਸਾਹਿਬ ਯਾਦ ਹੈ? ਕਹਿੰਦਾ ਨਾ। ਕਾਲਾ ਤੇਰੇ ਸਾਫਾ ਬੰਨ੍ਹਿਆ ਹੋਇਆ ਹੈ, ਕਿਰਪਾਨ ਵੀ ਪਾਈ ਹੋਈ, ਜਪੁਜੀ ਸਾਹਿਬ ਨਹੀਂ ਤੂੰ ਯਾਦ ਕਰਿਆ? ਗੁਰੂ ਦਾ ਮਤ ਕੀ ਕਹਿੰਦਾ ਹੈ ਇਹਦੇ ਬਾਰੇ?

ਜੋ ਰਹਿਤਨਾਮੇ 'ਚ ਲਿਖੀਆਂ ਹੋਈਆਂ ਨੇ, ਮਹਾਂਪੁਰਸ਼ਾਂ ਨੇ ਜੋ ਅਨੁਭਵ ਦੱਸਿਆ ਹੈ, ਉਹ ਏਸ ਤਰ੍ਹਾਂ ਨਾਲ ਕਹਿੰਦਾ ਹੈ ਪੜ੍ਹੋ ਸਾਰੇ ਪਿਆਰ ਨਾਲ -

*ਧਾਰਨਾ - ਜੇ ਤੈਂ ਜਪੁਜੀ ਕੰਠ ਨਾ ਕੀਤੀ,*
*ਸਿੱਖੀ ਕਿਹੜੇ ਕੰਮ ਹੈ।*
*ਸਿਖ ਗੁਰੂ ਕਾ ਹੋਇ ਗਇਓ ਜਪੁਜੀ ਕੰਠ ਨ ਕੀਨ।*
*ਤੁੰਦਲ ਬਿਨ ਧੁਖ ਕਾਮ ਕੇ ਤੈਸੇ ਸਿਖ ਕੋ ਚੀਨ।*

ਕਹਿੰਦੇ ਜਿਵੇਂ ਛਿਲਕਾ ਹੁੰਦਾ ਹੈ ਨਾ ਚੌਲ ਵਿਚ ਨਾ ਹੋਵੇ, ਐਹੋ ਜਿਹਾ ਸਿੱਖ ਹੁੰਦਾ ਹੈ ਜਿਹਦੇ ਜਪੁਜੀ ਕੰਠ ਨਾ ਹੋਵੇ, ਸਿੱਖ ਬਣ ਕੇ।

*ਅਰਥ ਬਿਚਾਰਿ ਕਰਹਿ ਉਰ ਮਾਂਹੀ।*
*ਮੁਕਤਿ ਹੋਇ ਸੋ ਸੰਸੇ ਨਾਂਹੀ॥*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜਿਹੜਾ ਜਪੁਜੀ ਸਾਹਿਬ ਦੇ ਅਰਥ ਵਿਚਾਰ ਕੇ ਜਪੁਜੀ ਸਾਹਿਬ ਪੜ੍ਹਦਾ ਹੈ, ਕਹਿੰਦੇ ਉਹਦੇ ਮੁਕਤ ਹੋਣ ਦੇ ਵਿਚ ਕੋਈ ਸੰਸਾ ਨਹੀਂ ਰਹਿ ਜਾਂਦਾ।

*ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ॥*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਗੁਰੂ ਦਸਵੇਂ ਪਾਤਸ਼ਾਹ ਨੇ ਫੁਰਮਾਨ ਕਰਿਆ ਕਿ ਜਿਹੜੇ ਜਪੁਜੀ ਸਾਹਿਬ ਪਿਆਰ ਦੇ ਨਾਲ ਪੜ੍ਹਦੇ ਨੇ ਨਾ -

*ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਉਹ ਮੇਰੇ ਨੇੜੇ ਆ ਕੇ ਮੇਰੇ ਲੋਕ ਵਿਚ ਵਸਣਗੇ।

*ਧਰਹਿ ਕਾਮਨਾ ਪਢਿ ਹੈ ਇਕ ਮਨ॥*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜੇ ਕੋਈ ਕਾਮਨਾ ਪੈ ਜਾਵੇ, ਕੋਈ ਕੰਮ ਅੜ ਜਾਵੇ, ਕਹਿੰਦੇ ਇਕ ਮਨ ਹੋ ਕੇ ਜਪੁਜੀ ਸਾਹਿਬ ਦਾ ਪਾਠ ਕਰੇ।

*ਹੋਹਿ ਸਪੂਰਨ ਤਿਹ ਕੀ ਤਤਛਿਨ।*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਓਸੇ ਵੇਲੇ ਉਹਦੀ ਜਿਹੜੀ ਇਛਿਆ ਹੈ ਓਹ ਓਸੇ ਵੇਲੇ ਪੂਰੀ ਹੋ ਜਾਏਗੀ।

*ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।*
*ਭੂਤ ਜਿ ਪ੍ਰੇਤ ਦੈਤ ਬਲਵਾਨਾ।*
*ਤਿਹ ਸਮੀਪ ਨਹਿਂ ਆਵੈ ਕੋਈ।*
*ਪਠਨ ਪ੍ਰੀਤਿ ਨਿਤ ਨਰ ਜਿਹ ਹਈ॥*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜੰਤਰ ਮੰਤਰ ਤੰਤਰ, ਭੂਤ, ਪ੍ਰੇਤ, ਦੈਂਤ, ਖਵੀਸ ਉਨ੍ਹਾਂ ਦੇ ਨੇੜੇ ਕਦੇ ਭੁੱਲ ਕੇ ਵੀ ਨਹੀਂ ਆਏਗਾ। ਜਿਹੜਾ ਪਿਆਰ ਦੇ ਨਾਲ ਅਰਥ ਵਿਚਾਰ ਕੇ ਜਪੁਜੀ ਸਾਹਿਬ ਨੂੰ ਪੜ੍ਹਦਾ ਹੈ ਆਹ ਚੀਜ਼ਾਂ ਜਿਹੜੀਆਂ ਕਾਲੀਆਂ ਸ਼ਕਤੀਆਂ ਨੇ ਉਹਦੇ ਪਰਛਾਵੇਂ ਵਿਚ ਵੀ ਨਹੀਂ ਲੰਘਦੀਆਂ।

*ਮਾਨੁਖ ਦੇਹਿ ਜੀਵ ਜਿਨ ਪਾਈ।*
*ਜਪੁ ਬਿਹੀਨ ਹ੍ਵੈ ਬਾਦ ਗਵਾਈ।*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜਿਹਨੇ ਮਨੁੱਖ ਦੇਹ ਪਾ ਲਈ, ਜਿਹੜਾ ਜਪੁਜੀ ਸਾਹਿਬ ਦਾ ਪਾਠ ਨਹੀਂ ਕਰਦਾ ਉਹਨੇ ਬਿਰਥੀ ਗਵਾ ਦਿਤੀ। ਜਿਹੜਾ ਗੁਰੂ ਦਾ ਮੰਤਰ ਹੈ, ਤਿੰਨ ਮੰਤਰ ਨੇ ਜਿਹੜਾ ਸਿੱਖਾਂ ਦੇ ਵਾਸਤੇ, ਪਹਿਲ੍ਹਾ ਤਾਂ ਹੈ ਗੁਰਮੰਤ੍ਰ ਵਾਹਿਗੁਰੂ, ਦੂਸਰਾ ਹੈ ਮੂਲਮੰਤ੍ਰ (ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਜਪੁ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥) ਤੀਸਰਾ ਹੈ ਮਾਲਾ ਮੰਤਰ, ਇਹ ਜਪੁਜੀ ਸਾਹਿਬ ਨੂੰ ਕਹਿੰਦੇ ਨੇ। ਇਹ ਸਿੱਖਾਂ ਦੇ ਵਾਸਤੇ ਨੇ।

*ਸਿੱਖਨ ਯੋਗ ਮੰਤ੍ਰ ਗੁਰ ਕੇਰਾ।*
*ਇਤ ਉਤ ਨਿਤ ਸੁਖ ਦੇਤਿ ਘਨੇਰਾ।*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਇਥੇ ਵੀ ਤੇ ਦਰਗਾਹ ਵਿਚ ਰੋਜ਼ ਸੁੱਖ ਦਿੰਦਾ ਹੈ ਇਹ।

*ਹੋਇ ਸਿੱਖ ਜਪੁ ਕੰਠ ਨ ਕੀਨੋ।*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਸਿੱਖ ਹੋ ਗਿਆ, ਕਿਰਪਾਨ ਪਾ ਲਈ, ਕਾਲੇ ਦਸਤਾਰੇ ਬੰਨ੍ਹ ਲਏ, ਕਹਿੰਦੇ ਫੇਰ ਜੇ ਜਪੁਜੀ ਯਾਦ ਨਹੀਂ ਨਾ ਕੀਤੀ -

*ਨਾਊਂ ਧਰੀਕ ਬੇਖ ਧਰਿ ਲੀਨੋ॥*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਕਹਿੰਦੇ ਉਹ ਤਾਂ ਨਾਉਂ ਧਰੀਕ ਹੈ, ਪਾਖੰਡੀ ਸਿੱਖ ਹੈ, ਜੇ ਕਹੇ ਕਿ ਮੈਂ ਤਾਂ ਪੜ੍ਹਿਆ ਨਹੀਂ ਹੋਇਆ। ਪੁਰਾਣੇ ਜ਼ਮਾਨਿਆਂ 'ਚ ਪੜ੍ਹੇ ਨਹੀਂ ਸੀ ਹੁੰਦੇ। ਸਾਡਾ ਬਾਬਾ ਪੜ੍ਹਿਆ ਨਹੀਂ ਸੀ ਹੋਇਆ, ਇਕ ਅੱਖਰ ਨਹੀਂ ਸੀ ਜਾਣਦਾ। ਜਪੁਜੀ ਸਾਹਿਬ ਬੜੇ ਪਿਆਰ ਨਾਲ ਪੜ੍ਹਦਾ ਸੀ। ਚਾਚਾ ਸਾਡਾ ਕਿਤੇ ਨਹੀਂ ਸੀ ਪੜ੍ਹਿਆ, ਆਸਾ ਜੀ ਦੀ ਵਾਰ, ਜਪੁਜੀ ਸਾਹਿਬ ਸਭ ਆਉਂਦਾ ਸੀ। ਬੀਬੀ (ਬੀਬੀ ਰਣਜੀਤ ਕੌਰ ਜੀ ਚੇਅਰਪਰਸਨ ਰਤਵਾੜਾ ਸਾਹਿਬ) ਦੀ ਮਾਤਾ ਕੋਈ ਅੱਖਰ ਨਹੀਂ ਸੀ ਜਾਣਦੀ, 2 ਵਜੇ ਉਠਣਾ ਉਹਨੇ, ਦੋ ਵਜੇ ਇਸ਼ਨਾਨ ਕਰਕੇ ਬਹਿ ਜਾਣਾ ਉਹਨੇ, ਬੋਰੀ ਵਿਛਾ ਕੇ, ਜਪੁਜੀ ਸਾਹਿਬ

ਪੜ੍ਹਨਾ, ਸ਼ਬਦ ਹਜ਼ਾਰੇ ਪੜ੍ਹੇ, ਸਵੱਈਏ ਦੋਵੇਂ ਪੜ੍ਹਨੇ, ਜਾਪੁ ਸਾਹਿਬ ਪੜ੍ਹਨਾ, ਆਸਾ ਦੀ ਵਾਰ ਪੜ੍ਹਨੀ ਤੇ ਗੁਰੂ ਨੌਵੇਂ ਪਾਤਸ਼ਾਹ ਦੇ ਸਲੋਕ ਗਾ ਗਾ ਰੋਜ਼ ਪੜ੍ਹਨੇ, ਪਤਾ ਨਹੀਂ ਕਿੰਨੀ ਕੁ ਬਾਣੀ ਪੜ੍ਹਦੀ ਸੀ, ਸੁਣ-ਸੁਣ ਕੇ ਸਿੱਖ ਗਈ ਸਾਰੀ। ਜੇ ਮਨ ਵਿਚ ਲਗਨ ਹੋਵੇ ਤਾਂ ਬੰਦਾ ਬਾਣੀ ਯਾਦ ਕਰ ਲੈਂਦਾ ਹੈ। ਜਿਹੜਾ ਕਹੇ ਕਿ ਮੈਂ ਤਾਂ ਪੜ੍ਹਿਆ ਨਹੀਂ, ਮੇਰੇ ਕੋਲ ਕਿੰਨੇ ਆਉਂਦੇ ਨੇ ਕਿ ਬਾਬਾ ਜੀ! ਆਹ ਬਿਮਾਰੀ ਹੈ। ਮੈਂ ਪੁੱਛਦਾ ਹਾਂ ਕਿ ਤੈਨੂੰ ਜਪੁਜੀ ਸਾਹਿਬ ਯਾਦ ਹੈ। ਕਹੇਗਾ ਨਹੀਂ। ਫੇਰ ਮੈਂ ਕਿਹਾ ਮੈਂ ਕੀ ਕਰਾਂ। ਜੇ ਤੇਰੇ ਜਪੁਜੀ ਸਾਹਿਬ ਹੀ ਯਾਦ ਨਹੀਂ ਤੇ ਮੈਂ ਤੈਨੂੰ ਜਪੁਜੀ ਸਾਹਿਬ ਹੀ ਦੱਸਣਾ ਹੈ ਕਿ ਜਪੁਜੀ ਸਾਹਿਬ ਪੜ੍ਹ। ਤੇਰੇ ਯਾਦ ਨਹੀਂ। ਪੜ੍ਹੇ ਲਿਖੇ ਕਹਿੰਦੇ ਨੇ ਕਿ ਜੀ ਮੈਂ ਗੁਟਕੇ ਤੋਂ ਪੜ੍ਹਾਂ ਲਵਾਂਗਾ। ਮੈਂ ਕਿਹਾ ਗੁਟਕੇ ਤੋਂ ਵੀ ਯਾਦ ਕਰਕੇ ਆ ਮੇਰੇ ਕੋਲ। ਕਈ ਤਾਂ ਆਉਂਦੇ ਹੀ ਨਹੀਂ ਕਿਉਂਕਿ ਯਾਦ ਨਹੀਂ ਕਰਦੇ, ਐਈਂ ਸਮਝਦੇ ਨੇ ਕਿ ਬਾਬਾ ਜੀ ਛੂ-ਮੰਤਰ ਕਰਕੇ ਰਾਜ਼ੀ ਕਰ ਦੇਵੇ। ਐਉਂ ਤਾਂ ਗੱਲ ਨਹੀਂ ਬਣਨੀ ਭਾਈ। ਇਹ ਤਾਂ ਗੁਰੂ ਮਹਾਰਾਜ ਨੇ ਸਾਰੀਆਂ ਗੱਲਾਂ ਦੱਸੀਆਂ ਹੋਈਆਂ ਨੇ। ਤਿੰਨ ਚੀਜ਼ਾਂ ਮਹਾਰਾਜ ਨੇ ਦੱਸੀਆਂ ਨੇ ਕਿ ਜਿਹੜਾ ਜਪੁਜੀ ਸਾਹਿਬ ਦਾ ਪਾਠ ਨਿੱਤ ਪਿਆਰ ਦੇ ਨਾਲ, ਚਿੱਤ ਇਕਾਗਰ ਕਰਕੇ ਕਰੇਗਾ, ਉਹਦੇ ਘਰ ਵਿਚ ਕਾਮਧੇਨ ਗਊ ਆ ਜਾਏਗੀ। ਪਦਾਰਥਾਂ ਦੀ ਥੁੜ੍ਹ ਨਹੀਂ ਰਹਿਣੀ, ਚਿੰਤਾਮਨ ਵੱਟੀ ਆ ਜਾਏਗੀ, ਜੋ ਇੱਛਿਆ ਕਰੇਗਾ ਪੂਰੀ ਹੋ ਜਾਏਗੀ। ਕਲਪ ਬ੍ਰਿਛ ਆ ਜਾਏਗੀ।

***ਇਸ ਤੇ ਔਰ ਨ ਕੋ ਬਿਧਿ ਊਚੀ।***
***ਜਪੁ ਸੇਵਨ ਇਕ ਮਨ ਹੁਇ ਸੂਚੀ।***
***ਕਾਮਧੇਨੁ, ਚਿੰਤਾਮਨਿ, ਸੁਰਤਰੁ।***
***ਕਰਿ ਨਹਿੰ ਸਕੇ ਆਧਤਿਲ ਸਮਸਰ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਕਹਿੰਦੇ ਜਿਹੜੀਆਂ ਆਹ ਤਿੰਨੇ ਚੀਜ਼ਾਂ ਨੇ ਕਾਮਧੇਨ ਗਊ, ਚਿੰਤਾਮਨ ਵੱਟੀ ਤੇ ਕਲਪ ਬ੍ਰਿਛ ਜਪੁਜੀ ਸਾਹਿਬ ਦੇ ਮੁਕਾਬਲੇ ਤੇ ਐਉਂ ਨੇ ਜਿਵੇਂ ਇਕ ਤਿਲ ਹੋਵੇ ਮਣ ਦੇ ਮੁਕਾਬਲੇ 'ਚ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਪ੍ਰੇਮੀਓ! ਬਾਣੀ ਤੋਂ ਵੱਡੀ ਕੋਈ ਚੀਜ਼ ਨਹੀਂ ਹੈ। ਕੋਈ ਜੰਤਰ, ਮੰਤਰ, ਤੰਤਰ ਸਿੱਖ ਦੇ ਨੇੜੇ ਨਹੀਂ ਆ ਸਕਦਾ, ਕੋਈ ਦੁਖ ਨਹੀਂ ਆ ਸਕਦਾ। ਵੱਡੇ-ਵੱਡੇ ਅਸੀਂ ਤਾਂ ਕਰਕੇ ਦੇਖ ਲਏ –

***ਸਰਬ ਰੋਗ ਕਉ ਅਉਖਧੁ ਨਾਮ॥***

ਕਿੰਨੀਆਂ-ਕਿੰਨੀਆਂ ਬਿਮਾਰੀਆਂ ਠੀਕ ਹੋਈਆਂ ਨੇ। ਡਾਕਟਰਾਂ ਨੇ ਜਵਾਬ ਦਿਤਾ ਮੈਂ ਕੁਛ ਨਹੀਂ ਕਹਿੰਦਾ, ਮੈਂ ਕਹਿੰਦਾ ਹਾਂ ਜਪੁਜੀ ਸਾਹਿਬ ਪੜ੍ਹੋ ਭਾਈ ਬੈਠ ਕੇ, ਦੋ ਚੀਜ਼ਾਂ ਕਰੋ – ਸੇਵਾ ਕਰੋ, ਸਿਮਰਨ ਕਰੋ। ਐਨੇ ਦੇ ਨਾਲ ਤੁਹਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ। ਕਈ ਪੜ੍ਹਦੇ ਨਹੀਂ ਹਨ, ਉਹ ਤਾਂ ਬੜੀ ਭਾਰੀ ਗਲਤੀ ਹੈ ਸਾਡੀ ਸਾਧਸੰਗਤ ਜੀ! ਜਪੁਜੀ ਸਾਹਿਬ ਨਹੀਂ ਅਸੀਂ ਯਾਦ ਕਰ ਸਕਦੇ? ਕੋਈ ਪੜ੍ਹੇ ਹੋਏ ਤੋਂ ਇਕ ਤੁੱਕ ਪੁਛ ਲਓ। ਤੁਕਾਂ ਪੁੱਛ-ਪੁੱਛ ਕੇ ਹੌਲੀ-ਹੌਲੀ ਯਾਦ ਕਰ ਲਓ। ਦਰਗਾਹ ਦਾ ਨਹੀਂ ਫਿਕਰ ਹੈਗਾ? ਇਥੇ ਦੁਨੀਆਂ ਵਿਚ ਲੱਗੇ ਹੋਏ ਓਂ। ਸਿੱਖੀ ਧਾਰਨ ਕਰੀ ਹੋਈ ਹੈ, ਅੰਮ੍ਰਿਤ ਛਕ ਲਏ, ਬਾਣੀ ਯਾਦ ਨਹੀਂ।

ਸੋ ਮੈਂ ਸਾਰੀ ਬੇਨਤੀ ਇਸ ਕਰਕੇ ਕਰੀ ਹੈ ਕਿ ਇਕ ਪਾਸੇ ਤਾਂ ਦੇਖੋ ਕਿੱਡੇ ਭਿਆਨਕ ਜਾਦੂ, ਮਰਦਾਨੇ ਵਰਗਾ ਵੀ ਮਹਾਂਪੁਰਸ਼ ਜਿਹੜਾ ਉਸਦੇ ਕਾਬੂ ਆ ਗਿਆ ਤੇ ਇਕ ਪਾਸੇ ਕਿੱਡਾ ਵੱਡਾ ਮੰਤਰ ਵਾਹਿਗੁਰੂ ਦਾ। ਇਹ ਜੇ ਮੰਤਰ ਕਮਾ ਲਿਆ ਜਾਵੇ ਨਾ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਕੇ। ਐਨਾ ਹੀ ਨਹੀਂ ਹੁੰਦਾ? ਚਲੋ ਜੇ ਜਪੁਜੀ ਸਾਹਿਬ ਨਹੀਂ ਤਾਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਤਾਂ ਕਰੀ ਜਾਓ। ਜੇ ਉਹ ਨਹੀਂ ਹੁੰਦਾ ਤਾਂ ਮੂਲਮੰਤਰ ਕਰੀ ਜਾਓ। ਐਹਦੇ ਨਾਲ ਹੀ ਸਾਡਾ ਉਧਾਰ ਹੋ ਜਾਏਗਾ। ਕੋਈ ਵਿਘਨ ਨਹੀਂ ਰਹੇਗਾ –

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***
***ਅੰਗ – ੨੬੨***

ਪ੍ਰਭੂ ਦੇ ਸਿਮਰਨ ਨਾਲ ਵਿਘਨ ਖਤਮ ਹੋ ਜਾਣਗੇ।

***ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥***
***ਅੰਗ – ੨੬੨***

ਰਿੱਧੀਆਂ-ਸਿੱਧੀਆਂ, ਨਉਨਿਧੀਆਂ ਘਰ ਵਿਚ ਆ ਜਾਣਗੀਆਂ, ਮਾੜੇ ਕਰਮ ਜਿਨ੍ਹਾਂ ਨੇ ਤਬਾਹ ਤੇ ਬਰਬਾਦ ਕਰ ਦੇਣੇ ਸੀ, ਉਹ ਐਨੇ ਨਰਮ ਹੋ ਜਾਣਗੇ ਕਿ ਸੂਲੀ ਦੀ ਸੂਲ ਬਣ ਜਾਏਗੀ। ਸੋ ਇਸ ਕਰਕੇ ਬਾਣੀ ਵਲ ਆਓ, ਬਾਣੀ ਪੜ੍ਹੋ, ਬਾਣੀ ਨੂੰ ਯਾਦ ਕਰੋ, ਬਾਣੀ ਨੂੰ ਵਿਚਾਰੋ।

***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ – ੭੯੭***

ਜਿਹੜਾ ਹਿਰਦੇ 'ਚੋਂ ਇਹ ਬਾਣੀ ਨੂੰ ਜਾਣ ਜਾਂਦਾ ਹੈ ਉਹਦੇ ਅੰਦਰ ਪ੍ਰਮੇਸ਼ਰ ਦਾ ਨਾਮੁ ਰਮਣਾ ਸ਼ੁਰੂ ਹੋ ਜਾਂਦਾ ਹੈ, ਵਸਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਨਾਮ ਦੀ ਕਮਾਈ ਕਰ ਲਈ, [illegible] ਜਾਂਦੀਆਂ ਨੇ। [illegible] ਅਨੰਦ ਸਾਹਿਬ [illegible]

(ਪੰਨਾ 2 ਦਾ ਬਾਕੀ)

***ਨਾਮੁ ਭਗਤਿ ਦਾਨੁ ਜਿਸ ਦੀਜੈ [illegible] ਅਜਹੂ***
***[illegible] ਨਾਨਕ ਮਿਲਹੁ ਕਪਟ ਦਰ***
***ਖੋਲਹੁ ਏਕ ਘੜੀ ਖਟੁ ਮਾਸਾ॥***

(*************)

ਜਿਨ੍ਹਾਂ ਨੂੰ ਪ੍ਰਭੂ ਤਰੁੱਠ ਕੇ ਆਪਣੇ ਨਾਮ ਦੀ ਬਖਸ਼ਿਸ਼ ਕਰਦਾ ਹੈ, ਆਪਣੀ ਭਗਤੀ ਦੇਂਦਾ ਹੈ, ਉਨ੍ਹਾਂ ਦੀ ਮਾਇਕ ਪਦਾਰਥਾਂ ਅਤੇ ਵਿਕਾਰਾਂ ਦੀ ਭਟਕਣਾ ਖਤਮ ਹੋ ਜਾਂਦੀ ਹੈ ਅਤੇ ਉਹ ਆਪਣੇ ਹਿਰਦੇ-ਘਰ ਵਿਚ ਟਿਕ ਜਾਂਦੇ ਹਨ, ਸਹਿਜ ਅਨੰਦ ਮਾਣਦੇ ਹਨ ਅਤੇ ਉਨ੍ਹਾਂ ਦੇ ਅੰਦਰ ਸਦਾ ਹੀ ਪ੍ਰਭੂ-ਮਿਲਾਪ ਦੀ ਤਾਂਘ ਬਣੀ ਰਹਿੰਦੀ ਹੈ। ਉਹ ਸਦਾ ਪ੍ਰਭੂ ਅੱਗੇ ਅਰਦਾਸ ਕਰਦੇ ਰਹਿੰਦੇ ਹਨ– ਹੇ ਪਾਤਸ਼ਾਹ! ਸਾਨੂੰ ਮਿਲਾਪ ਬਖਸ਼ੋ, ਤੁਹਾਡੇ ਤੇ ਸਾਡੇ ਵਿਚਕਾਰ ਰੁਕਾਵਟ ਬਣੇ ਕਿਵਾੜ ਖੋਹਲ ਦਿਉ। ਹੁਣ ਤੁਹਾਡਾ ਵਿਛੋੜਾ ਸਹਿਆ ਨਹੀਂ ਜਾਂਦਾ, ਇਕ ਘੜੀ ਦਾ ਵਿਛੋੜਾ ਵੀ ਛੇ ਮਹੀਨੇ ਦਾ ਵਿਛੋੜਾ ਜਾਪਦਾ ਹੈ, ਬਹੁਤ ਲੰਮਾ ਤੇ ਦੁਖਦਾਈ ਵਿਛੋੜਾ। ਇਸ ਲਈ ਸਦਾ ਸਦਾ ਮਿਲਾਪ ਦੀ ਬਖਸ਼ਿਸ਼ ਕਰੋ।

(*************)

# ਗੁਰਮਤਿ ਪ੍ਰਚਾਰ ਦਾ ਸੋਮਾ
# ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਤਾਮਿਲਨਾਡੂ ਵਿਖੇ ਆਏ ਹੜ੍ਹਾਂ ਸਮੇਂ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵੱਲੋਂ ਸੇਵਾ –**

ਨਵੰਬਰ 2005 ਦੱਖਣੀ ਭਾਰਤ ਤਾਮਿਲਨਾਡੂ ਦੇ ਇਲਾਕੇ ਵਿੱਚ ਚਕਰਵਾਤਾਂ ਰਾਹੀਂ ਵਰਸ ਰਹੀ ਬਰਸਾਤ ਨਾਲ ਬਹੁਤ ਹੀ ਤਬਾਹੀ ਮਚਾਈ ਗਈ। ਜਿਸ ਤੋਂ ਲੱਖਾਂ ਹੀ ਲੋਕ ਮੰਦਹਾਲੀ ਦਾ ਸ਼ਿਕਾਰ ਹੋ ਗਏ ਸਨ। ਜਿਵੇਂ ਕਿ ਪਿਛਲੇ ਸੂਨਾਮੀ ਸਮੇਂ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਲਗਾਤਾਰ 24 ਘੰਟੇ ਗੁਰੂ ਕੇ ਲੰਗਰ ਚਲਦੇ ਰਹੇ ਹਨ, ਉਸ ਤੋਂ ਸਥਾਨਕ ਵਾਸੀ ਬਹੁਤ ਹੀ ਪ੍ਰਭਾਵਤ ਹੋਏ ਸਨ ਕਿਉਂਕਿ ਗੁਰੂ ਕੇ ਲੰਗਰ ਦੀ ਮਹਾਨ ਪ੍ਰੰਪਰਾ ਨੂੰ ਉਸ ਇਲਾਕੇ ਦੇ ਲੋਕਾਂ ਨੇ ਪਹਿਲੀ ਵਾਰੀ ਦੇਖਿਆ ਸੀ। ਆਏ ਹੜ੍ਹ ਸਮੇਂ ਸਥਾਨਕ ਮਾਰਵਾੜੀ ਰਾਜਸਥਾਨੀ ਕਰੋੜਾਂ ਪਤੀ ਸ਼ਾਹੂਕਾਰਾਂ ਵੱਲੋਂ ਰਤਾਵਾੜਾ ਸਾਹਿਬ ਸੰਸਥਾ ਰਾਹੀਂ ਮਹਾਨ ਸੇਵਾ ਕੀਤੀ ਗਈ। ਉਨ੍ਹਾਂ ਨਿਸ਼ਕਾਮ ਸੇਵਾਦਾਰਾਂ ਅੰਦਰ ਬਹੁਤ ਹੀ ਪੀੜਤ ਦੁਖਿਆਰਿਆਂ ਵਾਸਤੇ ਬਹੁਤ ਹੀ ਹਮਦਰਦੀ ਸੀ, ਹਮਦਰਦੀ ਦਾ ਸਬੂਤ ਇਹ ਹੈ ਕਿ ਹੁਣ ਉਹ ਕਹਿੰਦੇ ਹਨ, ਕਿ ਪੰਜਾਬ ਤੋਂ ਰਾਹਤ ਸਮੱਗਰੀ ਬਿਨਾਂ ਹੀ ਲਿਆਉਣ ਤੋਂ ਰਤਵਾੜਾ ਸਾਹਿਬ ਦੇ ਸੇਵਾਦਾਰ ਆ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ। ਉਨ੍ਹਾਂ ਦੀ ਇਹ ਪਿਆਰ ਭਰੀ ਬੇਨਤੀ ਨੂੰ ਪ੍ਰਵਾਨ ਕਰਕੇ ਗੁ. ਰਤਵਾੜਾ ਸਾਹਿਬ ਤੋਂ ਜਥੇ ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਪਹੁੰਚੇ।

**ਜਨ ਸਮੂੰਹ ਨੂੰ ਸਿਹਤ ਸੇਵਾਵਾਂ ਤੇ ਸਹੂਲਤਾਂ**

ਇਲਾਕੇ ਵਿਚ ਸਿਹਤ ਸੇਵਾਵਾਂ ਨਾ ਹੋਣ ਕਰਕੇ ਸਭ ਨੂੰ ਦਵਾਈ ਤੇ ਇਲਾਜ ਲਈ ਪੀ.ਜੀ.ਆਈ ਜਾਣਾ ਪੈਂਦਾ ਸੀ। ਇਸ ਮੰਗ ਨੂੰ ਮੁੱਖ ਰਖਦਿਆਂ ਆਪਣੀ ਜ਼ਮੀਨ ਦੇ ਕੇ ਲੱਖਾਂ ਰੁਪਏ ਦੀ ਲਾਗਤ ਨਾਲ ਹਸਪਤਾਲਦੀ ਬਿਲਡਿੰਗ ਬਣਵਾਈ। ਡਾਕਟਰ ਸਿਹਤ ਸੁਵਿਧਾਵਾਂ ਮਹੁੱਈਆ ਕਰ ਰਹੇ ਹਨ।

ਇਸ ਤੋਂ ਇਲਾਵਾ ਹੋਮੋਪੈਥਿਕ ਡਿਸਪੈਂਸਰੀਆਂ ਰਾਹੀਂ ਮੁਫਤ ਇਲਾਜ ਤੇ ਦਵਾਈਆਂ ਦਿਤੀਆਂ ਜਾਂਦੀਆਂ ਹਨ।

ਸਰਬ ਰੋਗ ਕੋ ਅਉਖਧ ਨਾਮ ਰਾਹੀਂ ਹਜ਼ਾਰਾਂ ਬਿਮਾਰੀਆਂ ਦੇ ਸਫਲ ਇਲਾਜ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਹੋ ਰਹੇ ਹਨ। ਹੁਣ ਤੱਕ ਹਜ਼ਾਰਾਂ ਪ੍ਰੇਮੀ ਰਾਜ਼ੀ ਹੋ ਚੁਕੇ ਹਨ। ਉਥੇ ਰਹਿ ਕੇ ਸੇਵਾ ਕਰਕੇ ਆਪਣਾ ਜਨਮ ਸਫਲਾ ਕਰ ਰਹੇ ਹਨ। ਰਤਵਾੜਾ ਸਾਹਿਬ ਦਾ ਪਲਿਊਸ਼ਨ ਰਹਿਤ ਵਾਤਾਵਰਣ ਜਿਥੇ ਆ ਕੇ ਰੋਗੀ ਆਪਣੇ ਆਪ ਹੀ ਅੱਧਾ ਰਾਜੀਂ ਹੋ ਜਾਂਦਾ ਨਾਮ ਬਾਣੀ ਦਾ ਪ੍ਰਵਾਹ ਗੁ. ਸਾਹਿਬ ਦੀ ਇਮਾਰਤ ਵਿੱਚ ਲਗਾਤਾਰ ਮਹਾਂਪੁਰਸ਼ਾਂ ਦੇ ਸਮੇਂ ਤੋਂ ਚਲਦਾ ਆ ਰਿਹਾ ਹੈ। ਇਸ ਅਲੌਕਿਕ ਵਾਤਾਵਰਣ ਵਿੱਚ ਵੱਡੇ ਵੱਡੇ ਭਿਆਨਕ ਰੋਗ ਟੁਟ ਜਾਂਦੇ ਹਨ।

**ਅੱਖਾਂ ਦੇ ਉਪਰੇਸ਼ਨ ਦੇ ਕੈਂਪ ਤਕਰੀਬਨ ਹਰ ਸਾਲ ਰਤਵਾੜਾ ਸਾਹਿਬ ਸਮਾਗਮ ਤੇ ਲਗਾਏ ਜਾਂਦੇ ਹਨ। ਜਿਸ ਵਿਚ ਮਰੀਜ਼ਾਂ ਦੇ ਖਾਣ ਪੀਣ ਦਾ ਖਰਚਾ ਤੇ ਡਾਕਟਰਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ**



ਬਾਬਾ ਹਰਪਾਲ ਸਿੰਘ ਜੀ ਜਥੇ ਸਮੇਤ ਤਾਮਿਲ ਲੋਕਾਂ ਵਿਚ ਸੇਵਾ ਨਿਭਾਅ ਰਹੇ ਹਨ।







**ਜਾਂਦੀਆਂ ਹਨ। ਹਰ ਸਾਲ ਹੀ ਭਾਈ ਜੋਗਿੰਦਰ ਸਿੰਘ ਮਾਸਟਰ, ਭਾਈ ਰਾਜਿੰਦਰ ਸਿੰਘ ਜੀ ਅਤੇ ਭਾਈ ਕੁੰਦਨ ਸਿੰਘ ਜੀ ਤੱਖਰ ਬਰਦਰਜ਼ ਇੰਗਲੈਂਡ ਵੱਲੋਂ ਅੱਖਾਂ ਦੇ ਕੈਂਪ ਲਾਏ ਜਾਂਦੇ ਹਨ। ਜਿਸ ਵਿੱਚ ਐਨਕਾਂ ਤੋਂ ਲੈ ਕੇ ਦਵਾਈਆਂ ਲੈਨਜ਼ਾਂ ਤੱਕ ਦੀ ਮੁਫਤ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਾਰ ਵੀ 28 ਅਕਤੂਬਰ 2007 ਨੂੰ ਸਵੇਰੇ ਹੀ 9.00 ਵਜੇ ਤੋਂ ਲੋੜਵੰਦ ਮਰੀਜਾਂ ਦਾ ਮੁਆਇਨਾ ਕਰਕੇ ਅਪਰੇਸ਼ਨ ਥੀਏਟਰ ਦੇ ਵਿੱਚ ਸਮਾਂ ਮੁਕੱਰਰ ਕਰ ਦਿਤਾ ਜਾਵੇਗਾ।**

ਧਮੋਟ ਵਿਖੇ ਮਾਤਾ ਰਣਜੀਤ ਕੌਰ ਪ੍ਰਾਇਮਰੀ ਹੈਲਥ ਸੈਂਟਰ ਮਿੰਨੀ ਹਸਪਤਾਲ ਦੀ ਬਿਲਡਿੰਗ ਉਸਾਰ ਕੇ ਦਿਤੀ ਹੈ ਜਿਸ ਵਿਚ ਡਾਕਟਰਾਂ ਤੇ ਕਰਿੰਦਿਆਂ ਲਈ ਰਿਹਾਇਸ਼ ਦਾ ਪ੍ਰਬੰਧ ਵੀ ਹੈ, ਦੇਖ ਰੇਖ ਲਈ ਮਾਲੀ ਦੀ ਸੇਵਾਵਾਂ ਤੇ ਹਰ ਮਹੀਨੇ ਦਵਾਈਆਂ ਦਾ ਖਰਚਾ ਮਹਾਂਪੁਰਸ਼ਾਂ ਵੱਲੋਂ ਦਿਤਾ ਜਾਂਦਾ ਰਿਹਾ ਹੈ।

ਇਸੇ ਤਰ੍ਹਾਂ ਸਿਹਤ ਸੇਵਾਵਾਂ ਲਈ ਸੰਤ ਵਰਿਆਮ ਸਿੰਘ ਰਤਵਾੜਾ ਸਾਹਿਬ ਹਸਪਤਾਲ ਦੀ ਉਸਾਰੀ ਹੋ ਰਹੀ ਹੈ, ਜਿਸ ਵਿਚ ਜਨ ਸਮੂੰਹ ਨੂੰ ਸਸਤੇ ਇਲਾਜ ਤੇ ਮੁਫਤ ਦਵਾਈਆਂ ਦਾ ਪ੍ਰਬੰਧ ਹੋਵੇਗਾ।

**ਵਿਦਿਅਕ ਅਦਾਰੇ**

**1. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ** - ਰਤਵਾੜਾ ਸਾਹਿਬ ਦੀ ਸਥਾਪਨਾ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਦੁਆਰਾ 2001 ਵਿੱਚ ਪੰਜਵੀਂ ਕਲਾਸ ਤੋਂ ਚਾਲੂ ਕਿਤਾ ਗਿਆ ਸੀ। ਜੋ ਕਿ ਹੁਣ ਆਪਣੀ ਤਰੱਕੀ ਦੀਆਂ ਮੰਜਲਾਂ ਤਹਿ ਕਰਦਾ ਹੋਇਆ ਹਰ ਸਾਲ ਇੱਕ ਕਲਾਸ ਅੱਗੇ ਵੱਧਦਾ ਹੋਇਆ ਹੁਣ +2 ਤੱਕ ਹੋ ਚੁਕਿਆ ਹੈ। "ਦੇਗ ਤੇਗ ਜਗ ਮੈ ਦੋਊ ਚਲੈ।" ਪਰੀਪੂਰਨ ਜੋਤ, ਬ੍ਰਹਮਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਕਰ-ਕਮਲਾਂ ਨਾਲ ਸਥਾਪਿਤ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ' ਉਹ ਸੰਸਥਾ ਹੈ ਜੋ ਸਾਇੰਸ ਦੇ ਯੁੱਗ ਵਿੱਚ ਆਧੁਨਿੱਕ ਵਿਗਿਆਨਿਕ ਤਕਨੀਕਾਂ ਰਾਹੀਂ ਵਿਦਿਆ ਪ੍ਰਦਾਨ ਕਰਨ ਦੇ ਨਾਲ ਨਾਲ ਬੱਚਿਆਂ ਨੂੰ ਸਿਖਰ ਦੇ ਅਧਿਆਤਿਮਿਕ ਜੀਵਨ ਦੇ ਆਤਮ-ਮਾਰਗ ਦੇ ਪਾਂਧੀ ਬਣਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਨੂੰ ਸਮਰਪਿਤ ਹੁੰਦੇ ਬਾਬਾ ਜੀ ਮਹਾਰਾਜ ਦੇ ਉਪਰੋਕਤ ਮਹਾਂਵਾਕ ਅਨੁਸਾਰ ਉਹ ਸੁਪਨਾ ਸਾਕਾਰ ਕਰਨ ਲਈ ਇਹ ਸੰਸਥਾ ਕੁਦਰਤ ਦੀ ਗੋਦ ਵਿੱਚ ਵਸਾਈ ਕਿ ਇੱਥੋਂ ਤਾਲੀਮ ਲੈਣ ਵਾਲੇ ਮੇਰੇ ਬੱਚੇ ਉਹ ਸੱਚੇ ਸੰਤ ਸਿਪਾਹੀ ਬਣਨ ਜੋ ਮਨੁੱਖਾ ਜੀਵਨ ਦੇ ਪਰਮ ਮਨੋਰਥ ਵੱਲ ਕਦਮ ਪੁੱਟਦੇ ਹੋਏ ਦੇਸ਼ ਕੌਮ ਤੇ ਪੂਰੀ ਖਲਕਤ ਦੀ ਤਨ ਮਨ ਧਨ ਨਾਲ ਰਾਖੀ ਕਰ ਸਕਣ। ਸੋ ਬਾਬਾ ਜੀ ਮਹਾਰਾਜ ਅਤੇ ਪੂਜਨੀਕ ਬੀਜੀ ਦੇ ਅਸ਼ੀਰਵਾਦ ਸਦਕਾ ਅੱਜ ਸਾਡਾ ਸਕੂਲ ਹਰ ਖੇਤਰ ਵਿੱਚ ਪੁਲਾਂਘਾਂ ਪੁੱਟ ਰਿਹਾ ਹੈ ਤੇ ਅਵਲ ਨੰਬਰ ਤੇ ਆ ਰਿਹਾ ਹੈ। ਇਸ ਵਿਦਿਆ ਮੰਦਰ ਵਿੱਚ ਇੰਟਰਨੈਸ਼ਨਲ ਪੱਧਰ ਦੀ ਵਿਦਿਆ ਬਹੁਤ ਹੀ ਘੱਟ ਫੀਸਾਂ ਉਪਰ ਪ੍ਰਦਾਨ ਕੀਤੀ ਜਾਂਦੀ ਹੈ। ਪੜ੍ਹਾਈ ਦਾ ਮੀਡੀਅਮ ਇੰਗਲਿਸ਼ ਹੈ। ਇਹ ਸਕੂਲ



ਰਤਵਾੜਾ ਸਾਹਿਬ ਸਮਾਗਮ ਸਮੇਂ ਡਾ. ਸੰਗਤਾਂ ਦੀ ਸੇਵਾ ਵਿਚ।





ਰਤਵਾੜਾ ਸਾਹਿਬ ਸਮਾਗਮ ਸਮੇਂ ਡਾ. ਸੰਗਤਾਂ ਦੀ ਸੇਵਾ ਵਿਚ।



ਸੀ.ਬੀ.ਐਸ. ਈ ਬੋਰਡ ਦਿੱਲੀ ਤੋਂ ਮਾਨਤਾ ਪ੍ਰਾਪਤ ਹੈ ਜਿਸ ਦਾ ਐਫੀਲੀਏਸ਼ਨ ਨੰਬਰ 1630370 ਹੈ।

**ਸਹੂਲਤਾਂ** -

1. ਕੁਦਰਤ ਦੀ ਗੋਦ ਵਿੱਚ ਸਥਿਤ ਖੁੱਲ੍ਹੀ-ਡੁੱਲਫੀ ਇਮਾਰਤ।

2. ਧਰਮ ਅਤੇ ਜੀਵਨ ਪ੍ਰਤੀ ਵਿਗਿਆਨਿਕ ਸੋਚ ਅਪਨਾਉਣ ਵਾਲਾ ਮਾਹੌਲ।

3. ਵਿਸ਼ੇਸ਼ ਸਹੂਲਤਾਂ ਨਾਲ ਲੈਸ ਕਲਾਸ ਰੂਮਜ਼ ਅਤੇ ਖੇਡ ਦੇ ਮੈਦਾਨ, ਅੰਗਰੇਜ਼ੀ ਮਾਧਿਅਮ।

4. ਤਜਰਬੇਕਾਰ, ਉੱਚ-ਯੋਗਤਾ ਪ੍ਰਾਪਤ ਅਧਿਆਪਕ, ਅਧਿਆਪਕ ਵਿਦਿਆਰਥੀ ਅਨੁਪਾਤ 1.25

5. ਵਾਜ਼ਵ ਫ਼ੀਸ, ਦੂਜੇ ਬੱਚੇ ਲਈ ਫ਼ੀਸ ਅੱਧੀ ਰੋਜ਼ਾਨਾ ਗੁਰਬਾਣੀ ਪੀਰੀਅਡ।

6. ਵਿਸ਼ਾਲ ਕੰਪਿਊਟਰ ਲੈਬ ਜਿੱਥੇ ਪਹਿਲੀ ਜਮਾਤ ਤੋਂ ਹੀ ਬੱਚਿਆਂ ਨੂੰ ਕੰਪਿਊਟਰ ਵਿਸ਼ੇ ਦੀ ਜਾਣਕਾਰੀ ਦਿੱਤੀ ਜਾਂਦੀ ਹੈ।

7. ਪੜ੍ਹਾਈ ਦੇ ਨਾਲ-ਨਾਲ ਸਿੱਖਿਆਦਾਇਕ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਰਾਹੀਂ ਬੱਚਿਆਂ ਦੀ ਅੰਦਰਲੀ ਕਲਾ ਨੂੰ ਜਾਗਰੂਕ ਕੀਤਾ ਜਾਂਦਾ ਹੈ।

8. ਵਿਦੇਸ਼ੀ ਭਾਰਤੀਆਂ ਦੁਆਰਾ ਹਰ ਸਾਲ ਸਕੂਲ ਦੇ ਪੰਜ ਬੱਚੇ 14 ਦਿਨਾਂ ਲਈ ਇੰਗਲੈਂਡ ਵਿੱਚ ਵਿਦਿਅਕ ਦੌਰੇ ਤੇ ਲਿਜਾਏ ਜਾਂਦੇ ਹਨ।

9. ਵਿਸ਼ਾਲ ਖੇਡ ਦੇ ਮੈਦਾਨ, ਖੇਡ ਸਹੂਲਤਾਂ।

9. ਵਾਧੂ ਰੁਚੀਆਂ ਤੇ ਵਿਸ਼ੇਸ਼ ਜ਼ੋਰ (ਸਾਹਿਤਕ, ਧਾਰਮਿਕ, ਖੇਡਾਂ ਅਤੇ ਸੰਸਕ੍ਰਿਤਕ ਆਦਿ)।

10. ਉੱਚ ਪੱਧਰੀ ਅਧਿਆਤਮਿਕ ਸਾਹਿਤ ਸਮੇਤ ਹਰ ਵਿਸ਼ੇ ਤੇ ਉਪਲਬਧ ਸਾਹਿਤ ਦੀ ਲਾਇਬਰੇਰੀ।

11. ਕੰਪਿਊਟਰ ਲੈਬ ਵਿੱਚ ਇੰਟਰਨੈਟ ਦੀ ਸਹੂਲਤ

12. ਆਰਟ ਤੇ ਕਰਾਫਟ ਰੂਮਜ਼, ਆਧੁਨਿਕ ਸਾਇੰਸ ਲੈਬ, ਡਾਕਟਰੀ ਸਹੂਲਤਾਂ ਉਪਲਬਦ ਹਨ।

13. ਹਰ ਸਾਲ ਸ਼ਾਨਦਾਰ 'ਸਪੋਰਟਸ ਡੇ' ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਕ੍ਰਿਕਟ ਮੈਚ, ਅਥਲੈਟਿਕਸ ਅਤੇ ਕਈ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

14. ਟ੍ਰਾਂਸਪੋਰਟ ਸਹੂਲਤ ਉਪਲਬਧ।

15. ਹੋਸਟਲ ਸੁਵਿਧਾ ਉਪਲਬਧ ਹੈ।

**2. ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਰਤਵਾੜਾ ਸਾਹਿਬ** - ਨਰਸਰੀ ਤੋਂ ਲੈ ਕੇ ਦੱਸਵੀਂ ਕਲਾਸ ਤੱਕ ਅੰਗਰੇਜ਼ੀ ਮੀਡੀਅਮ ਦੁਆਰਾ ਸਿਖਿਆ ਪ੍ਰਦਾਨ ਕਰਵਾਈ ਜਾਂਦੀ ਹੈ। ਇਹ ਸਕੂਲ ਬ੍ਰਹਮ ਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਹੈ, ਅਤੇ ਇਸ ਦਾ ਉਦਘਾਟਨ ਵਰਤਮਾਨ ਚੇਅਰਪਰਸਨ ਸੰਤ ਮਾਤਾ ਰਣਜੀਤ ਕੌਰ ਜੀ ਦੇ ਕਰ-ਕਮਲਾਂ ਦੁਆਰਾ ਇਕ ਵਿਸ਼ੇਸ਼ ਯੋਜਨਾ ਦੇ ਅਧੀਨ ਕੀਤਾ ਗਿਆ ਹੈ। ਇਸ ਸਕੂਲ ਦੇ ਉਦੇਸ਼ ਰਤਵਾੜਾ ਸਾਹਿਬ ਦੇ ਲਗਭਗ 20 ਕਿਲੋਮੀਟਰ ਖੇਤਰ ਦੇ ਬੱਚਿਆਂ ਦਾ ਵਿਦਿਅਕ, ਸਮਾਜਿਕ ਅਤੇ ਅਧਿਆਤਮਕ ਵਿਕਾਸ ਕਰਨਾ ਹੈ।

1. ਘੱਟ ਫੀਸ ਲੈ ਕੇ ਸਿਖਿਆ ਦੇ ਪੱਧਰ ਨੂੰ ਉੱਚਾ



ਸ. ਮਨਮੋਹਨ ਸਿੰਘ ਜੀ ਪ੍ਰਧਾਨ ਮੰਤਰੀ, ਅਰਦਾਸ ਵਿਚ।



ਸ. ਪ੍ਰਕਾਸ਼ ਸਿੰਘ ਮੁੱਖ ਮੰਤਰੀ ਪੰਜਾਬ ਵਿਦਿਆ ਮੰਦਰ ਵਿਚ ਪ੍ਰਦਰਸ਼ਨੀ ਵੇਖਦੇ ਹੋਏ।



ਸ. ਮਨਮੋਹਨ ਸਿੰਘ ਪ੍ਰਧਾਨ ਮੰਤਰੀ, ਵਿਦਿਆ ਮੰਦਰ ਦੇ ਬੱਚਿਆਂ ਨੂੰ ਆਪਣੇ ਆਟੋ ਗ੍ਰਾਫ ਦਿੰਦੇ ਹੋਏ।

ਚੁਕਣ ਦੇ ਯਤਨ।

2. ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨ ਲਈ ਉਚੇਚੇ ਪ੍ਰਬੰਧ।

3. ਵਿਦਿਆਰਥੀਆਂ ਦਾ ਅਧਿਆਤਮਿਕ, ਸਰੀਰਕ ਅਤੇ ਮਾਨਸਿਕ ਵਿਕਾਸ ਕਰਨ ਲਈ ਗੁਰਬਾਣੀ ਕੀਰਤਨ ਅਤੇ ਯੋਗਾ ਅਭਿਆਸ ਵੱਲ ਵਿਸ਼ੇਸ਼ ਧਿਆਨ।

4. ਤਜ਼ਰਬੇਕਾਰ ਮਿਹਨਤੀ ਅਤੇ ਅਨੁਭਵੀ ਅਧਿਆਪਕ

5. ਅਧਿਆਪਕ ਅਤੇ ਵਿਦਿਆਰਥੀ ਅਨੁਪਾਤ 1.20

6. ਸਿਖਿਆ ਦਾ ਮਾਧਿਅਮ-ਅੰਗਰੇਜ਼ੀ

7. ਕੰਪਿਊਟਰ ਸਿੱਖਿਆ ਦੀ ਮੁਫਤ ਵਿਵਸਥਾ

8. ਡਾਕਟਰੀ ਅਤੇ ਮੁੱਢਲੀ ਸਹਾਇਤਾ ਦਾ ਖਾਸ ਪ੍ਰਬੰਧ

9. ਪਰਦੂਸ਼ਣ ਰਹਿਤ, ਹਰਿਆਲੀ ਭਰਿਆ, ਮਨਮੋਹਕ ਅਤੇ ਸ਼ਾਂਤ ਵਾਤਾਵਰਣ

10. ਟਰਾਂਸਪੋਰਟ ਸੁਵਿਧਾ ਦਾ ਵਧੀਆ ਪ੍ਰਬੰਧ ਹੈ ।

11. ਹੋਸਟਲ ਸੁਵਿਧਆ ਉਪਲੱਬਧ ਹੈ।

**3. ਬੀ - ਐਡ ਕਾਲਜ** - ਇੰਟਰਨੈਸ਼ਨਲ ਕਾਲਜ ਆਫ ਐਜ਼ੂਕੇਸ਼ਨ ਦੀ ਸਥਾਪਨਾ ਇਸ ਇਲਾਕੇ ਵਿੱਚ ਪੇਂਡੂ ਲੋਕਾਂ ਨੂੰ ਅਧਿਆਪਕ ਬਣਨ ਦੀ ਸ਼ਿਖਸ਼ਾ ਦੇ ਕੇ ਆਤਮ ਨਿਰਭਰ ਬਣਾਉਣ ਇੱਕ ਮਹਾਨ ਉਪਰਾਲਾ ਸੰਸਥਾ ਵੱਲੋਂ ਕੀਤਾ ਗਿਆ ਹੈ। ਇਹ ਕਾਲਜ ਰਤਵਾੜਾ ਸਾਹਿਬ ਕੰਮਪਲੈਕਸ ਅੰਦਰ ਦੋ ਮੰਜਲੀ ਇਮਾਰਤ 7 ਏਕੜ ਜ਼ਮੀਨ ਵਿੱਚ ਬਣਾਇਆ ਗਿਆ ਹੈ। ਇਹ ਕਾਲਜ ਰਤਵਾੜਾ ਸਾਹਿਬ ਦੇ 100 ਏਕੜ ਹਰੇ ਭਰੇ ਸ਼ਾਂਤ ਖੂਬਸੂਰਤ ਅਤੇ ਪ੍ਰਦੂਸ਼ਣ ਰਹਿਤ ਅਸ਼ਥਾਨ ਤੇ ਸ਼ੁਸ਼ੋਭਿਤ ਹੈ। ਇਸ ਖੂਬਸੂਰਤ ਮਹੌਲ ਦੇ ਅੰਦਰ ਬੱਚੇ ਪ੍ਰਕ੍ਰਿਤੀ ਨਾਲ ਜੁੜੇ ਰਹਿੰਦੇ ਹਨ। ਸਭ ਤੋਂ ਮਹੱਤਵ ਪੂਰਨ ਗੱਲ ਇਹ ਕਿ ਇਸ ਅਸਥਾਨ ਤੇ ਬੱਚਿਆਂ ਨੂੰ ਆਧੁਨਿਕ ਸਿਖਸ਼ਾ ਦੇ ਨਾਲ ਨਾਲ ਧਾਰਮਿਕ ਖਿਆਲਾਂ ਵੱਲ ਜਾਗਰੂਕ ਕੀਤਾ ਜਾਂਦਾ ਹੈ।

**ਪ੍ਰਬੰਧਕੀ ਕਰਣ** - ਇਸ ਕਾਲਜ ਬਹੁਤ ਵਧੀਆ ਢੰਗ ਨਾਲ ਸਥਾਪਿਤ ਕੀਤਾ ਗਿਆ ਹੈ। ਜਿਸ ਵਿੱਚ ਇਕ ਵੱਡਾ ਸੈਮੀਨਾਰ ਹਾਲ, ਪੰਜ ਕਲਾਸ ਰੂਮ, ਬਹੁਤ ਵਧੀਆ ਲਾਇਬਰੇਰੀ, ਪੜਨ ਲਈ ਵੱਡਾ ਹਾਲ, ਚਾਰ ਲੈਬੋਰਟਰੀਆਂ, ਬਨਾਮ ਸਾਇੰਸ ਲੈਬ, ਟੈਕਨੋਲੋਜੀ ਲੈਬ, ਸਾਇਕਾਲੋਜੀ ਲੈਬ, ਭਾਸ਼ਾ ਲੈਬ, ਕਸਰਤ ਕੱਕਸ਼, ਡਿਸਪੈਂਸਰੀ ਅਤੇ ਵਧੀਆ ਕੰਨਟੀਨ, ਹਰਿਆ ਭਰਿਆ ਬਗੀਚਾ ਅਤੇ ਵੱਖਰਾ ਖੇਡ ਮੈਦਾਨ ਹੈ। ਇਸ ਕਾਲਜ ਅੰਦਰ ਵਿਦਿਆਰਥੀ ਅਧਿਆਪਕਾਂ ਨੂੰ ਇਸ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ। ਕਿ ਇਹ ਬਹੁਤ ਹੀ ਵਧੀਆ ਤਰੀਕੇ ਨਾਲ ਛੋਟੇ ਤੇ ਅਣਭੋਲ ਬੱਚਿਆਂ ਨੂੰ ਸਹੀ ਸਿਖਸ਼ਾ ਦੇ ਸਕਣ। ਭਵਿੱਖ ਵਿੱਚ ਜਿਹੜੇ ਇਸ ਕਾਲਜ ਅਧਿਆਪਕ ਬਣਨਗੇ ਉਹ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਣਗੇ।

ਇਥੇ ਲੜਕੇ ਅਤੇ ਲੜਕੀਆਂ ਦਾ ਵੱਖਰਾ ਵੱਖਰਾ ਹੋਸਟਲ ਹੈ ਜੋ ਪੂਰੀ ਸੁਰਖਸ਼ਿਤ ਹੈ ਅਤੇ ਸਭ ਜਰੂਰਤਾਂ ਪੂਰੀਆਂ ਕਰਦਾ ਹੈ। ਇਸ ਦੇ ਨਾਲ ਬਹੁਤ ਵਧੀਆਂ ਕੰਨਟੀਨ ਹੈ ਜਿਥੇ ਸਿਰਫ ਸ਼ਾਕਾਹਾਰੀ ਖਾਣਾ ਬਣਦਾ ਹੈ। ਇਸ ਹੋਸਟਲ ਵਿੱਚ ਬੱਚਿਆਂ ਬਿਲਕੁਲ ਮਹਿਸੂਸ ਨਹੀਂ ਹੋਵੇਗਾ ਕਿ ਉਹ ਆਪਣੇ ਘਰ ਤੋਂ ਦੂਰ ਹਨ।

ਬੀ ਐਡ ਦਾ ਕੋਰਸ ਅਧਿਆਪਕ ਦੀ ਪੜਾਈ ਵਾਸਤੇ



ਸ. ਪ੍ਰਕਾਸ਼ ਸਿੰਘ ਮੁੱਖ ਮੰਤਰੀ ਪੰਜਾਬ, ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਵਿਚ ਪ੍ਰਦਰਸ਼ਨੀ ਵੇਖਦੇ ਹੋਏ



ਕੰਪਿਊਟਰ ਰੂਮ



ਕਲਾਸ ਰੂਮ



ਬੱਚੇ ਰੰਗਾ ਰੰਗ ਪ੍ਰੋਗਰਾਮ ਵਿਚ ਭਾਗ ਲੈ ਰਹੇ ਹਨ।

ਹੈ। ਏਥੇ ਕਾਲਜ ਵਿੱਚ 100 ਸੌ ਸੀਟਾਂ ਹਨ। ਹਰ ਇੱਕ ਵਿਦਿਆਰਥੀ ਨੂੰ ਹੇਠ ਲਿਖੇ ਅਨੁਸਾਰ ਦੋ ਸਬਜੈਕਟਾਂ ਦਾ ਇੱਕ ਜੋੜ ਲੈਣ ਪੈਂਦਾ ਹੈ-

1. ਮੈਥ - ਫਿਸੀਕਲ ਸਾਇੰਸ
2. ਮੈਥ - ਇੰਗਲਿੰਸ਼
3. ਮੈਥ - ਇਕਨਾਮਿਕਸ
4. ਫਿਸੀਕਲ ਸਾਇੰਸ- ਲਾਇਫ ਸਾਇੰਸ
5. ਲਾਇਫ ਸਾਇੰਸ - ਇੰਗਲਿਸ਼
6. ਲਾਇਫ ਸਾਇੰਸ - ਪੰਜਾਬੀ
7. ਸਮਾਜ ਸਾਸ਼ਤਰ - ਇੰਗਲਿੰਸ਼
8. ਸਮਾਜ ਸਾਸ਼ਤਰ - ਪੰਜਾਬੀ
9. ਇੰਕਨਾਮਿਕਸ - ਪੰਜਾਬੀ
10. ਇਕਨਾਮਿਕਸ - ਇੰਗਲਿਸ਼

**ਅਧਿਆਪਕ** - ਇਸ ਕਾਲਜ ਵਿੱਚ ਇਸ ਤਰ੍ਹਾਂ ਦੇ ਅਧਿਆਪਕ ਹਨ ਜੋ ਕਿ ਇਕ - ਜਾਂ ਉਸ ਤੋਂ ਵੱਧ ਸਬਜੈਕਟ ਵੀ ਪੜ੍ਹਾ ਸਕਦੇ ਹਨ। ਸਭ ਅਧਿਆਪਕ ਆਪਣੇ ਸਬਜੈਕਟ ਵਿੱਚ ਬਹੁਤ ਹੀ ਨਿਪੁੰਨ ਹਨ। ਇਸ ਦੇ ਨਾਲ ਨਾਲ ਕਾਲਜ ਵਿੱਚ ਬਾਹਰੋਂ ਵੀ ਨਵੇਂ ਨਵੇਂ ਅਧਿਆਪਕਾਂ ਦੁਆਰਾ ਆਧੁਨਿਕ ਸਿਖਸ਼ਾ ਪ੍ਰਦਾਨ ਕਰਾਈ ਜਾਂਦੀ ਹੈ।

**ਮੈਡੀਕਲ** - ਕਾਲਜ ਵਿੱਚ ਇੱਕ ਡਿਸਪੈਂਸਰੀ ਹੈ ਜਿਸ ਵਿੱਚ ਆਧੁਨਿਕ ਸੁਵਿਧਾਵਾਂ ਉਪਲੱਬਧ ਹਨ।

## ਗੁਰਮਤਿ ਦੇ ਪ੍ਰਚਾਰ ਕੇਂਦਰ

- ਮੁੱਖ ਕੇਂਦਰ - ਰਤਵਾੜਾ ਸਾਹਿਬ ਜਿਥੇ ਹਰ ਮਹੀਨੇ 4 ਐਤਵਾਰ ਤੇ ਪੂਰਨਮਾਸ਼ੀ, ਸੰਗਰਾਂਦ ਦੇ ਦੋ ਦੀਵਾਨ ਕੁੱਲ 6 ਦੀਵਾਨ ਪੱਕੇ ਲਗਦੇ ਹਨ।

- ਬਨੂੜ ਅਤੇ ਰਾਜਪੁਰਾ ਮਹੀਨੇ ਦੀ ਹਰ ਮੱਸਿਆ ਨੂੰ ਦੀਵਾਨ ਲੱਗਦਾ ਹੈ।

-ਚੰਗਰ ਹਿਰਦਾਪੁਰ (ਰੋਪੜ) ਮਹੀਨੇ ਦੇ ਅਖੀਰਲੇ ਸ਼ਨੀਵਾਰ ਦੀਵਾਨ ਲਗਦਾ ਹੈ।

-ਖੂਬੀਆ ਨੰਗਲ ਯੂ.ਪੀ. ਇਥੇ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਦੀਵਾਨ ਸਜਦੇ ਹਨ।

-ਸ਼ਾਲਾਪੁਰ ਯੂ.ਪੀ. ਹਰ ਮਹੀਨੇ ਦੀ ਸੰਗਰਾਂਦ ਭਰਦੀ ਹੈ।


- ਸਾਨਹੋਜ਼ੇ - ਅਮਰੀਕਾ ਵਿੱਚ ਬਾਬਾ ਸਤਨਾਮ ਸਿੰਘ ਜੀ ਅਟਵਾਲ ਪਰਿਵਾਰ ਵੱਲੋਂ ਨਿਰੰਤਰ ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਹਰ ਐਤਵਾਰ ਨੂੰ ਨਾਮ ਸਿਮਰਨ ਅਭਿਆਸ ਰਾਹੀਂ ਨਾਮ ਜਪਾਇਆ ਜਾਂਦਾ ਹੈ।

-ਲੰਡਨ/ਵਾਲਸਲ - ਸ. ਅਵਿੰਦਰ ਸਿੰਘ ਤੱਖਰ (ਰਾਜ), ਭਾਈ ਜਗਤਾਰ ਸਿੰਘ ਜੁਗੀ ਅਤੇ ਬੀਬੀ ਗੁਰਬਖਸ਼ ਕੌਰ ਨਿਰੰਤਰ ਆਤਮ ਮਾਰਗ ਮੈਗਜ਼ੀਨ ਦੀ ਸੇਵਾ ਨਿਭਆ ਰਹੇ ਹਨ।

- ਵੈਨਕੂਵਰ ਤੇ ਟਰਾਂਟੋ - ਭਾਈ ਸਰਮੁਖ ਸਿੰਘ ਪੰਨੂੰ, ਸ. ਜਸਬੀਰ ਸਿੰਘ ਰਾਣੂੰ, ਭਾਈ ਗੁਰਮੇਜ ਸਿੰਘ ਜੀ ਬੈਂਸ ਟਰਸਟ ਰਤਵਾੜਾ ਸਾਹਿਬ ਦੀ ਸੇਵਾ ਨਿਰੰਤਰ ਕਰਦੇ ਆ ਰਹੇ ਹਨ।

## ਵਿਦੇਸ਼ਾਂ ਵਿਚ ਪ੍ਰਚਾਰ


ਵਿਦੇਸ਼ਾਂ ਵਿਚ ਗੁਰਮਤਿ ਪ੍ਰਚਾਰ ਦਾ ਸਿਲਸਿਲਾ ਮਹਾਂਪੁਰਸ਼ਾਂ ਦੀਆਂ ਵੀਡੀਓ ਫਿਲਮਾਂ ਦੇ ਮੀਡੀਏ ਰਾਹੀਂ ਸ਼ੁਰੂ



ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ



ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਜੀ ਕੀਰਤਨ ਕਰਦੇ ਹੋਏ।



ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਿਖੇ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੂੰ ਗੁਰੂ ਘਰ ਵੱਲੋਂ ਸਿਰੋਪਾ ਬਖਸ਼ਿਸ਼ ਕਰਦੇ ਹੋਏ।

ਹੋਇਆ। ਜਦੋਂ ਵਿਸਾਖੀ ਦੀ ਫਿਲਮ ਪ੍ਰੇਮੀਆਂ ਨੇ ਦੇਖੀ ਤਾਂ ਇਨ੍ਹਾਂ ਪ੍ਰਭਾਵਿਤ ਹੋਏ ਕਿ ਯੂਬਾਸਿਟੀ ਵਿਸਾਖੀ ਜਲੂਸ ਵਿਚ ਇਸ ਦੀਆਂ ਹਜ਼ਾਰਾਂ ਕਾਪੀਆਂ ਫਰੀ ਵੰਡੀਆਂ। ਫਿਲਮਾਂ ਤੋਂ ਪ੍ਰਭਾਵਿਤ ਹੋ ਕੇ ਹੋਏ ਨੇ ਬਾਬਾ ਜੀ ਨੂੰ ਵਿਦੇਸ਼ ਪ੍ਰਚਾਰ ਫੇਰੀ ਲਈ ਦੋ ਵਾਰ ਜਾਣਾ ਪਿਆ ਜਿਸ ਦਾ ਸਦਕਾ ਸਨੀਵੇਲ ਟੈਂਪਲ ਦੇ ਦੀਵਾਨ ਹਾਲ ਵਿਚ ਹਜ਼ਾਰਾਂ ਦੀ ਤਦਾਦ ਵਿਚ ਸੰਗਤ ਪੁੱਜੀ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸਜੇ।

**ਅੰਮ੍ਰਿਤ ਸੰਚਾਰ** - ਸਿੰਧ, ਯੂ.ਪੀ. ਵਿਚ ਜੋ ਮਹਾਂਪੁਰਸ਼ਾਂ ਰਾਹੀਂ ਪ੍ਰਚਾਰ ਹੋਇਆ ਉਸ ਦੇ ਅੰਕੜੇ ਭਾਵੇਂ ਹੁਣ ਉਪਲਬੱਧ ਨਹੀਂ ਹਨ ਪਰ ਪਰੰਤੂ ਰੋਪੜ ਜ਼ਿਲੇ ਵਿਚ ਸੰਨ 1978 ਤੋਂ ਲੈ ਕੇ ਸਿਲਸਿਲੇ ਵਾਰ ਹਰ ਪਿੰਡ ਵਿਚ ਦੀਵਾਨ ਲੱਗੇ ਤੇ ਬਾਬਾ ਜੀ ਦਿਨ ਵਿਚ ਤਿੰਨ ਦੀਵਾਨ ਲਗਾਉਂਦੇ ਸਨ। ਹਫਤੇ ਦੇ ਅਖੀਰਲੇ ਦੀਵਾਨ ਵਿਚ ਸੈਂਕੜੇ ਪ੍ਰੇਮੀ ਅੰਮ੍ਰਿਤ ਛਕਦੇ ਸਨ। ਇਸ ਮੁਹਿੰਮ ਵਿਚ ਸਤਿਕਾਰਯੋਗ ਬੀਜੀ ਦਾ ਖਾਸ ਯੋਗਦਾਨ ਰਿਹਾ ਹੈ ਜੋ ਬੀਬੀਆਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਦੇ ਸਨ। 1986 ਤੋਂ ਰਤਵਾੜਾ ਸਾਹਿਬ ਕੇਂਦਰ ਬਣਨ ਤੋਂ ਬਾਅਦ ਇਹ ਪ੍ਰਚਾਰ ਤਕਰੀਬਨ ਪੰਜਾਬ ਦੇ ਸਾਰੇ ਜ਼ਿਲਿਆਂ, ਮਾਝਾ ਮਾਲਵਾ ਦੁਆਬਾ ਰੋਪੜ, ਪਟਿਆਲਾ, ਅੰਬਾਲਾ, ਰਾਜਪੁਰਾ ਦੀਵਾਨ ਲੱਗੇ ਤੇ ਅੰਮ੍ਰਿਤ ਛਕ ਕੇ ਸਿੰਘ ਸਜਣ ਵਾਲਿਆਂ ਦੀ ਗਿਣਤੀ ਇਸ ਵਕਤ ਸਾਢੇ ਪੰਜ ਲੱਖ ਤੋਂ ਉਪਰ ਪਹੁੰਚ ਗਈ ਹੈ ਅਤੇ ਇਹ ਪ੍ਰਵਾਹ ਮਹੀਨੇ ਦੀ ਹਰ ਪੂਰਨਮਾਸ਼ੀ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

## ਗੁਰਮਤਿ ਲਿਟਰੇਚਰ

ਸਭ ਦਾ ਹਰਮਨ ਪਿਆਰਾ ਅਤੇ ਗੁਰਮਤਿ ਸਿਧਾਂਤਾਂ ਦੀ ਰੂਹਾਨੀ ਸੋਧ ਦੇਣ ਨਾਲਾ ਮੈਗਜ਼ੀਨ 'ਆਤਮ ਮਾਰਗ' ਮਹਾਂਪੁਰਸ਼ਾਂ ਵਲੋਂ ਅਪ੍ਰੈਲ 1995 ਦੀ ਵਿਸਾਖੀ ਨੂੰ ਸ਼ੁਰੂ ਕੀਤਾ ਗਿਆ ਸੀ। ਦੇਸ਼, ਵਿਦੇਸ਼ ਇਸ ਦੇ ਪਾਠਕਾਂ ਤੇ ਪ੍ਰਸੰਸਕਾ ਦੀ ਗਿਣਤੀ ਦਿਨ ਦਿਨ ਵਧ ਰਹੀ ਹੈ।

ਆਤਮ ਮਾਰਗ ਰਾਹੀਂ ਪ੍ਰਚਾਰ ਦੀ ਚਰਚਾ ਧਾਰਮਿਕ ਅਦਾਰਿਆਂ ਵਿਚ ਹਰ ਥਾਂ ਕੀਤੀ ਜਾਂਦੀ ਹੈ। ਇਸ ਦੀ ਦਿੱਖ ਤੇ ਸੁੰਦਰ ਲੇਖਣੀ ਨੇ ਸਭ ਦਾ ਮਨ ਮੋਹ ਲਿਆ ਹੈ ਅਤੇ ਭਾਰੀ ਗਿਣਤੀ ਵਿਚ ਸਰਕੂਲੇਸ਼ਨ ਹੋਣ ਕਰਕੇ ਅਧਿਆਤਮਕ ਖੇਤਰ ਵਿਚ ਇਸ ਨੇ ਆਪਣੀ ਨਵੇਕਲੀ ਥਾਂ ਬਣਾ ਲਈ ਹੈ। ਇਸ ਦੀ ਕਰਮਵਾਰ ਸਰਕੂਲੇਸ਼ਨ ਇਸ ਪ੍ਰਕਾਰ ਹੈ -

ਪੰਜਾਬੀ - 20000, ਹਿੰਦੀ 5000, ਵਿਦੇਸ਼ਾਂ ਵਿਚ 2500 ਵਿਦੇਸ਼ ਵਿਚ ਵਸਦੇ ਪ੍ਰਵਾਸੀ ਬੱਚਿਆਂ ਲਈ ਇਸ ਵਿਚ 20 ਸਫੇ ਅੰਗ੍ਰੇਜ਼ੀ ਦੇ ਹਨ ਤਾਂ ਕਿ ਨਿੱਕੀ ਪਨੀਰੀ ਆਪਣੇ ਅਮੀਰ ਵਿਰਸੇ ਨਾਲ ਜੁੜੀ ਰਹੇ। ਪਰਵਾਸੀਆਂ ਦੀ ਸੁਵਿਧਾ ਲਈ ਹੇਠ ਲਿਖੇ ਵਿਤਰਣ ਕੇਂਦਰਾਂ ਤੋਂ ਆਤਮ ਮਾਰਗ ਦੀ ਸਾਲਾਨਾ ਜਾਂ ਲਾਈਫ ਮੈਂਬਰਸ਼ਿਪ ਪ੍ਰਾਪਤ ਕੀਤੀ ਜਾ ਸਕਦੀ ਹੈ। ਵਿਦੇਸ਼ਾਂ ਵਿਚ ਆਤਮ ਮਾਰਗ ਵਿਤਰਣ ਕੇਂਦਰ ਸੰਪਰਕ -

ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਜਰਮਨੀ, ਗਰੀਸ, ਨੀਦਰਲੈਂਡ

ਮਹਾਂਪੁਰਸ਼ਾਂ ਦੁਆਰਾ ਲਿਖਤ ਪੁਸਤਕਾਂ ਫਿਲਮਾਂ / ਲਿਟਰੇਚਰ

ਮਹਾਂਪੁਰਸ਼ਾਂ ਦੁਆਰਾ ਲਿਖਤ ਤੇ ਟਰੱਸਟ ਵਲੋਂ ਪ੍ਰਕਾਸ਼ਿਤ ਹੇਠ ਲਿਖੀਆਂ ਪੁਸਤਕਾਂ ਪੰਜਾਬੀ ਹਿੰਦੀ ਤੇ ਅੰਗਰੇਜ਼ੀ ਵਿਚ



ਮਹਾਂਪੁਰਸ਼ਾਂ ਵਲੋਂ ਲਿਖਤ ਪੁਸਤਕਾਂ



ਸਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



ਉਪਲਬਧ ਹਨ।

**ਵੀਡੀਓ ਕੈਸਟਾਂ** - ਹੁਣ ਤਕ 3000 ਆਡੀਓ ਕੈਸਟਾਂ ਤਿਆਰ ਹੋ ਚੁੱਕੀਆਂ ਹਨ ਅਤੇ 1500 ਵੀਡੀਓ ਕੈਸਟਾਂ ਬਣ ਕੇ ਤਿਆਰ ਹੋ ਚੁਕੀਆਂ ਹਨ ਜੋ ਕਿ ਵੱਖ ਵੱਖ ਵਿਸ਼ਿਆਂ ਤੇ ਅਧਾਰਿਤ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਖੋਲ੍ਹ ਕੇ ਵਰਨਣ ਕੀਤਾ ਗਿਆ ਹੈ। ਇਨ੍ਹਾਂ ਵਿਚ ਤਸਵੀਰਾਂ ਇਤਿਹਾਸਕ ਚਿਤਰਾਂ, ਧਾਰਨਾਵਾਂ ਤੇ ਗੁਰਬਾਣੀ ਨੂੰ ਇਸ ਤਰੀਕੇ ਨਾਲ ਡੱਬ ਕੀਤਾ ਗਿਆ ਹੈ ਤਾਂ ਕਿ ਦੇਖਣ ਵਾਲੇ ਨੂੰ ਪੂਰੀ ਸਮਝ ਵਿਚ ਆਵੇ ਤੇ ਬੜੀ ਦੇਰ ਤਕ ਦਿਲੋ ਦਿਮਾਗ ਤੇ ਇਸ ਦਾ ਪੱਕਾ ਅਸਰ ਪੈ ਜਾਵੇ।

1990 ਤੋਂ ਹੁਣ ਤਕ 16 ਵੱਡੇ ਸਾਲਾਨਾ ਮਹਾਨ ਗੁਰਮਤਿ ਸਮਾਗਮ ਆਯੋਜਿਤ ਹੋ ਚੁੱਕੇ ਹਨ ਜਿਨ੍ਹਾਂ ਵਿਚ ਬ੍ਰਹਮ ਬੇਤੇ, ਸੰਤ ਮਹਾਂਪੁਰਸ਼ ਤੇ ਫਿਲਾਸਫਰ ਆਪਣੇ ਕਮਾਏ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਧਾਂਤਾਂ ਨਾਲ ਮੇਲ ਖਾਂਦੇ ਕਮਾਏ ਹੋਏ ਬਚਨ ਸੰਗਤਾਂ ਨਾਲ ਸਾਂਝੇ ਕਰਦੇ ਹਨ ਜਿਨ੍ਹਾਂ ਤੋਂ ਲੱਖਾਂ ਦੀ ਤਦਾਦ ਵਿਚ ਕੇਵਲ ਸਿੱਖ ਸੰਗਤ ਨੂੰ ਹੀ ਨਹੀਂ ਸਗੋਂ ਹਰ ਸੰਪਰਦਾਇ ਤੋਂ ਫਿਰਕੇ ਦੇ ਲੋਕਾਂ ਨੂੰ ਪ੍ਰਭੂ ਪਿਆਰ, ਪ੍ਰਭੂ ਸਿਮਰਨ, ਆਪਸੀ ਪਿਆਰ ਤੇ ਭਾਈਚਾਰੇ ਦੀ ਪ੍ਰੇਰਨਾ ਮਿਲਦੀ ਹੈ।

**ਅਸਥਾਨ ਤੇ ਉਪਲਬਧ ਸੁਵਿਧਾਵਾਂ ਤੇ ਨਿਤਨੇਮ ਸਬੰਧੀ**

ਗੁਰਦੁਆਰਾ ਈਸ਼ਰ ਪ੍ਰਕਾਸ਼ ਦੀ ਨੀਂਹ 26 ਜਨਵਰੀ 1999 ਵਿਚ ਪੰਜ ਪਿਆਰੇ ਸੰਤਾਂ ਦੇ ਹਸਤਕੰਵਲਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਅਰਦਾਸ ਤੇ ਹੁਕਮਨਾਮੇ ਉਪਰੰਤ ਰੱਖੀ ਗਈ ਸੀ, ਜਿਸ ਦਾ ਦ੍ਰਿਸ਼ ਆਪਣੇ ਆਪ ਵਿਚ ਇਕ ਅਲੌਕਿਕ ਸੀ ਅਤੇ ਸਾਰੀ ਸੰਗਤ ਪਰਮ ਰਸ ਤੇ ਰੂਹਾਨੀ ਵਾਤਾਵਣ ਮਹਿਸੂਸ ਕਰ ਰਹੀ ਸੀ ਮਾਨੋਂ ਗੈਬੀ ਰੂਹਾਂ ਧਰਤੀ ਤੇ ਉਤਰ ਗਈਆਂ ਹੋਣ। ਬਾਬਾ ਜੀ ਤੇ ਬੀਜੀ ਦੇ ਚਿਹਰੇ ਦਾ ਨੂਰ ਆਪ ਮੁਹਾਰੇ ਇਕ ਅਕਹਿ ਰਸ ਵਿਚ ਝਲਕਾਰੇ ਮਾਰ ਰਿਹਾ ਪ੍ਰਤੀਤ ਹੁੰਦਾ ਸੀ। ਜੁਲਾਈ ਵਿਚ ਬਾਬਾ ਜੀ ਦੀ ਸਿਹਤ ਠੀਕ ਨਾ ਹੋਣ ਕਰਕੇ ਹਰਟ ਸਰਜਰੀ ਕਾਰਨ ਉਸਾਰੀ ਦਾ ਕੰਮ ਥੋੜ੍ਹਾ ਢਿੱਲਾ ਪੈ ਗਿਆ ਇਸੇ ਕਰਕੇ 1999 ਦਾ ਸਮਾਗਮ ਵੀ ਸਥਿਗਤ ਕਰ ਦਿਤਾ ਗਿਆ ਪਰੰਤੂ ਇਸ ਸ਼ਾਨਦਾਰ ਬਿਲਡਿੰਗ ਦੀ ਉਸਾਰੀ ਬਾਬਾ ਜੀ ਦੀ ਦੇਖ ਰੇਖ ਵਿਚ ਕੇਵਲ ਡੇਢ ਸਾਲ ਦੇ ਅਰਸੇ ਵਿਚ ਲਗਭੱਗ ਇਕ ਕਰੋੜ ਦੀ ਲਾਗਤ ਨਾਲ ਨੇਪਰੇ ਚਾੜ੍ਹ ਦਿਤੀ ਗਈ ਜੋ ਆਪਣੀ ਮਿਸਾਲ ਆਪ ਹੈ।

29 ਸਤੰਬਰ 2000 ਸਮਾਗਮ ਪ੍ਰਾਰੰਭ ਦਿਵਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬੜੀ ਸੱਜ ਧੱਜ ਤੇ ਸ਼ਾਨੋ-ਸ਼ੌਕਤ ਨਾਲ ਕੀਤਾ ਗਿਆ ਸੀ ਤੇ ਉਸ ਦਿਨ ਤੋਂ ਹੀ ਇਥੇ ਅਖੰਡਪਾਠਾਂ ਦੀਆਂ ਲੜੀਆਂ ਤੇ ਨਿਤਨੇਮ ਦੇ ਪ੍ਰਵਾਹ ਲਗਾਤਾਰ ਨਿਰੰਤਰ ਚਲ ਰਹੇ ਹਨ। ਇਸ ਵਿਚ ਅੰਮ੍ਰਿਤ ਵੇਲੇ ਨਾਮ ਸਿਮਰਨ ਤੇ ਆਸਾ ਜੀ ਦੀ ਵਾਰ ਤੇ ਸ਼ਾਮ ਨੂੰ ਰਹਿਰਾਸ ਕੀਰਤਨ, ਕਥਾ ਤੇ ਕੀਰਤਨ ਸੋਹਿਲਾ। ਭਾਰੀ ਮਾਤਰਾ ਵਿਚ ਨੇੜੇ ਦੇ ਪਿੰਡਾਂ ਦੀ ਸੰਗਤ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ।

ਹਰ ਸਾਲਾਨਾ ਸਮਾਗਮ ਨੂੰ ਵਿਦੇਸ਼ਾਂ ਵਿਚ NRI ਸੰਗਤ ਸੈਂਕੜਿਆਂ ਦੀ ਤਦਾਦ ਵਿਚ ਹਾਜ਼ਰੀ ਭਰਦੀ ਹੈ। ਇਨ੍ਹਾਂ ਦੇ ਰਹਿਣ ਲਈ ਉਚੇਚੇ ਪ੍ਰਬੰਧ ਹੈ ਜਿਸ ਵਿਚ ਮੌਟਨ ਟਾਈਪ ਕਮਰੇ ਅਟੈਚਡ ਬਾਥਰੂਮ ਦਾ ਪ੍ਰਬੰਧ ਵੱਖਰੀ ਚਿੰਨ ਮੰਜ਼ਲੀ ਬਿਲਡਿੰਗ ਵਿਚ ਕੀਤਾ ਜਾਂਦਾ ਹੈ ਉਨ੍ਹਾਂ ਦੇ ਸੁਭਾਅ ਅਨੁਸਾਰ ਵਿਸ਼ੇਸ਼ ਖਾਣ ਪੀਣ ਦਾ ਪ੍ਰਬੰਧ ਕੀਤਾ ਜਾਂਦਾ ਹੈ।



ਅੰਗੀਠਾ ਸਾਹਿਬ ਦਾ ਅੰਦਰੂਨੀ ਦ੍ਰਿਸ਼।



ਰਤਵਾੜਾ ਸਾਹਿਬ ਵਿਖੇ ਨਿਤਨੇਮ ਅਨੁਸਾਰ ਨਾਮ ਸਿਮਰਨ।



ਐਨ.ਆਰ.ਆਈ ਕੰਪਲੈਕਸ

# ਨਿਵੇਕਲੀ ਸੰਸਥਾ ਉੱਚੀਆਂ ਪੁਲਾਂਘਾ
## ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ

ਬ੍ਰਹਮ ਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਅਤੇ ਪੂਜਨੀਕ ਮਾਤਾ ਰਣਜੀਤ ਕੌਰ ਜੀ ਵੱਲੋਂ ਸਥਾਪਿਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਰਤਵਾੜਾ ਸਾਹਿਬ ਵਿਦਿਅਕ ਖੇਤਰ ਵਿੱਚ ਇੱਕ ਅਦੁੱਤੀ ਮਿਸਾਲ ਹੋ ਨਿਬੜਿਆ ਹੈ। ਇਹ ਉਹ ਸੰਸਥਾ ਹੈ ਜਿਸ ਨੇ ਬਹੁਤ ਘੱਟ ਸਮੇਂ ਵਿੱਚ ਬਹੁਤ ਵੱਡੀਆਂ ਪੁਲਾਂਘਾ ਪੁੱਟ ਕੇ ਇੱਕ ਮਿਸਾਲ ਕਾਇਮ ਕੀਤੀ ਹੈ। ਸਕੂਲ ਨੂੰ ਸੀ.ਬੀ.ਐਸ.ਈ. ਤੋਂ ਬਾਰਵੀਂ ਤੱਕ ਮਾਨਤਾ ਪ੍ਰਾਪਤ ਹੈ ਅਤੇ ਸੀਨੀਅਰ ਸੈਕੰਡਰੀ ਪੱਧਰ ਤੇ ਮੈਡੀਕਲ, ਨਾਨ ਮੈਡੀਕਲ, ਆਰਟਸ ਅਤੇ ਕਾਮਰਸ ਦੀ ਸਿਖਿਆ ਲਈ ਉੱਚ ਸਿਖਿਆ ਪ੍ਰਾਪਤ ਤਜਰਬੇਕਾਰ ਅਧਿਆਪਕ ਸੇਵਾ ਨਿਭਾ ਰਹੇ ਹਨ। ਦਸਵੀਂ ਦਾ ਬੋਰਡ ਦਾ ਨਤੀਜਾ 100 ਫੀਸਦੀ ਰਿਹਾ ਅਤੇ ਸਭ ਤੋਂ ਸ਼ਲਾਘਾ ਯੋਗ ਗੱਲ ਇਹ ਰਹੀ ਕਿ ਕਿਸੇ ਵੀ ਬੱਚੇ ਨੇ ਕੋਈ ਨਿੱਜੀ ਟਿਊਸ਼ਨ ਨਹੀਂ ਲਈ। 8 ਅਪ੍ਰੈਲ ਨੂੰ ਸਕੂਲ ਦਾ ਸਥਾਪਨਾ ਦਿਵਸ ਮਨਾਇਆ ਗਿਆ ਜਿਸ ਵਿੱਚ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੇ 10 ਬੱਚੇ ਮੁਫ਼ਤ ਸਿਖਿਆ ਦੇਣ ਲਈ ਚੁਣੇ ਗਏ, ਜਿਨ੍ਹਾਂ ਦਾ 12ਵੀਂ ਤੱਕ ਦਾ ਖਰਚਾ ਸਕੂਲ ਵੱਲੋਂ ਹੀ ਕੀਤਾ ਜਾਵੇਗਾ। ਸਕੂਲ ਵਿੱਚ ਇਸ ਵਰ੍ਹੇ ਤੋਂ ਹੋਸਟਲ ਦੀ ਸਹੂਲਤ ਵੀ ਪ੍ਰਦਾਨ ਕੀਤੀ ਗਈ ਹੈ। ਤਾਂ ਕਿ ਦੂਰ ਦੁਰਾਡੇ ਖੇਤਰਾਂ ਦੇ ਬੱਚੇ ਵੀ ਇਸ ਰੂਹਾਨੀ ਸੰਸਥਾ ਵਿੱਚ ਵਿਦਿਆ ਪ੍ਰਾਪਤ ਕਰ ਸਕਣ। ਬਾਬਾ ਜੀ ਅਤੇ ਬੀਜੀ ਦੇ ਅਸ਼ੀਰਵਾਦ ਸਦਕਾ ਵਿਦਿਆਰਥੀ ਨਾ ਕੇਵਲ ਵਿਦਿਅਕ ਖੇਤਰ ਵਿੱਚ ਹੀ ਬਲਕਿ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ। ਇਸ ਦੀ ਮਿਸਾਲ ਹੈ ਬੱਚਿਆਂ ਵੱਲੋਂ ਹਰ ਪੱਧਰ ਦੇ ਮੁਕਾਬਲਿਆਂ ਵਿੱਚ ਜਿੱਤੇ ਗਏ ਇਨਾਮ, ਡੌਲਫਿਨ ਅਤੇ ਡੌਲਫਿਨ ਵੱਲੋਂ ਕਰਾਏ ਗਏ ਇੰਟਰ ਸਕੂਲ We are the Best ਮੁਕਾਬਲੇ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਪਹਿਲਾ ਇਨਾਮ ਹਾਸਲ ਕੀਤਾ। ਅਥਲੈਟਿਕ ਐਸੋਸੀਏਸ਼ਨ ਵੱਲੋਂ ਮੁਹਾਲੀ ਵਿਖੇ ਕਰਾਏ ਮੁਕਾਬਲਿਆਂ ਵਿੱਚ 11 ਬੱਚਿਆਂ ਨੇ ਤਮਗੇ ਹਾਸਲ ਕੀਤੇ ਅਤੇ ਸਕੂਲ ਦੇ ਦੋ ਵਿਦਿਆਰਥੀਆਂ ਸਵਿਆ ਵਰਮਾ ਅਤੇ ਹਰਦਿਆ ਸਿੰਘ ਜ਼ਿਲਾ ਪੱਧਰ ਦੀ ਟੀਮ ਲਈ ਚੁਣੇ ਗਏ। ਇਸ ਦਾ ਸਿਹਰਾ ਸਪੋਰਟਸ ਅਧਿਆਪਕਾ ਸੁਰਜੀਤ ਕੌਰ ਅਤੇ ਕੋਚ ਗੁਰਮੇਲ ਸਿੰਘ ਦੇ ਸਿਰ ਜਾਂਦਾ ਹੈ। ਸਕੂਲ ਦੇ ਚਾਰ ਵਿਦਿਆਰਥੀ ਸਵਿਆ ਵਰਮਾ, ਪਵਨੀਤ ਕੌਰ, ਰਵਨੀਤ ਕੌਰ ਅਤੇ ਜਤਿੰਦਰ ਸਿੰਘ ਅੰਮ੍ਰਿਤਸਰ ਵਿਖੇ ਹੋਣ ਵਾਲੀ ਨੈਸ਼ਨਲ ਲੈਵਲ ਜੂਨੀਅਰ ਰੈਡ ਕਰਾਸ ਟਰੇਨਿੰਗ ਕਮ ਸਟਡੀ ਕੈਂਪ ਵਿੱਚ ਭਾਗ ਲੈਣ ਲਈ ਚੁਣੇ ਗਏ ਹਨ। IEDRA ਵਲੋਂ 43 ਵੇਂ ਨੈਸ਼ਨਲ ਸੈਮੀਨਾਰ ਅਤੇ ਅਵਾਰਡ ਫੰਕਸ਼ਨ ਵਿਚ ਸ਼ਿਕਸ਼ਾ ਭਾਰਤੀ ਅਵਾਰਡ ਨਾਲ ਸਨਮਾਮਿਤ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਲੀਨਾ ਵਰਮਾ ਅਤੇ ਸਕੂਲ ਨੂੰ ਨੌਮੀਨੇਟ ਕੀਤਾ ਗਿਆ ਹੈ। ਮਹਾਂਪੁਰਖਾਂ ਦੇ ਜਨਮ ਦਿਹਾੜੇ 17 ਜੂਨ ਨੂੰ ਸਕੂਲ ਵਿੱਚ ਰੁੱਖ ਲਗਾ ਕੇ ਬਾਬਾ ਜੀ ਪ੍ਰਤੀ ਪਿਆਰ ਦਾ ਪ੍ਰਗਟਾਵਾ ਕੀਤਾ ਗਿਆ ਇਸ ਮੌਕੇ ਬਾਬਾ ਹਰਪਾਲ ਸਿੰਘ ਜੀ ਨੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਤੀ ਲੀਨਾ ਵਰਮਾ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ। ਅਧਿਆਪਕ ਦਿਵਸ ਤੇ ਸਕੂਲ ਦੇ ਪੰਜ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਸ੍ਰੀਮਤੀ ਹਰਬਰਿੰਦਰ ਗਿੱਲ, ਰੇਨੂੰ ਭਾਟੀਆ, ਸੁਰਜੀਤ ਕੌਰ ਨੂੰ Best Teacher ਐਵਾਰਡ ਦਿੱਤਾ ਗਿਆ ਜਦ ਕਿ ਮੀਤੂ ਕਪੂਰ ਅਤੇ ਰਾਜਨੀਤ ਕੌਰ ਨੂੰ ਵਧੀਆ ਸੇਵਾਵਾਂ ਲਈ ਪੁਰਸਕਾਰ ਦਿਤਾ ਗਿਆ। ਸਕੂਲ ਦੇ ਦੋ ਕਰਮਚਾਰੀਆਂ ਸੁਰਿੰਦਰ ਸਿੰਘ ਅਤੇ ਹਰਬੰਸ ਕੌਰ ਨੂੰ ਵੀ ਚੰਗੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਚੇਅਰਪਰਸਨ ਮਾਤਾ ਰਣਜੀਤ ਕੌਰ ਜੀ ਦੇ ਅਸ਼ੀਰਵਾਦ ਸਦਕਾ ਸਕੂਲ ਹਰ ਖੇਤਰ ਵਿੱਚ ਤਰੱਕੀ ਦੇ ਰਾਹ ਤੇ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਹ ਸਕੂਲ ਕੇਵਲ ਭਾਰਤ ਵਿੱਚ ਹੀ ਨਹੀਂ ਬਲਕਿ ਵਿਸ਼ਵ ਪੱਧਰ ਤੇ ਆਪਣੀ ਪਛਾਣ ਬਣਾਉਣ ਵਿੱਚ ਕਾਮਯਾਬ ਹੋ ਜਾਵੇਗਾ।



ਬੀਜੀ ਵਿਦਿਆ ਮੰਦਰ ਦੇ ਬੱਚਿਆਂ ਨੂੰ ਅਸ਼ੀਰਵਾਦ ਦਿੰਦੇ ਹੋਏ।





ਡੀ.ਸੀ. ਮੋਹਾਲੀ ਵਿਦਿਆ ਮੰਦਰ ਵਿਖੇ ਬੂਟਾ ਲਾਉਂਦੇ ਹੋਏ।



ਸ. ਉਜਾਗਰ ਸਿੰਘ ਬਡਾਲੀ ਐਮ.ਐਲ.ਏ. ਵਿਦਿਆ ਮੰਦਰ ਵਿਖੇ ਬੂਟਾ ਲਾਉਂਦੇ ਹੋਏ।

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
## ((Creative Use of Emotions))

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

**ਯੋਗ ਵਿਗਿਆਨ : ਤਦਰੂਪਤਾ ਦਾ ਰੂਪ ਪਰਿਵਰਤਨ ਕਿਵੇਂ ਦੇਖਦਾ ਹੈ?**

**ਯੋਗ ਮਨੋਵਿਗਿਆਨ, ਜਿਹੜਾ ਸਾਨੂੰ ਵਿਕਸਿਤ ਚੇਤਨਾ ਵਲ ਲੈ ਜਾਣ ਵਿਚ ਸਾਡੀ ਸਹਾਇਤਾ ਕਰਦਾ ਹੈ, ਸਾਡਾ ਮਾਰਗ ਦਰਸ਼ਨ ਕਰਦਾ ਹੈ ਉਹ ਸਾਨੂੰ ਦੱਸਦਾ ਹੈ ਜਿਹੜੀ ਅਭੇਦਤਾ ਅਸੀਂ ਐਨੀ ਔਖੀ ਤਰ੍ਹਾਂ ਬਣਾਈ ਹੈ ਉਹ ਹੀ ਥੋੜ੍ਹੀ-ਥੋੜ੍ਹੀ ਕਰਕੇ ਹੌਲੀ-ਹੌਲੀ ਕਰਕੇ ਸਾਰੀ ਖਤਮ ਕਰਨੀ ਪੈਂਦੀ ਹੈ, ਫੇਰ ਹੀ ਅਭੇਦਤਾ ਵਿਚ ਪਰਿਵਰਤਨ ਆ ਸਕਦਾ ਹੈ, ਆਉਂਦਾ ਹੈ। ਜਿਵੇਂ ਸਾਡਾ ਵਿਸਤਾਰ ਹੁੰਦਾ ਹੈ 'ਮੈਂ' ਤੇ 'ਮੇਰੀ' ਖਤਮ ਹੁੰਦੀ ਜਾਂਦੀ ਹੈ ਉਸ ਦੀ ਥਾਂ ਹੋਰ ਵਿਸ਼ਾਲ ਧਾਰਨਾਵਾਂ ਲੈਂਦੀਆਂ ਹਨ। ਇਸ ਯਾਤਰਾ ਵਿਚ ਜਗਿਆਸੂ ਪਹਿਲੇ ਬਾਹਰ ਦੀਆਂ ਚੀਜ਼ਾਂ ਨਾਲ ਜੁੜਦਾ ਹੈ, ਜਗਿਆਸੂ ਇਹ ਸਮਝਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਕਿਸ ਤਰ੍ਹਾਂ ਨਾਲ ਆਪਣੇ ਆਪ ਨੂੰ ਆਪਣੇ ਪਰਿਵਾਰ ਨਾਮ ਸਮਾਜਿਕ ਵਰਗ ਤੇ ਹੋਰ ਚੀਜ਼ਾਂ ਨਾਲ ਜੁੜਿਆ ਹੋਇਆ ਹੈ। ਉਹ ਦੇਖਦਾ ਹੈ ਕਿ ਇਹ ਅਭੇਤਦਾ ਕਿਵੇਂ ਦਵੰਦ ਪੈਦਾ ਕਰਦੀਆਂ ਹਨ, ਅਸ਼ਾਂਤੀ ਦਿੰਦੀਆਂ ਹਨ, ਕਿਵੇਂ ਮੈਡੀਟੇਸ਼ਨ ਕਰਕੇ ਉਹ ਕਿਵੇਂ ਹੌਲੀ-ਹੌਲੀ ਇਨ੍ਹਾਂ ਤੋਂ ਮੁਕਤ ਹੁੰਦਾ ਜਾਂਦਾ ਹੈ ਫੇਰ ਉਸ ਦੀ ਆਪਣੀ ਇਕ ਸਵੈ ਮੂਰਤ ਬਣ ਜਾਂਦੀ ਹੈ।**

**ਜਿਵੇਂ ਹੀ ਉਹ ਉਨਤੀ ਕਰਦਾ ਜਾਂਦਾ ਹੈ, ਉਹ ਆਪਣੇ ਅੰਦਰ ਨੂੰ ਘੋਖਦਾ ਹੈ, ਅੰਦਰ ਦਾ ਰੂਪ ਜਾਨਣ ਦੀ ਕੋਸ਼ਿਸ਼ ਕਰਦਾ ਹੈ, ਵਿਚਾਰ ਜਾਨਣ ਦੀ ਕੋਸ਼ਿਸ਼ ਕਰਦਾ ਹੈ। ਯੋਗ ਪ੍ਰਕ੍ਰਿਆ ਪੂਰਨਤ ਤੋਂ ਹੈ, ਬਾਹਰ ਤੋਂ ਹੈ, ਅੰਦਰ ਵਲ ਹੈ, ਸੂਖਮ ਹੈ, ਇਹ ਸਭ ਕੁਝ ਸੰਸਾਰ ਵਿਚ ਨਹੀਂ ਸਿਖਾਇਆ ਜਾਂਦਾ। ਸੰਸਾਰ ਬਾਹਰੀ ਪਸਾਰਾ ਹੈ, ਯੋਗ ਇਸ ਬਾਹਰ ਤੋਂ ਅੰਦਰ ਦੀ ਸੂਖਮ ਯਾਤਰਾ ਹੈ। ਆਮ ਤੌਰ ਤੇ ਅਸੀਂ ਇਕੋ ਪਾਸੇ ਦੀ ਸਿਖਿਆ ਲੈਂਦੇ ਹਾਂ। ਸਤਿ ਤਾਂ ਅਣਜਾਣਿਆ ਹੀ ਰਹਿੰਦਾ ਹੈ ਜਦੋਂ ਅਸੀਂ ਇਸ ਪ੍ਰਕ੍ਰਿਆ ਤੋਂ ਜਾਣੂ ਹੋ ਜਾਂਦੇ ਹਾਂ, ਜਿਹੜਾ ਸਾਨੂੰ ਸੰਪੂਰਣ ਤੋਂ ਸੂਖਮ ਤਕ ਲੈ ਜਾਂਦਾ ਹੈ, ਫੇਰ ਹੋਰ ਸੂਖਮ ਤੱਕ ਲੈ ਜਾਂਦਾ ਹੈ ਫੇਰ ਅਸੀਂ ਆਪਣੇ ਆਪ ਨੂੰ ਚੀਜ਼ਾਂ ਨਾਲ ਨਹੀਂ ਜੋੜਦੇ ਫੇਰ ਅਸੀਂ ਆਪਣੇ ਵਾਸਤਵਿਕ ਸਰੂਪ ਨਾਲ ਜੁੜਦੇ ਹਾਂ।**

**ਜਿਵੇਂ ਜਗਿਆਸੂ ਆਪਣੀ ਅੰਤਰ ਦੀ ਅਵਸਥਾ ਤੋਂ ਜਾਣੂੰ ਹੁੰਦੇ ਹਨ, ਅਸੀਂ ਹੌਲੀ-ਹੌਲੀ ਆਪਣੇ ਆਪ ਨੂੰ ਮਾਨਸਿਕ ਬਿੰਬਾਂ ਤੋਂ ਦੂਰ ਹੋ ਜਾਂਦੇ ਹਾਂ, ਸਲਾਹਾਂ ਤੋਂ ਦੂਰ ਹੋ ਜਾਂਦੇ ਹਾਂ, ਪ੍ਰਤੀਕ ਤੋਂ ਦੂਰ ਹੋ ਜਾਂਦੇ ਹਾਂ, ਵਿਚਾਰਾਂ ਤੋਂ ਦੂਰ ਹੋ ਜਾਂਦੇ ਹਾਂ, ਸੋਹਾਵਣੀ ਕਲਪਨਾ ਤੋਂ ਦੂਰ ਹੋ ਜਾਂਦੇ ਹਾਂ, ਉਹ ਸਾਡੇ ਅਚੇਤ ਮਨ ਵਿਚ ਲੁਪਤ ਪਈਆਂ ਰਹਿੰਦੀਆਂ ਹਨ। ਜਗਿਆਸੂ ਇਨ੍ਹਾਂ ਵਿਚਾਰਾਂ ਨੂੰ ਬੜੀ ਨਿਰਪੇਖਤਾ ਨਾਲ ਘੋਖਣਾ ਸਿੱਖ ਜਾਂਦਾ ਹੈ, ਦੇਖਦਾ ਹੈ ਇਹ ਉਸ ਦੇ ਮਨ ਵਿਚ ਕਿਵੇਂ ਆਈਆਂ, ਬਿਲਕੁਲ ਇਸ ਤਰ੍ਹਾਂ ਨਾਲ ਦੇਖਦਾ ਹੈ ਜਿਵੇਂ ਇਹ ਇਸ ਦੀਆਂ ਹੋਣ ਹੀ ਨਾ। ਹੌਲੀ-ਹੌਲੀ ਇਸ ਤਟਸੱਥ ਅਵਸਥਾ ਤੋਂ ਉਹ ਨਿਖੇਧੀ ਦੇ ਵਿਚਾਰਾਂ ਤੋਂ ਹੋਰ ਨਾਕਾਰਆਤਮਾ ਵਿਚਾਰਾਂ ਤੋਂ ਦੂਰ ਹੁੰਦਾ ਜਾਂਦਾ ਹੈ।** ਉਹ ਹੁਣ ਇਨ੍ਹਾਂ ਵਿਚਾਰਾਂ ਨਾਲ ਕੋਈ ਸਾਂਝ ਨਹੀਂ ਪਾਉਂਦਾ ਜਿਵੇਂ ਕਿ ਉਹ ਪਹਿਲਾਂ ਕਰਦਾ ਸੀ ਹੁਣ ਤਾਂ ਮੈਡੀਟੇਸ਼ਨ ਨਾਲ ਉਹ ਕੇਵਲ ਉਨ੍ਹਾਂ ਨੂੰ ਦੇਖਦਾ ਹੈ, ਘੋਖਦਾ ਹੈ, ਆਪਣੇ ਮਨ ਉਤੇ ਪਏ ਹੋਏ ਪ੍ਰਭਾਵਾਂ ਨੂੰ ਦੇਖਦਾ ਹੈ। ਹੌਲੀ-ਹੌਲੀ ਇਸ ਪ੍ਰਕ੍ਰਿਆ ਰਾਹੀਂ ਉਹ ਜਾਣ ਲੈਂਦਾ ਹੈ ਕਿ ਉਹ ਕੋਈ ਹਰ ਵਾਸਤਵ ਵਿਚ ਉਹ ਆਤਮਾ ਹੈ, ਉਹ ਪੰਜ ਭੂਤਕ ਦੇਹ ਨਹੀਂ ਜਿਹੜੀ ਇਸ ਤਰ੍ਹਾਂ ਨਾਲ ਸੋਚਦੀ ਸੀ।

ਇਸ ਤਰ੍ਹਾਂ ਨਾਲ ਇਕ ਨਵੀਂ ਅਭੇਦਤਾ ਦਾ ਨੀਂਹ ਪੱਥਰ ਰੱਖਿਆ ਜਾਂਦਾ ਹੈ। ਜਦੋਂ ਤੁਹਾਡੇ ਪਹਿਲੇ ਵੀਚਾਰ ਕਮਜ਼ੋਰ ਪੈ ਜਾਂਦੇ ਹਨ, ਤੁਹਾਡੀ ਸਵੈ ਧਾਰਾ ਕਮਜ਼ੋਰ ਪੈ ਜਾਂਦੀ ਹੈ, ਫੇਰ ਖਤਮ ਹੋ ਜਾਂਦੀ ਹੈ ਫੇਰ ਹੀ ਤੁਹਾਡੀ ਪਹਿਲੀ ਤਦਰੂਪਤਾ ਖਤਮ ਹੁੰਦੀ ਹੈ। ਜਿਵੇਂ ਹੀ ਇਹ ਖਤਮ ਹੁੰਦੀ ਹੈ, ਦੂਸਰੀਆਂ ਸਵੈ ਧਾਰਾ ਹੌਲੀ-ਹੌਲੀ ਬਣਨੀਆਂ ਸ਼ੁਰੂ ਹੋ ਜਾਂਦੀਆਂ ਹਨ। ਪਹਿਲਾਂ ਪਹਿਲ ਭਾਵੇਂ ਤੁਹਾਨੂੰ ਪਤਾ ਵੀ ਨਾ ਲੱਗੇ, ਪਰ ਜਿਵੇਂ-ਜਿਵੇਂ ਤੁਸੀਂ ਮੈਡੀਟੇਸ਼ਨ ਕਰਦੇ ਰਹੋਗੇ ਉਹ ਤੁਹਾਡੇ ਸਾਮ੍ਹਣੇ ਆਉਂਦੇ ਰਹਿਣਗੇ, ਜੇ ਤੁਸੀਂ ਵਿਕਸਿਤ ਹੁੰਦੇ ਰਹੋਗੇ ਇਹ ਸਭ ਵੀ ਖਤਮ ਹੋ ਜਾਣਗੇ। ਜਿਸ-ਜਿਸ ਤਰ੍ਹਾਂ ਇਹ ਪ੍ਰਕ੍ਰਿਆ ਚਲਦੀ ਰਹੇਗੀ, ਸਵੈ ਧਾਰਨਾ ਵਧੇਰੇ ਖੁਲ੍ਹਦੀ ਚਲੀ ਜਾਏਗੀ, ਉਸ ਦਾ ਘੇਰਾ ਵਧਦਾ ਜਾਏਗਾ ਤੇ ਉਹ ਵਧੇਰੇ ਵਿਕਸਿਤ ਤੇ ਸੰਪੂਰਨ ਹੁੰਦੀ ਜਾਏਗੀ।

ਪੰਤਾਂਜਲ ਜਿਸਨੇ ਯੋਗ ਨੂੰ ਨਿਯਮਬੱਧ ਕੀਤਾ ਯੋਗ ਮਨੋਵਿਗਿਆਨ ਨੂੰ ਸੰਗ੍ਰਹਿ ਕਰਿਆ ਹੈ ਉਹ ਦਸਦੇ ਹਨ ਜਦੋਂ ਅਸੀਂ ਵਿਚਾਰਧਾਰਾ ਨਾਲ ਆਪਣੇ ਆਪ ਨੂੰ ਜੋੜਦੇ ਹਾਂ, ਅਸੀਂ ਅਵੱਸ਼ ਹੀ ਪਰੇਸ਼ਾਨ ਹੋਵਾਂਗੇ, ਬੇਚੈਨ ਹੋਵਾਂਗੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਅਸੀਂ ਆਪਣੇ ਵਾਸਤਵਿਕ ਸਰੂਪ ਨੂੰ ਭੁੱਲ ਜਾਂਦੇ ਹਾਂ, ਅਸੀਂ ਆਪਣੇ ਆਪ ਨੂੰ ਮਨ ਦੀ ਅਵਸਥਾ ਨਾਲ ਜੋੜ ਲੈਂਦੇ ਹਾਂ। ਇਹ ਵਿਚਾਰ ਸਾਨੂੰ ਐਧਰ

ਓਧਰ ਲੈ ਜਾਂਦੇ ਹਨ ਜਿਨ੍ਹਾਂ ਦਾ ਕੋਈ ਉਦੇਸ਼ ਨਹੀਂ ਹੁੰਦਾ। ਪੰਤਾਜਲ ਅਨੁਸਾਰ ਜਦੋਂ ਚੇਤਨਤਾ ਆਪਣੇ ਆਪ ਨੂੰ ਕਿਸੇ ਵਿਚਾਰ ਨਾਲ ਨਹੀਂ ਜੋੜਦੀ, ਉਹ ਸਮਾਚਿੱਤ ਰਹਿੰਦੀ ਹੈ, ਜਿਥੇ ਸਭ ਸ਼ਾਂਤੀ ਹੈ ਜਿਥੇ ਸਥਾਈ ਅਨੰਦ ਦੀ ਅਵਸਥਾ ਹੈ, ਅਨੰਤ ਕ੍ਰਿਪਾ ਹੈ।

ਯੋਗ ਮਨੋਵਿਗਿਆਨ ਦਾ ਕੇਂਦਰ ਬਿੰਦੂ ਇਹ ਸਮਝਣਾ ਹੈ ਕਿ ਸਵੈ-ਚੇਤਨਤਾ ਦਾ ਕੇਂਦਰ ਸੋਚ ਪ੍ਰਤਿਰੂਪ ਤੋਂ ਵੱਖ ਹੈ। ਇਹ ਗੱਲ ਪੱਛਮੀ ਲੋਕਾਂ ਨੂੰ ਭਾਵੇਂ ਓਪਰੀ ਲੱਗੇ ਜਿਹੜੇ ਕਾਰਟੀਜ਼ੀਅਨ (Cartesian) ਆਦੇਸ਼ ਨਾਲ ਪਲੇ ਹਨ ਭਾਵ ਕਿ ਉਹ ਇਸ ਸੋਚ ਨਾਲ ਵੱਡੇ ਹੋਏ ਹਨ, ਮੈਂ ਸੋਚਦਾ ਹਾਂ ਇਸ ਕਰਕੇ ਮੈਂ ਹਾਂ। ਆਪਣੀ ਪਰਿਭਾਸ਼ਾ ਦੇਣ ਲਈ ਅਸੀਂ ਇਹ ਮੰਨਦੇ ਹਾਂ ਜਿਹੜੀ ਸੋਚ ਸਾਡੇ ਸਾਮ੍ਹਣੇ ਆਉਂਦੀ ਹੈ ਉਹ ਸਾਡਾ ਇਕ ਵਿਸ਼ੇਸ਼ ਅੰਗ ਹੈ। ਜੇ ਅਸੀਂ ਆਪਣੇ ਆਪ ਨੂੰ ਉਸ ਤੋਂ ਨਿਖੇੜਨਾ ਹੋਵੇ, ਵੱਖ ਕਰਨਾ ਹੋਵੇ, ਅਸੀਂ ਧਰਮ ਸੰਕਟ ਵਿਚ ਪੈ ਜਾਵਾਂਗੇ ਅਸੀਂ ਆਪਣੇ ਆਪ ਨੂੰ ਪੁੱਛਾਂਗੇ, 'ਜੇ ਮੈਂ, ਮੇਰੇ ਵਿਚਾਰ ਨਹੀਂ ਤਾਂ ਮੈਂ ਕੀ ਹਾਂ? ਮੈਂ ਫੇਰ ਹੋਰ ਕੀ ਹੋ ਸਕਦਾ ਹਾਂ? ਬਾਕੀ ਕੀ ਹੈ ਫੇਰ? ਅੱਜ ਦਾ ਮਨੋਵਿਗਿਆਨ ਤਾਂ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਨਿਖੇਦੀ ਵਿਚ ਹੀ ਦੇਵੇਗੀ ਕਿਉਂਕਿ ਉਹ ਤਾਂ ਮਨੁੱਖ ਤੇ ਉਸ ਦੇ ਵਿਚਾਰਾਂ ਵਿਚ ਕੋਈ ਅੰਤਰ ਦੱਸਦੀ ਹੀ ਨਹੀਂ। ਯੋਗ ਮਨੋਵਿਗਿਆਨ ਦੱਸਦਾ ਹੈ ਕਿ ਚੇਤਨਤਾ ਸਾਡੇ ਵਿਚਾਰਾਂ ਤੋਂ ਬਾਹਰ ਵੀ ਹੈ ਚੇਤਨਤਾ ਦੀ ਹੋਂਦ ਵਿਚਾਰਾਂ ਤੋਂ ਵੱਖ ਹੋ ਸਕਦੀ ਹੈ। ਵਿਚਾਰ ਤਾਂ ਚੇਤਨਤਾ ਦਾ ਇਕ ਯੰਤਰ ਹੈ, ਹਥਿਆਰ ਹੈ। ਜਿਨ੍ਹਾਂ ਨਿਰੋਲ ਚੇਤਨਤਾ ਦਾ ਅਨੁਭਵ ਕੀਤਾ ਹੈ ਉਹ ਦਸਦੇ ਹਨ ਉਹ ਅਸੀਮ ਹੈ, ਪੂਰੀ ਤਰ੍ਹਾਂ ਨਾਲ ਖੁਲ੍ਹਾ ਹੈ, ਮੁਕਤ ਹੈ, ਉਥੇ ਪੂਰੀ ਇਕਸੁਰਤਾ ਹੈ, ਗਿਆਨ ਹੈ, ਅਨੰਦ ਹੈ, ਹਰ ਵਿਚਾਰ ਤੋਂ ਉਪਰ ਹੈ। ਆਪਣੇ ਅੰਤਰ ਨੂੰ ਆਪਣੇ ਸਰੂਪ ਨੂੰ ਕਿਵੇਂ ਜਾਣਿਆ ਜਾਵੇ ਇਹ ਵਿਸ਼ਾ ਕਿਸੇ ਵਾਦ ਵਿਵਾਦ ਦਾ ਵਿਸ਼ਾ ਨਹੀਂ ਹੈ, ਕਿਸੇ ਵੀ ਸਪਸ਼ਟੀਕਰਨ ਦਾ ਵਿਸ਼ਾ ਨਹੀਂ ਹੈ ਕਿਸੇ ਵੀ ਪ੍ਰਸ਼ਨ ਦਾ ਉਤਰ ਦਾ ਵਿਸ਼ਾ ਨਹੀਂ ਹੈ। ਇਹ ਵਿਸ਼ਾ ਕੇਵਲ ਆਪਣੇ ਅਨੁਭਵ ਦਾ ਵਿਸ਼ਾ ਹੈ ਪ੍ਰੈਕਟੀਕਲ ਅਨੁਭਵ ਦਾ।

ਯੋਗ ਮਨੋਵਿਗਿਆਨ ਸਾਨੂੰ ਸਾਡਾ ਸਭ ਤੋਂ ਸੂਖਮ ਤੱਤ ਵੀ ਛੱਡਣ ਦੀ ਸਿਖਿਆ ਦਿੰਦਾ ਹੈ। ਯੋਗ ਦੇ ਵੱਖ-ਵੱਖ ਅਭਿਆਸ ਹੌਲੀ ਹੌਲੀ ਸਾਡੇ ਅੰਦਰ ਦੇ ਵਿਸ਼ਵਾਸ਼, ਵਿਚਾਰ, ਚਿੰਤਾ, ਦਵੰਦ, ਆਸ, ਭੈ, ਨਿਰਭਰਤਾ, ਇਨ੍ਹਾਂ ਸਭ ਨੂੰ ਖਤਮ ਕਰ ਦਿੰਦਾ ਹੈ, ਕਿਉਂਕਿ ਇਹ ਸਾਡੇ ਮਨ ਨੂੰ ਪੂਰੀ ਤਰ੍ਹਾਂ ਮੱਲ ਕੇ ਬੈਠੇ ਰਹਿੰਦੇ ਹਨ। ਯੋਗ ਦੇ ਵੱਖ-ਵੱਖ ਤਰੀਕੇ ਭਾਵੇਂ ਉਹ ਵੱਖ-ਵੱਖ ਕੰਮ ਕਰ ਰਹੇ ਹੋਣ ਭਾਵੇਂ ਉਹ ਸਾਰੇ ਇਕੱਠੇ ਹੋ ਕੇ ਕੰਮ ਕਰ ਰਹੇ ਹੋਣ, ਇਨ੍ਹਾਂ ਸਾਰਿਆਂ ਦਾ ਉਦੇਸ਼ ਸਾਡਾ ਮੋਹ ਖਤਮ ਕਰਨਾ ਹੁੰਦਾ ਹੈ ਤੇ ਸਾਡੇ ਜੀਵਨ ਨੂੰ ਇਕ ਸੁਰ ਕਰਨਾ ਹੁੰਦਾ ਹੈ, ਦੂਸਰਿਆਂ ਨਾਲ ਇਕ ਸੁਰ ਹੋ ਕੇ ਰਹਿਣਾ ਹੁੰਦਾ ਹੈ, ਯੋਗ ਦਾ ਉਦੇਸ਼ ਛੋਟੀਆਂ ਗੱਲਾਂ ਵਿਚ ਪੈਣਾ ਸਾਡੀ 'ਮੈਂ' ਤੇ 'ਮੇਰੀ' ਨੂੰ ਵਧਾਣਾ ਨਹੀਂ ਇਸ ਵਿਚ ਆਪਣੀ ਸ਼ਕਤੀ ਲਗਾਉਣਾ ਨਹੀਂ। ਯੋਗ ਦੀ ਸਿਖਿਆ ਬਾਰ-ਬਾਰ ਉਸ ਨੂੰ ਆਪਾ ਦੇਖਣ ਲਈ ਹੀ ਮਜਬੂਰ ਕਰਦੀ ਹੈ, ਆਪਣੀ ਝੂਠੀ ਤਦਰੂਪਤਾ ਛੱਡਣ ਲਈ ਦੱਸਦੀ ਹੈ। ਇਹ ਸਾਰੀ ਪ੍ਰਤਿਕ੍ਰਿਆ ਜਗਿਆਸੂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦੀ ਹੈ ਕਿ ਮੇਰੀ ਮੈਂ ਦੇ ਥੱਲੇ ਕੁਛ ਹੈ, ਮੇਰੀ ਮੈਂ ਤਾਂ ਕੇਵਲ ਇਕ ਨਾਸ਼ਵਾਨ ਹੈ।

ਯੋਗ ਦਾ ਇਕ ਮੰਨਿਆ, ਉਚਾ ਮਾਰਗ ਹੈ ਜਿਸ ਨਾਲ ਤੁਸੀਂ ਇਹ ਜਾਣ ਜਾਂਦੇ ਹੋ ਉਹ ਹੈ ਗਿਆਨ ਮਾਰਗ, ਗਿਆਨ ਯੋਗ। ਇਸ ਰਸਤੇ ਤੇ ਜਗਿਆਸੂ ਨੂੰ ਹਰ ਤੀਰਕੇ ਨਾਲ ਬਾਕੀ ਸਾਰੇ ਯੋਗ ਦੇ ਮਾਰਗਾਂ ਦਾ ਗਿਆਨ ਦਿੱਤਾ ਜਾਂਦਾ ਹੈ। ਗਿਆਨ ਦੇ ਮਾਰਗ ਤੇ ਜਗਿਆਸੂ ਆਪਣੀ ਝੂਠੀ ਮੈਂ ਦਾ ਸਾਮ੍ਹਣਾ ਕਰਦਾ ਹੈ। ਅਸੀਂ ਦੇਖ ਸਕਦੇ ਹਾਂ ਇਹ ਅਪਰੋਚ ਕਿਸ ਤਰ੍ਹਾਂ ਕੰਮ ਕਰਦੀ ਹੈ, ਜਦੋਂ ਸਵੈ ਧਾਰਨਾ ਨੂੰ ਵੱਖ-ਵੱਖ ਪਖੋਂ ਦੇਖਿਆ ਜਾਵੇ।

ਆਪਾ ਚੀਨਣ ਲਈ ਜਗਿਆਸੂ ਮੈਡੀਟੇਸ਼ਨ ਲਈ ਬੈਠਦਾ ਹੈ ਹਰ ਵਿਚਾਰ ਤੋਂ ਆਪਣਾ ਮਨ ਖਾਲੀ ਕਰਦਾ ਹੈ। ਜਦੋਂ ਵੀ ਕੋਈ ਵਿਚਾਰ ਆਉਂਦਾ ਹੈ ਜਗਿਆਸੂ ਇਕ ਦਮ ਪੁਛਦਾ ਹੈ, ਮੈਂ ਕੌਣ ਹਾਂ? ਕੀ ਮੈਂ ਇਹ ਵਿਚਾਰ ਹਾਂ? ਫੇਰ ਉਹ ਕਹਿੰਦਾ ਹੈ 'ਨਹੀਂ ਮੈਂ ਇਹ ਨਹੀਂ ਹਾਂ। ਇਹ ਇਕ ਵਿਚਾਰ ਮੇਰੇ ਸਾਮ੍ਹਣੇ ਆ ਰਿਹਾ ਹੈ ਮੈਂ ਕੇਵਲ ਇਸਨੂੰ ਦੇਖ ਰਿਹਾ ਹਾਂ, ਮੈਂ ਇਹ ਵਿਚਾਰ ਨਹੀਂ ਹਾਂ, ਮੈਂ ਇਸ ਵਿਚਾਰ ਤੋਂ ਪ੍ਰਭਾਵਿਤ ਨਹੀਂ ਹੋ ਰਿਹਾ। ਮਨ ਵਿਚ ਕਈ ਵਿਚਾਰ ਆਉਂਦੇ ਹਨ, ਮਿਸਾਲ ਵਜੋਂ ਉਸਨੂੰ ਕੋਈ ਹਾਦਸਾ ਯਾਦ ਆ ਗਿਆ ਹੋਵੇ ਜਿਹੜਾ ਡਰਾਵਣਾ ਹੋਵੇ ਪਰ ਉਸ ਹਾਦਸੇ ਦੀ ਯਾਦ ਤੋਂ ਡਰਨ ਦੀ ਥਾਂ, ਸਰੀਰ ਕੰਬਣ ਦੀ ਥਾਂ ਮਨੋਵਿਗਿਆਨਕ ਪਰੇਸ਼ਾਨੀ ਦੀ ਥਾਂ ਜਗਿਆਸੂ ਕੇਵਲ ਇਕ ਪਾਰਖੂ ਦੀ ਤਰ੍ਹਾਂ ਇਸ ਸਾਰੇ ਹਾਦਸੇ ਨੂੰ ਦੇਖੇਗਾ। ਇਹੋ ਜਿਹਾ ਕੋਈ ਵੀ ਡਰਾਵਣੇ ਸ਼ੋਕਮਈ ਕੋਈ ਵੀ ਵਿਚਾਰ, ਜਾਂ ਪਰੇਸ਼ਾਨੀ ਵਾਲੇ ਵਿਚਾਰ ਮਨ ਵਿਚ ਆਉਂਦੇ ਹਨ, ਪਰ ਜਗਿਆਸੂ ਕੇਵਲ ਉਨ੍ਹਾਂ ਨੂੰ ਦੇਖਦਾ ਹੈ, ਪਰਖਦਾ ਹੈ ਫੇਰ ਇਕ, ਇਕ ਕਰਕੇ ਜਾਣ ਦਿੰਦਾ ਹੈ ਕਿਉਂਕਿ ਜਗਿਆਸੂ ਬਾਰ-ਬਾਰ ਇਕੋ ਹੀ ਗੱਲ ਕਹਿੰਦਾ ਹੈ, ਮੈਂ ਕੌਣ ਹਾਂ? ਮੈਂ ਇਹ ਵਿਚਾਰ ਨਹੀਂ, ਮੈਂ ਤਾਂ ਇਸ ਵਿਚਾਰ ਤੋਂ ਕਿਤੇ ਪਰ੍ਹੇ ਹਾਂ, ਅੰਤ ਵਿਚ ਜਗਿਆਸੂ ਦੀ ਮੈਂ ਖਤਮ ਹੋ ਜਾਂਦੀ ਹੈ, ਇਕ ਸ਼ਾਂਤੀ ਆ ਜਾਂਦੀ ਹੈ, ਅਨੰਦ ਦਾ ਪਸਾਰਾ ਹੋ ਜਾਂਦਾ ਹੈ, ਸਾਰਾ ਮਾਨਸਿਕ ਤਨਾਓ, ਦਬਾਓ ਸਭ ਖਤਮ ਹੋ ਜਾਂਦਾ ਹੈ।

ਇਸ ਰਾਹ ਦਾ ਇਸ ਤਰੀਕੇ ਦਾ ਇਕ ਦੂਸਰਾ ਪਾਸਾ ਵੀ ਹੈ, ਜਗਿਆਸੂ ਆਪਣੇ ਆਪ ਨੂੰ ਜਾਣ ਬੁੱਝ ਕੇ ਪੁੱਛ ਸਕਦਾ ਹੈ, ਮੈਂ ਕੌਣ ਹਾਂ? ਇਸ ਦੇ ਉਤਰ ਵਿਚ ਜੋ ਵੀ ਵਿਚਾਰ ਉਸਨੂੰ ਜਾਂਚ ਕੇ ਛੱਡ ਦਿਤਾ ਜਾਂਦਾ ਹੈ। ਫੇਰ ਦੂਸਰੀ ਵਾਰੀ ਫੇਰ ਪ੍ਰਸ਼ਨ ਪੁਛਿਆ ਜਾਂਦਾ ਹੈ ਫੇਰ ਉਤਰ ਆਉਂਦਾ ਹੈ, ਫੇਰ ਛੱਡ ਦਿੱਤਾ ਜਾਂਦਾ ਹੈ। ਹੌਲੀ-ਹੌਲੀ ਜਗਿਆਸੂ ਇਕ ਤੋਂ ਦੂਸਰੇ, ਦੂਸਰੇ ਤੋਂ ਤੀਸਰੇ ਉਤਰ ਤੇ ਜਾਂਦਾ ਹੈ ਪਰ ਇਹ ਸਾਰੇ ਉਤਰ ਬੜੇ ਹੀ ਓਪਰੇ ਲਗਦੇ ਹਨ, ਬਨਾਵਟੀ ਲਗਦੇ

**(ਬਾਕੀ ਪੰਨਾ 49 ਤੇ )**

# ਮਾਨੁਖ ਤਨ ਦਾ ਪ੍ਰਯੋਜਨ


***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***


## ਸਤਿਨਾਮ ਵਾਹਿਗੁਰੂ

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥*
*ਅੰਗ - ੭੯੨*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

ਸੋ ਵਿਚਾਰ ਚੱਲ ਰਹੀ ਸੀ ਕਿ ਆਤਮ ਮਾਰਗ ਆਪਣੇ ਆਤਮ ਸਰੂਪ ਨੂੰ ਪਹੁੰਚਣ ਵਾਲਾ ਰਸਤਾ ਹੈ। ਵਾਹਿਗੁਰੂ ਸਰੂਪ ਦੇ ਅੰਦਰ ਲੀਨਤਾ ਦਾ ਰਸਤਾ ਕਿਸ ਤਰ੍ਹਾਂ ਹੈ ਇਹਦੇ ਬਾਰੇ ਬਹੁਤ ਸਾਰੀਆਂ ਵਿਚਾਰਾਂ ਹੋਈਆਂ। ਪਹਿਲਾਂ ਦੱਸਿਆ ਗਿਆ ਕਿ ਵਾਹਿਗੁਰੂ ਦੇ ਉਤੇ ਵਿਸ਼ਵਾਸ਼ ਲਿਆਓ। ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਫੇਰ ਸਤਿਸੰਗ ਜੋ ਉਸਦਾ ਮੁੱਖ ਦੁਆਰ ਹੈ, ਵਾਹਿਗੁਰੂ ਨੂੰ ਮਿਲਣ ਦਾ ਜੋ ਵੱਡਾ ਦਰਵਾਜ਼ਾ ਹੈ ਉਸ ਵਿਚ ਕਿਵੇਂ ਦਾਖਲ ਹੋਈਏ, ਇਹਦੀ ਬਹੁਤ ਵਿਸਥਾਰ ਦੇ ਨਾਲ ਵਿਚਾਰ ਹੋਈ ਕਿ ਸ਼ਰਧਾ, ਨਿਮਰਤਾ, ਇਕਾਗਰਤਾ, ਨਮਸਕਾਰ, ਭਰੋਸਾ; ਇਨ੍ਹਾਂ ਸਾਰੀਆਂ ਚੀਜ਼ਾਂ ਦੇ ਉਤੇ ਵਿਸਥਾਰ ਹੋਣ ਤੋਂ ਪਿਛੋਂ ਇਹ ਵਿਚਾਰਿਆ ਗਿਆ ਕਿ ਗੁਰੂ ਦੀ ਲੋੜ ਹੈ, ਗੁਰੂ ਤੋਂ ਬਗੈਰ ਇਹ ਰਸਤਾ ਤਹਿ ਨਹੀਂ ਹੋਇਆ ਕਰਦਾ। ਸੋ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸੰਤਾਂ ਦੇ ਪਾਸ ਭੇਜਦੇ ਨੇ। ਸੋ ਗੁਰੂ ਘਰ ਦੇ ਅੰਦਰ ਜੋ ਗੁਰੂ ਧਾਰਨ ਦੀ ਵਿਧੀ ਸੀ, ਹੁਣ ਹੈ, ਉਹਦੇ ਉਤੇ ਵਿਚਾਰ ਕੀਤੀ ਗਈ। ਨੌਂਆਂ ਪਾਤਸ਼ਾਹੀਆਂ ਤੱਕ ਗੁਰੂ ਮਹਾਰਾਜ ਚਰਨਾਂ ਅੰਮ੍ਰਿਤ ਦਿਆ ਕਰਦੇ ਸੀ ਤੇ ਦਸ਼ਮੇਸ਼ ਪਿਤਾ ਦੇ ਮੌਕੇ ਦੇ ਉਪਰ ਖੰਡੇ ਦਾ ਅੰਮ੍ਰਿਤ ਪ੍ਰਚਲਤ ਹੋਇਆ ਜੋ ਪੰਜ ਸਿੰਘ ਗੁਰੂ ਦੇ ਨੁਮਾਇੰਦੇ ਬਣ ਕੇ ਪੰਜ ਪਿਆਰੇ ਜਿਨ੍ਹਾਂ ਨੂੰ ਆਖਿਆ ਜਾਂਦਾ ਹੈ ਤੇ ਮਾਇਆ ਦੇ ਪਿਆਰੇ ਨਹੀਂ ਗੁਰੂ ਦੇ ਪਿਆਰੇ। ਉਹ ਅੰਮ੍ਰਿਤ ਦੀ ਦਾਤ ਦਿੰਦੇ ਹਨ। ਭਾਈ ਗੁਰਦਾਸ ਦੂਜੇ ਇਸ ਦੇ ਬਾਰੇ ਫੁਰਮਾਨ ਕਰਦੇ ਹਨ -

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ। ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ। ਗੁਰ ਸਿਮਰਿ ਮਨਾਈ ਕਾਲਕਾ ਖੰਡ ਕੀ ਵੇਲਾ॥***
***ਭਾਈ ਗੁਰਦਾਸ ਜੀ***

ਵਾਹਿਗੁਰੂ ਜੀ ਕਾਲ ਦਾ ਵੀ ਕਾਲ ਹੈ, ਉਸਨੂੰ ਮਨਾਇਆ ਤੇ ਦੇਖਿਆ ਕਿ ਹੁਣ ਸ਼ਕਤੀ ਦਾ ਮੌਕਾ ਆ ਗਿਆ ਤੇ ਪਾਹੁਲ ਤਿਆਰ ਕੀਤੀ ਗਈ ਤੇ ਹੁਕਮ ਕੀਤਾ ਗਿਆ -

***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਭਾਈ ਗੁਰਦਾਸ ਜੀ***

ਪਹਿਲਾਂ ਸੰਗਤ ਦੋ ਕਿਸਮ ਦੀ ਸੀ, ਇਕ ਸੰਗਤ ਦਾ ਨਾਉਂ ਖਾਲਸਾ ਸੀ, ਜੋ ਸਿੱਧੇ ਗੁਰੂ ਮਹਾਰਾਜ ਤੋਂ ਨਾਮ ਦੀ ਦਾਤ ਪ੍ਰਾਪਤ ਕਰਦੇ ਸੀ। ਇਕਨਾਂ ਨੂੰ ਗੁਰੂ ਕੇ ਆਖਿਆ ਜਾਂਦਾ ਸੀ ਜਿਹੜੇ ਗੁਰੂ ਦੇ ਨਿਯੁਕਤ ਕੀਤੇ ਹੋਏ ਸਾਧੂ, ਸੰਤਾਂ, ਮਹਾਂਪੁਰਸ਼ਾਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਦੇ ਸੀ। ਸੋ ਗੁਰੂ ਮਹਾਰਾਜ ਨੇ ਦੋਵੇਂ ਚੀਜ਼ਾਂ ਬੰਦ ਕਰਕੇ ਸਾਰਿਆਂ ਨੂੰ ਖਾਲਸਾ ਬਣਾ ਦਿਤਾ ਤੇ ਨਾਲ ਪਾਹੁਲ ਦੀ ਰੀਤ ਚਲਾ ਦਿਤੀ।

***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥***
***ਭਾਈ ਗੁਰਦਾਸ ਜੀ***

ਸੋ ਉਹਦੇ ਬਾਰੇ ਫੁਰਮਾਨ ਰਹਿਤਨਾਮਿਆਂ ਦੇ ਅੰਦਰ ਬਹੁਤ ਤਰੀਕਿਆਂ ਦੇ ਨਾਲ ਗੁਰਸਿੱਖ ਦੀ ਰਹਿਣੀ ਵਾਸਤੇ ਆਉਂਦਾ ਹੈ ਤੇ ਫੁਰਮਾਨ ਕਰਦੇ ਨੇ -

***ਰਹਿਣੀ ਰਹੇ ਸੋਈ ਸਿਖ ਮੇਰਾ।***
***ਓਹੁ ਸਾਹਿਬ ਮੈ ਉਸ ਕਾ ਚੇਰਾ।***
***ਰਹਿਤ ਬਿਨਾਂ ਨਹਿ ਸਿੱਖ ਕਹਾਵੈ।***
***ਰਹਿਤ ਬਿਨਾਂ ਦਰ ਚੋਟਾਂ ਖਾਵੈ।***
***ਰਹਿਤ ਬਿਨਾਂ ਸੁਖ ਕਬਹੂੰ ਨ ਲਹੈ।***

ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ। ਰਹਿਤਨਾਮਾ ਭਾਈ ਦੇਸਾ ਸਿੰਘ ਜੀ

***ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ।***
***ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।***
***ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ,***
***ਤਾਂ ਕੋ ਸਿਰ ਧਰ ਛਕ ਪੁਨ ਲੇਵੈ।***
***ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ***
***ਤਾਂ ਕੋ ਮਨ ਮੇ ਦ੍ਰਿੜ੍ਹ ਕਰ ਰਾਖੈ॥***
***ਰਹਿਤਨਾਮਾ ਭਾਈ ਦੇਸਾ ਸਿੰਘ***

ਰਿਸ਼ਵਤ ਦਾ ਧਨ, ਪੂਜਾ ਦਾ ਧਨ, ਕਿਸੇ ਹੋਰ ਵਿੰਗੇ ਟੇਡੇ ਤਰੀਕੇ ਦੇ ਨਾਲ ਆਇਆ ਧਨ ਮਹਾਰਾਜ ਕਹਿੰਦੇ ਸਿੱਖ ਵਾਸਤੇ ਜਾਇਜ਼ ਨਹੀਂ ਹੈ।

ਭੁੱਲ ਕੇ ਵੀ ਪੂਜਾ ਦਾ ਧਾਨ ਗੁਰਸਿੱਖ ਨਾ ਲਏ,

ਕਿਉਂਕਿ ਭਾਈ ਮਨੀ ਸਿੰਘ ਜੀ ਬਚਨ ਕੀਤਾ ਕਿ ਜਿਹੜੀ ਗੁਰਦੁਆਰੇ ਦੀ ਕਉਡੀ ਹੈ ਸੋ ਬਿਹੁ ਵਰਗੀ ਹੈ, ਉਹ ਕਿਸੇ ਨੂੰ ਨਹੀਂ ਪਚਦੀ। ਉਹ ਅੱਠੇ ਪਹਿਰ ਪ੍ਰਮੇਸ਼ਰ ਦਾ ਭਜਨ ਕਰੇ ਅਤੇ ਭੋਜਨ ਥੋੜ੍ਹਾ ਖਾਵੇ, ਤਾਂ ਉਸਨੂੰ ਪਚਦੀ ਹੈ ਬਹੁਤੀ ਪੂਜਾ ਵਿਹੁ ਹੈਸ਼ ਸੋ ਇਸ ਤਰ੍ਹਾਂ ਦੇ ਨਾਲ ਵਿਚਾਰ ਕਰਦੇ ਸੀ ਕਿ ਜਦੋਂ ਤੱਕ ਗੁਰੂ ਧਾਰ ਕੇ ਉਹਦੀ ਰਹਿਤ ਤੇ ਨਹੀਂ ਚਲਦਾ ਓਨੀਂ ਦੇਰ ਤੱਕ ਗੱਲ ਨਹੀਂ ਬਣਿਆ ਕਰਦੀ। ਸੋ ਉਹਦੇ ਬਾਰੇ ਵਿਚਾਰ ਕੀਤੀ ਜਾ ਰਹੀ ਸੀ ਕਿ ਪਹਿਲਾਂ ਸਤਿਸੰਗੀ ਬਣਦਾ ਹੈ, ਜਿਸਨੂੰ ਗੁਣ ਧਾਰਨੇ ਪੈਂਦੇ ਨੇ, ਸਤਿਸੰਗ ਪ੍ਰੀਤੀ, ਸਾਧੂ ਸੇਵਾ, ਪ੍ਰੇਮ, ਪਦਾਰਥ ਗਿਲਾਨੀ, ਵਾਹਿਗੁਰੂ ਨੂੰ ਪਹਿਲੇ ਨੰਬਰ ਤੇ ਸਮਝਣਾ, ਪਦਾਰਥ ਨੂੰ ਦੂਸਰੇ ਨੰਬਰ ਤੇ ਪ੍ਰਭੂ ਦਾ ਪ੍ਰੇਮ ਸ਼ਰਧਾ, ਕਰਮ ਨਿਸ਼ਕਾਮ ਇਹਦੇ ਨਾਲ ਫਲ ਕੀ ਹੁੰਦਾ ਹੈ ਅੰਤਸ਼ਕਰਣ ਦੀ ਮੈਲ ਲਹਿ ਜਾਇਆ ਕਰਦੀ ਹੈ। ਜਦੋਂ ਸਤਿਸੰਗੀ ਬਣ ਗਿਆ ਫੇਰ ਉਹਦੇ ਮਨ 'ਚ ਜਗਿਆਸਾ ਉਠਦੀ ਹੈ ਕਿ ਵਾਹਿਗੁਰੂ ਨੂੰ ਮਿਲਿਆ ਜਾਵੇ। ਵਾਹਿਗੁਰੂ ਦਾ ਰਸਤਾ ਜਾਣਿਆ ਜਾਵੇ, ਫੇਰ ਉਸਨੂੰ ਜਗਿਆਸੂ ਕਹਿੰਦੇ ਨੇ ਉਹਦੇ ਵਿਚ ਸ਼ਕਤੀ ਹੁੰਦੀ ਹੈ ਇਕ ਤਾਂ ਸਰਵਣ ਦੀ ਧਿਆਨ ਦੇ ਨਾਲ ਸੁਣੇ ਤੇ ਫੇਰ 100% ਮੰਨੇ। ਫੇਰ ਇਹ ਕਹਿਣਾ ਕਿ ਆਤਮਾ ਸੱਚ ਹੈ, ਜਗਤ ਨਹੀਂ ਸੱਚ। ਇਸ ਜਗਤ ਦੇ ਪਦਾਰਥ ਸਬੰਧੀ ਸਭ ਮਿਥਿਆ ਨੇ ਇਹ ਰਹਿਣ ਵਾਲੇ ਨਹੀਂ ਹਨ ਤੇ ਜਗ ਦੀ ਜੋ ਆਸਥਾ ਹੈ ਕਿ ਜਗ ਹੈ ਪੱਕੀ ਹੀ ਚੀਜ਼ ਹੈ, ਉਹਨੂੰ ਤਿਆਗ ਕਰ ਦੇਣਾ। ਆਤਮ ਵਸਤੂ ਦੇ ਵਿਚ ਦ੍ਰਿੜ੍ਹਤਾ ਪੈਦਾ ਕਰਨੀ, ਫਲ ਕੀ ਹੋਏਗਾ, ਸ਼ੰਕੇ ਦੀ ਨਵਿਰਤੀ ਹੋ ਜਾਏਗੀ ਤੇ ਕੋਈ ਵੀ ਸ਼ੰਕਾ ਮਨ ਵਿਚ ਨਹੀਂ ਆਏਗਾ ਤੇ ਜਦੋਂ ਇਹ ਅਵਸਥਾ ਹੋ ਜਾਵੇ ਉਸ ਵੇਲੇ ਸਿੱਖ ਦੀ ਪਦਵੀ ਪ੍ਰਾਪਤ ਹੋਇਆ ਕਰਦੀ ਹੈ। ਸਿੱਖ ਦੇ ਬਾਰੇ ਬੇਨਤੀ ਕੀਤੀ ਗਈ ਹੈ ਤੇ ਉਹਦੇ ਬਾਰੇ ਵਿਚਾਰ ਚੱਲ ਰਹੀ ਸੀ ਕਿ ਕੁਝ ਕਰਮ ਹਨ, ਰਹਿਤਾਂ ਹਨ ਸਿੱਖ ਦੀਆਂ ਜੋ ਬਾਹਰਲੀਆਂ ਰਹਿਤਾਂ ਦੇ ਨਾਲ ਅੰਦਰ ਵੀ ਧਾਰਨ ਕਰਨੀਆਂ ਪੈਂਦੀਆਂ ਹਨ। ਸੁਖਮਨੀ ਸਾਹਿਬ ਪੜ੍ਹ ਲਿਆ ਜਾਵੇ ਉਹਦੇ ਵਿਚ ਬਹੁਤ ਵਿਸਥਾਰ ਦੇ ਨਾਲ ਰਹਿਤਾਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਦਸਵੇਂ ਪਾਤਸ਼ਾਹ ਨੇ 'ਰੇ ਮਨ ਐਸੋ ਕਰ ਸੰਨਿਆਸਾ' ਵਿਚ ਵੀ ਰਹਿਤਾਂ ਦਾ ਜ਼ਿਕਰ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਕਿਸਮ ਦੀ ਰਹਿਤ ਦਾ ਜ਼ਿਕਰ ਬਾਰ-ਬਾਰ ਆਉਂਦਾ ਹੈ। ਕਿਉਂਕਿ ਆਪ ਦਾ ਫੁਰਮਾਨ ਸੀ ਜਿਸ ਵਿਚ ਗੁਰਸਿਖਾਂ ਨੇ ਪੁਛਿਆ ਗੁਰੂ ਪੰਜਵੇਂ ਪਾਤਸ਼ਾਹ ਨੂੰ ਕਿ ਮਹਾਰਾਜ! ਧਰਮ ਕਿਹੜਾ ਸਭ ਤੋਂ ਸ੍ਰੇਸ਼ਟ ਹੈ। ਸਾਰੇ ਹੀ ਕਹਿੰਦੇ ਨੇ, ਜੋ ਜੰਞੂ ਪਹਿਨਦੇ ਹਨ ਉਹ ਕਹਿੰਦੇ ਨੇ ਕਿ ਜਦੋਂ ਤੱਕ ਆਦਮੀ ਜੰਞੂ ਨਹੀਂ ਪਹਿਨਦਾ, ਉਸ ਵੇਲੇ ਤੱਕ ਉਹ ਨਰਕਾਂ ਨੂੰ ਜਾਂਦਾ ਹੈ। ਇਸਲਾਮ ਵਾਲੇ ਕਹਿੰਦੇ ਹਨ ਕਿ ਜਦੋਂ ਤੱਕ ਕਲਮਾਂ ਨਹੀਂ ਲੈਂਦਾ ਉਹਦਾ ਕੋਈ ਵਾਲੀਵਾਰਸ ਨਹੀਂ ਹੁੰਦਾ। ਇਸੇ ਤਰ੍ਹਾਂ ਬੋਧੀ ਤੇ ਜੈਨੀ ਵੀ ਕਹਿੰਦੇ ਨੇ, ਇਵੇਂ ਸੰਨਿਆਸ ਵਾਲੇ ਯੋਗੀ ਕਹਿੰਦੇ ਨੇ, ਸੰਨਿਆਸੀ ਕਹਿੰਦੇ ਨੇ, ਪੈਗੰਬਰ ਕਹਿੰਦੇ ਨੇ, ਕ੍ਰਿਪਾ ਕਰਕੇ ਆਪ ਫੁਰਮਾਨ ਕਰੋ ਕਿ ਸਾਰਿਆਂ ਨਾਲੋਂ ਕਿਹੜਾ ਧਰਮ ਚੰਗਾ ਹੈ। ਜੋ ਧਾਰਨ ਦੇ ਕਾਬਲ ਹੈ। ਮਹਾਰਾਜ ਨੇ ਕਿਹਾ ਕਿ ਧਰਮ ਤਾਂ ਇਕੋ ਚੀਜ਼ ਹੋਇਆ ਕਰਦੀ ਹੈ ਪ੍ਰੇਮੀਓ!

***ਸਰਬ ਧਰਮ ਮਹਿ ਸ੍ਰੇਸਟ ਧਰਮੁ ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥***
***ਅੰਗ - ੨੬੬***

ਨਾਮ ਦਾ ਜਾਪ ਕਰਨਾ ਤੇ ਕਰਮ ਨਿਰਮਲ ਹੋਣੇ ਚਾਹੀਦੇ ਨੇ। ਕਰਮ ਦੇ ਅੰਦਰ ਬੜੀ ਮੈਲ ਹੈ, ਨਿੰਦਿਆ, ਚੁਗਲੀ, ਈਰਖਾ, ਵਖੀਲੀ, ਝੂਠ, ਕਪਟ, ਛਲ, ਚੋਰੀ ਸੋ ਉਹਦੇ ਬਾਰੇ ਵਿਚਾਰ ਕਰਦੇ ਸੀ ਕਿ ਇਹ ਰਹਿਤਾਂ ਨਿਰਮਲ ਕਰਮ ਵਾਸਤੇ ਸਭ ਤੋਂ ਪਹਿਲਾਂ ਅਹਿੰਸਾ, ਪੰਜ ਕਿਸਮ ਦੀ ਅਹਿੰਸਾ ਦੀ ਵਿਚਾਰ ਕੀਤੀ ਸੀ ਉਹ ਜ਼ਰੂਰੀ ਹੈ। ਫੇਰ ਝੂਠ ਦਾ ਤਿਆਗ, ਚੋਰੀ ਦਾ ਤਿਆਗ ਕਿੰਨੇ ਕਿਸਮ ਦੀ ਚੋਰੀ ਹੈ। ਪਰਾਇਆ ਧਨ ਕੱਢ ਲੈਣਾ, ਚਾਹੇ ਰਿਸ਼ਵਤ ਲੈ ਕੇ ਕਰਦਾ ਹੈ, ਚਾਹੇ ਕਿਸੇ ਹੋਰ ਤਰੀਕੇ ਨਾਲ ਸੰਨ ਲਾ ਕੇ ਚੋਰੀ ਕਰਦਾ ਹੈ। ਚਾਹੇ ਕਿਸੇ ਦੀ ਲਿਖੀ ਹੋਈ ਪੁਸਤਕ ਦੇ ਉਤੇ ਆਪਣਾ ਨਾਉਂ ਲਾ ਕੇ, ਚਾਹੇ ਕਿਸੇ ਦੀ ਕਵਿਤਾ ਲਿਖੀ ਹੋਈ ਦਾ ਖਿਆਲ ਲੈ ਕੇ ਆਪਣੀ ਬਣਾ ਕੇ, ਚਾਹੇ ਕਿਸੇ ਦੀ ਹੋਰ ਖਿਆਲ ਦੀ, ਦਵਾਈਆਂ ਆਦਿ। ਉਹ ਸਭ ਚੋਰੀ ਕਹਾਉਂਦੀ ਹੈ ਜੋ ਦੂਸਰੇ ਦੀ ਕਿਰਤ ਨੂੰ ਚੋਰੀ ਕਰ ਲੈਣਾ। ਸੋ ਇਹਦਾ ਤਿਆਗ। ਫੇਰ ਅੰਦਰ ਚੋਰੀ ਹੁੰਦੀ ਹੈ, ਬਾਹਰੋਂ ਬਹੁਤ ਸੋਹਣਾ ਆਦਮੀ ਕਹਾਉਂਦਾ ਹੈ, ਪਰ ਅੰਦਰ ਵਿਕਾਰ ਚਲ ਰਹੇ ਨੇ। ਪ੍ਰਗਟ ਨਹੀਂ ਕਰ ਰਿਹਾ ਸਾਮ੍ਹਣੇ। ਜੇ ਪ੍ਰਗਟ ਕਰ ਦੇਵੇ ਤਾਂ ਸਭ ਦੇ ਅੰਦਰ ਖਿਆਲ ਆਏਗਾ ਕਿ ਇਹ ਤਾਂ ਬੜਾ ਗੰਦਾ ਬੰਦਾ ਹੈ। ਜਦੋਂ ਅੰਦਰੋਂ ਤੇ ਬਾਹਰੋਂ ਇਕ ਹੋ ਜਾਵੇ ਤਾਂ ਉਸਨੂੰ ਸਤਿ ਦਾ ਜੀਵਨ ਕਹਿੰਦੇ ਨੇ। ਕਈ-ਕਈ ਚਿਹਰੇ ਨਹੀਂ ਹੋਇਆ ਕਰਦੇ, ਇਕੋ ਚਿਹਰਾ ਹੋਇਆ ਕਰਦਾ ਹੈ, ਚਾਹੇ ਕੋਈ ਚੰਗਾ ਕਹੀ ਜਾਏ, ਚਾਹੇ ਕੋਈ ਮਾੜਾ ਕਹੀ ਜਾਏ। ਪਰ ਸਤਿ ਦਾ ਜੀਵਨ ਸਤਿ ਦੇ ਉਤੇ ਆਧਾਰਿਤ ਹੁੰਦਾ ਹੈ। ਵਾਹਿਗੁਰੂ ਦੇ ਅਸੂਲਾਂ ਦੇ ਉਤੇ ਆਧਾਰਿਤ ਹੁੰਦਾ ਹੈ, ਪਰ ਅਸਤਿ ਦਾ ਜੋ ਜੀਵਨ ਹੈ ਉਹ ਵਿਸ਼ੇ ਵਿਕਾਰਾਂ ਭੋਗਾਂ ਤੇ ਆਧਾਰਿਤ ਹੁੰਦਾ ਹੈ। ਸੋ ਇਸ ਤੋਂ ਬਾਅਦ ਜਤ ਧਾਰਨੀ। ਸਤਿ ਤੇ ਜਤ ਜੀਵਨ ਦੇ ਦੋ ਪਹਿਲੂ ਨੇ, ਜਿਹੜੇ ਬੜੇ ਹੀ ਜ਼ਰੂਰੀ ਨੇ। ਜਦੋਂ ਅਸੀਂ ਜਤ ਦਾ ਵਿਚਾਰ ਕਰਦੇ ਹਾਂ, ਕਈ ਕਿਸਮ ਦੇ ਵਿਚਾਰ ਸਾਡੇ ਅੰਦਰ ਹੋ ਜਾਂਦੇ ਨੇ। ਮਹਾਰਾਜ ਨੇ ਫੁਰਮਾਨ ਕੀਤਾ ਹੈ -

***ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥***

ਦੂਸਰਾ ਹੈ ਜ਼ੁਬਾਨ ਦਾ ਜਤ। ਜ਼ੁਬਾਨ ਦੇ ਨਾਲ ਝੂਠ ਨਾ ਬੋਲਣਾ, ਅੱਖਾਂ ਦਾ ਜਤ ਹੈ ਅੱਖਾਂ ਦੇ ਨਾਲ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪***

ਕੰਨਾਂ ਦਾ ਜਤ ਹੈ -

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ - ੨੭੪***

ਹੱਥਾਂ ਦਾ ਜਤ ਹੈ ਕਿ ਹੱਥਾਂ ਦੇ ਨਾਲ ਕੋਈ ਬੁਰਾ ਕਰਮ ਨਾ ਕਰੇ। ਮਨ ਦਾ ਜਤ ਹੈ ਕਿ ਮਨ ਦੇ ਵਿਚ ਕੋਈ

ਬੁਰਾ ਖਿਆਲ ਨਾ ਆਉਣ ਦੇਵੋ। ਬੁਧੀ ਦਾ ਜਤ ਹੈ ਕਿ ਕਿਸੇ ਮਾੜੇ ਖਿਆਲਾਂ ਦੀ ਵਿਚਾਰ ਨਾ ਕਰੇ। ਸੋ ਇਸ ਤੋਂ ਅੱਗੇ ਧੀਰਜ ਜ਼ਰੂਰੀ ਹੋਇਆ ਕਰਦਾ ਹੈ। ਇਕ ਕਾਹਲਾ ਹੁੰਦਾ ਹੈ ਇਕ ਧੀਰਜੀ ਹੋਇਆ ਕਰਦਾ ਹੈ। ਕਾਹਲਾ ਜੋ ਪੁਰਸ਼ ਹੋਇਆ ਕਰਦਾ ਹੈ ਉਹ ਬੜਾ ਨੁਕਸਾਨ ਕਰ ਲਿਆ ਕਰਦਾ ਹੈ ਆਪਣਾ। ਹਰ ਵਕਤ ਨੁਕਸਾਨ 'ਚ ਰਹਿੰਦਾ ਹੈ ਕਿਉਂਕਿ ਬੋਲਣ ਵੇਲੇ ਉਸਨੂੰ ਪਤਾ ਨਹੀਂ, ਕੰਟਰੋਲ ਨਹੀਂ ਕੋਈ ਹੈ। ਕੋਈ ਕੰਮ ਕਰਨ ਲੱਗਿਆਂ ਕੋਈ ਕੰਟਰੋਲ ਨਹੀਂ। ਪੈਸਾ ਟਕਾ ਖਰਚਣ ਲੱਗਿਆਂ ਕੋਈ ਕੰਟਰੋਲ ਨਹੀਂ। ਕਾਹਲਾ ਹੈ, ਕਿਉਂਕਿ ਉਹਦੇ ਅੰਦਰ ਕਾਹਲ ਹੈ। ਜ਼ਿੰਦਗੀ ਦੇ ਹਰ ਥਾਂ ਦੇ ਉਤੇ ਧੋਖਾ ਖਾਂਦਾ ਹੈ। ਆਪਣੀ ਕਾਹਲ ਦੀ ਵਜ੍ਹਾ ਦੇ ਨਾਲ। ਕਾਹਲੇ ਆਦਮੀ ਦਾ ਮਨ ਇਕਾਗਰ ਨਹੀਂ ਹੋ ਸਕਦਾ। ਕਿਉਂਕਿ ਕਾਹਲ ਦੇ ਵਿਚ ਫਿਰਦਾ ਹੈ ਤੇ ਉਸਦੇ ਵਿਪਰੀਤ ਧੀਰਜ ਹੈ, ਧੀਰਜਵਾਨ ਜੋ ਪੁਰਸ਼ ਹੋਇਆ ਕਰਦੇ ਨੇ, ਉਹ ਬਹੁਤ ਸਾਰੇ ਸੰਕਟਾਂ ਤੋਂ ਬਚ ਜਾਇਆ ਕਰਦੇ ਨੇ।

ਇਕ ਵਾਰੀ ਐਸੀ ਗੱਲ ਦਸਦੇ ਨੇ ਕਿ ਕੋਈ ਰਾਜਾ ਸੀ, ਕਿਸੇ ਮਹਾਤਮਾ ਦੀ ਸੰਗਤ ਹੋਈ ਉਸਨੂੰ ਇਹ ਕਿਹਾ ਕਿ ਰਾਜਨ! ਕੋਈ ਕੰਮ ਵੀ ਕਾਹਲ 'ਚ ਨਾ ਕਰੀਂ ਪਹਿਲਾਂ ਗੱਲ ਦਾ ਨਿਰਣਾ ਕਰੀਂ, ਫੇਰ ਗੱਲ ਕਰੀਂ। ਇਕ ਵਾਰੀ ਐਸਾ ਹੋਇਆ ਕਿ ਉਸਦਾ ਪੁੱਤਰ ਯੁੱਧ ਵਿਚ ਗਿਆ ਹੋਇਆ ਸੀ, ਜੁਆਨ ਪੁੱਤਰ ਸੀ 18 ਸਾਲ ਦਾ। ਉਹ ਰਾਤ ਨੂੰ ਮਾਂ-ਬਾਪ ਨੂੰ ਮਿਲਣ ਵਾਸਤੇ ਆ ਗਿਆ, ਕਿਉਂਕਿ ਉਸ ਦਿਨ ਕੋਈ ਐਸੀ ਸਕੀਮ ਨਹੀਂ ਸੀ ਕਿ ਅੱਜ ਹਮਲਾ ਕਰਨਾ ਹੈ ਜਾਂ ਕੋਈ ਹੋਰ ਕੰਮ ਕਰਨਾ ਹੈ। ਬੜੀ ਦੇਰ ਤੋਂ ਘਮਸਾਨ ਦੇ ਯੁੱਧ ਹੋ ਰਹੇ ਸੀ, ਹਾਰ ਜਿੱਤ ਕੋਈ ਹੋ ਨਹੀਂ ਸੀ ਰਹੀ ਤੇ ਜਦੋਂ ਮਹਿਲਾਂ 'ਚ ਆਇਆ ਰਾਜਕੁਮਾਰ, ਰਾਜ ਮਹਿਲਾਂ 'ਚ ਚਲਿਆ ਗਿਆ। ਰਾਜਾ ਜੋ ਸੀ ਉਸ ਦਿਨ ਕਿਤੇ ਬਾਹਰ ਗਿਆ ਹੋਇਆ ਸੀ ਤੇ ਉਹ ਚਾਰ-ਪੰਜ ਵਜੇ ਵਾਪਸ ਆਉਂਦਾ ਹੈ। ਰਾਜਕੁਮਾਰ ਆਪਣੀ ਮਾਤਾ ਦੇ ਕੋਲ ਗਿਆ, ਮਾਤਾ ਨੇ ਪਿਆਰ ਕੀਤਾ ਕਹਿਣ ਲੱਗੀ ਬੇਟਾ! ਇਸੇ ਪਲੰਘ ਤੇ ਸੌਂ ਜਾ, ਤੇਰੇ ਪਿਤਾ ਨੇ ਅੱਜ ਦੇਰ ਨਾਲ ਆਉਣਾ ਹੈ। ਸੋ ਉਥੇ ਹੀ ਸੌਂ ਗਿਆ। ਕੱਪੜਾ ਲੈ ਲਿਆ, ਨੀਂਦ ਆ ਗਈ। ਮਾਤਾ ਨੂੰ ਵੀ ਨੀਂਦ ਆਈ ਹੋਈ ਸੀ, ਦੋਵੇਂ ਪਏ ਨੇ। ਜਿਸ ਵਕਤ ਰਾਜਾ ਆਇਆ, ਦਰਵਾਨਾਂ ਨੇ ਨਹੀਂ ਦੱਸਿਆ ਕਿ ਅੰਦਰ ਰਾਜਕੁਮਾਰ ਹੈ। ਜਦ ਆਪਣੇ ਮਹੱਲ ਦੇ ਅੰਦਰ ਬੈਡਰੂਮ 'ਚ ਦਾਖਲ ਹੋਇਆ, ਕੀ ਦੇਖਦਾ ਹੈ ਕਿ ਰਾਣੀ ਵੀ ਸੁੱਤੀ ਪਈ ਹੈ ਤੇ ਕੋਲ ਇਕ ਮਰਦ ਪਿਆ ਹੈ ਸੁੱਤਾ। ਬਹੁਤ ਕ੍ਰੋਧ ਆਇਆ, ਤਲਵਾਰ ਖਿੱਚ ਲਈ ਕਿ ਦੋਹਾਂ ਦਾ ਖਾਤਮਾ ਕਰ ਦੇਵਾਂ। ਸੰਤਾਂ ਦਾ ਬਚਨ ਯਾਦ ਆ ਗਿਆ ਕਿ ਰਾਜਨ! ਪਹਿਲਾਂ ਗੱਲ ਦੀ ਪੜਤਾਲ ਕਰ ਤੇ ਫੇਰ ਉਸ ਤੋਂ ਬਾਅਦ action ਲਈਂ। ਕਹਿਣ ਲੱਗਿਆ ਕੋਈ ਨਹੀਂ, ਪਹਿਰੇ ਨੇ ਲੱਗੇ ਹੋਏ, ਪੜਤਾਲ ਕਰ ਲੈਂਦੇ ਹਾਂ ਕੌਣ ਹੈ? ਤਲਵਾਰ ਮਿਆਨ ਵਿਚ ਪਾ ਲਈ ਤੇ ਉਸ ਤੋਂ ਬਾਅਦ ਰਾਣੀ ਨੂੰ ਜਗਾਇਆ, ਕੌਣ ਪਿਆ। ਕਹਿਣ ਲੱਗੀ ਤੇਰੀ ਲੜਕਾ ਹੈ, ਰਾਤ ਆਇਆ ਸੀ, ਤੁਸੀਂ ਅੱਜ ਆਉਣਾ ਨਹੀਂ ਸੀ, ਸੋ ਇਥੇ ਹੀ ਸੌਂ ਗਿਆ, ਬੜੀ ਦੇਰ ਤੱਕ ਅਸੀਂ ਗੱਲਾਂ ਕਰਦੇ ਰਹੇ, ਸੋ ਇਹਨੇ ਅੰਮ੍ਰਿਤ ਵੇਲੇ ਹੀ ਵਾਪਸ ਜਾਣਾ ਸੀ, ਮੈਂ ਇਹਨੂੰ ਕਿਹਾ ਕਿ ਜਦੋਂ ਵੀ ਆਉਣਗੇ, ਤੂੰ ਇਥੇ ਹੀ ਪੈ ਜਾ, ਇਥੋਂ ਹੀ ਮਿਲ ਕੇ ਚਲਿਆ ਜਾਈਂ। ਸੋ ਰਾਜਕੁਮਾਰ ਨੂੰ ਜਗਾਇਆ। ਜੇ ਕਾਹਲ ਪਾਉਂਦਾ ਕਿੱਡਾ ਨੁਕਸਾਨ ਕਰ ਲੈਂਦਾ, ਰਾਣੀ ਵੀ ਮਾਰ ਦੇਣੀ ਸੀ ਤੇ ਆਪਣਾ ਪੁੱਤਰ ਵੀ ਮਾਰ ਦੇਣਾ ਸੀ। ਸੋ ਇਸੇ ਤਰ੍ਹਾਂ ਧੀਰਜ ਜੋ ਹੈ ਬਹੁਤ ਭਾਰਾ ਗੁਣ ਹੁੰਦਾ ਹੈ, ਧੀਰਜੀ ਪੁਰਸ਼ ਹਰ ਥਾਂ ਦੇ ਉਤੇ ਜਿੱਤ ਹਾਸਲ ਕਰਿਆ ਕਰਦਾ ਹੈ।

ਸੋ ਉਸ ਤੋਂ ਅੱਗੇ ਹੁੰਦਾ ਹੈ ਕਿ ਹਿਰਦੇ 'ਚ ਖਿਮਾ ਧਾਰਨੀ ਚਾਹੀਦੀ ਹੈ। ਖਿਮਾ ਦਾ ਬਹੁਤ ਵੱਡਾ ਗੁਣ ਹੋਇਆ ਕਰਦਾ ਹੈ, ਮਹਾਰਾਜਾ ਰਣਜੀਤ ਸਿੰਘ ਜਾ ਰਹੇ ਨੇ ਤੇ ਬੱਚੇ ਬੇਰ ਝਾੜਦੇ ਨੇ, ਇਕ ਬੱਚੇ ਨੇ ਇੱਟ ਮਾਰੀ ਤੇ ਮਹਾਰਾਜ ਰਣਜੀਤ ਸਿੰਘ ਦੇ ਮੋਢੇ ਤੇ ਲੱਗੀ। ਅੰਗ ਰਖਿਅਕ ਨੱਠ ਕੇ ਗਏ, ਜਾ ਕੇ ਛੋਟੇ ਜਿਹੇ ਬੱਚੇ ਨੂੰ ਫੜ ਲਿਆਏ। ਬਾਹਾਂ ਨੂੰ ਵਟੇ ਦਿਤੇ ਹੋਏ ਨੇ ਤੇ ਧੱਕੀਂ ਆਉਂਦੇ ਨੇ ਕਿ ਕੀ ਗੱਲ ਤੁਸੀਂ ਬੱਚੇ ਨੂੰ ਕਿਉਂ ਮਾਰਿਆ। ਕਹਿਣ ਲੱਗੇ ਕਿ ਮਹਾਰਾਜ! ਇਹਨੇ ਇੱਟ ਮਾਰੀ ਹੈ। ਪੁਛਿਆ ਕਿ ਕਿਉਂ ਬੇਟਾ ਤੂੰ ਇੱਟ ਮਾਰੀ ਹੈ ਕਹਿੰਦੇ ਹਾਂ।

ਮੇਰੇ ਮਾਰੀ ਹੈ?

ਕਹਿੰਦਾ, ਨਹੀਂ ਮਹਾਰਾਜ! ਮੈਂ ਤਾਂ ਬੇਰੀ ਦੇ ਮਾਰੀ ਸੀ।

ਕਿਉਂ ਮਾਰੀ ਸੀ?

ਕਹਿਣ ਲੱਗਿਆ ਕਿ ਅਸੀਂ ਇੱਟ ਮਾਰਦੇ ਹਾਂ ਪੰਜ ਸੱਤ ਬੇਰ ਝੜ ਜਾਂਦੇ ਨੇ। ਉਹ ਅਸੀਂ ਖਾ ਲੈਂਦੇ ਹਾਂ, ਬੱਚੇ ਹਾਂ ਬੇਰੀ ਤੇ ਚੜ੍ਹ ਨਹੀਂ ਹੁੰਦਾ, ਹਲੂਣਾ ਸਾਡੇ ਤੋਂ ਦੇ ਨਹੀਂ ਹੁੰਦਾ। ਕਹਿੰਦੇ, ਬੇਰੀ ਇੱਟ ਮਾਰਨ ਤੇ ਪੰਜ ਸੱਤ ਬੇਰ ਦਿੰਦੀ ਹੈ, ਰਾਜੇ ਨੂੰ ਕੀ ਦੇਣਾ ਚਾਹੀਦਾ ਹੈ। ਉਸੇ ਵੇਲੇ ਰੈਵੀਨਿਊ ਆਫੀਸਰ ਨਾਲ ਸੀ ਕਹਿਣ ਲੱਗੀ, ਬੁੱਢਣਵਾਲ ਤੇ ਇਕ ਹੋਰ ਪਿੰਡ ਇਹ ਬੱਚੇ ਦੇ ਨਾਉਂ ਲਿਖ ਦਿਓ। ਕਹਿੰਦੇ, ਬੇਟਾ! ਫੇਰ ਨਾ ਮਾਰੀਂ, ਜਾਣ ਕੇ ਨਾ ਮਾਰੀਂ।

ਕਿੰਨੀ ਵੱਡੀ ਖਿਮਾ ਮਨ ਦੇ ਅੰਦਰ। ਸੋ ਇਹ ਇਕ ਵੱਡਾ ਗੁਣ ਹੋਇਆ ਕਰਦਾ ਹੈ ਉਸ ਤੋਂ ਅੱਗੇ ਦਇਆ ਹੋਇਆ ਕਰਦੀ ਹੈ। ਦਇਆ ਜੋ ਹੈ ਉਹ ਧਰਮ ਦੀ ਮਾਂ ਹੋਇਆ ਕਰਦੀ ਹੈ। ਖਿਮਾ ਧਰਮ ਦੀ ਧੀ ਹੋਇਆ ਕਰਦੀ ਹੈ। 'ਧੌਲ ਧਰਮ ਦਇਆ ਕਾ ਪੂਤ।' ਸੋ ਵੱਡੀਆਂ-ਵੱਡੀਆਂ ਮਿਸਾਲਾਂ ਨੇ ਜਿੱਥੇ ਦਇਆ ਕੀਤੀ ਤੇ ਪ੍ਰਮੇਸ਼ਰ ਪ੍ਰਸੰਨ ਹੋ ਗਿਆ।

ਇਕ ਸੁਬਕਤਦੀਨ ਨਾਮ ਦਾ ਰਾਜਾ ਹੋਇਆ ਹੈ ਖਾਨਦਾਨ ਗੁਲਾਮਾਂ ਦਾ। ਉਹ ਸ਼ਿਕਾਰ ਗਿਆ ਉਸਨੇ ਹਿਰਨੀ ਦਾ ਬੱਚਾ ਜੀਉਂਦਾ ਫੜ ਲਿਆ। ਉਹ ਲਿਖਦਾ ਹੈ ਆਪਣੀ ਸ਼ਾਨ-ਏ-ਉਮਰੀ 'ਚ ਬਾਈਓਗਰਾਫੀ 'ਚ ਕਿ ਜਦੋਂ ਮੈਂ ਛੇ ਮੀਲ ਆ ਗਿਆ, ਉਹ ਹਿਰਨੀ ਮੇਰੇ ਪਿੱਛੇ-ਪਿੱਛੇ ਆਉਂਦੀ ਹੈ, ਜਿੱਥੇ ਮੈਂ ਖੜ੍ਹ ਜਾਵਾਂ ਉਥੇ ਉਹ ਖੜ੍ਹ ਜਾਵੇ, ਅਖੀਰ ਮੇਰੇ ਮਨ 'ਚ ਆਇਆ ਕਿ ਮਾਂ ਹੈ ਇਹ, ਬੱਚੇ ਦੀ ਮਮਤਾ

'ਚ ਤੁਰੀ ਆਉਂਦੀ ਹੈ, ਮੈਨੂੰ ਆਪਣਾ ਬੱਚਾ ਯਾਦ ਆ ਗਿਆ, ਆਪਣੀ ਘਰਵਾਲੀ ਯਾਦ ਆ ਗਈ, ਬੱਚੇ ਨੂੰ ਮੈਂ ਪਲੋਸਿਆ, ਰੱਸੇ ਖੋਲ੍ਹ ਦਿਤੇ, ਘੋੜੇ ਦੇ ਹੰਨੇ ਤੋਂ ਛੱਡ ਦਿਤਾ। ਮਾਂ ਨੂੰ ਮਿਲਿਆ ਜਾ ਕੇ, ਮਾਂ ਨੇ ਸੁੰਘਿਆ, ਉਪਰ ਨੂੰ ਮੂੰਹ ਕਰਿਆ ਜਿਵੇਂ ਖੁਦਾਵੰਦ ਤਾਲਾ ਦੇ ਵਾਰ-ਏ-ਗਾਹ ਖੁਦਾ ਦੇ ਵਿਚ ਦੁਆ ਕਰ ਰਹੀ ਹੈ। ਰਾਤ ਨੂੰ ਮੈਨੂੰ ਸੁਪਨਾ ਆਇਆ, ਫਰਸ਼ਿਤੇ ਆਏ ਕਹਿੰਦੇ ਸੁਬਕਤਦੀਨ ਤੂੰ ਅੱਜ ਇਕ ਦਇਆ ਦਾ ਕੰਮ ਕਰਿਆ ਹੈ। ਉਸੇ ਦੇ ਬਦਲੇ ਤੈਨੂੰ ਹਿੰਦੋਸਤਾਨ ਦੀ ਬਾਦਸ਼ਾਹੀ ਬਖਸ਼ ਦਿਤੀ। ਕਹਿਣ ਲੱਗਿਆ, ਬਾਦਸ਼ਾਹੀ ਮੈਨੂੰ ਅੱਲਾਹ ਤਾਲਾ ਦੀ ਮਿਹਰ ਦੇ ਸਦਕੇ ਪ੍ਰਾਪਤ ਹੋਈ ਹੈ ਕਿਉਂਕਿ ਇਕ ਜੀਵ ਦੇ ਉਤੇ ਮੈਂ ਦਇਆ ਕੀਤੀ ਸੀ। ਸੋ ਮਹਾਰਾਜ ਦਾ ਫੁਰਮਾਨ ਹੈ -

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*

*ਅੰਗ - ੧੩੬*

68 ਤੀਰਥਾਂ ਦਾ ਪੁੰਨ ਮਿਲ ਜਾਏਗਾ ਇਕ ਜੀਵ ਉਤੇ ਦਇਆ ਕਰਨ ਦੇ ਨਾਲ। ਸੋ ਇਹ ਦਇਆ ਦਾ ਜਜ਼ਬਾ ਜਦੋਂ ਤੱਕ ਨਹੀਂ ਆਉਂਦਾ ਉਦੋਂ ਤੱਕ ਆਦਮੀ ਹਿੰਸਕ ਰਹਿੰਦਾ ਹੈ। ਇਸ ਤੋਂ ਅੱਗੇ ਹੋਇਆ ਕਰਦੀ ਹੈ ਕੋਮਲਤਾ। ਦਿਲੋਂ ਵੀ ਕੋਮਲ ਮੁਖ ਦੇ ਬਚਨ ਵੀ ਕੋਮਲ, ਵਰਤਾਵਾ ਵੀ ਕੋਮਲ। ਫੇਰ ਉਸ ਤੋਂ ਅੱਗੇ ਹੋਇਆ ਕਰਦੀ ਹੈ ਜੀਵਨ ਦੇ ਅੰਦਰ ਮਰਿਆਦਾ, ਸੰਜਮ ਜਿਸਨੂੰ ਆਖਦੇ ਨੇ। ਆਪ-ਹੁਦਰਾ ਜੀਵਨ ਨਾ ਹੋਵੇ, ਹਰ ਗੱਲ ਵਿਚ ਮਰਿਆਦਾ ਹੋਵੇ, 'ਅਲਪ ਆਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤ' ਖਾਣਾ ਵੀ ਥੋੜ੍ਹਾ, ਸੌਣਾ ਵੀ ਹਿਸਾਬ ਦਾ, ਬੋਲਣਾ ਵੀ ਹਿਸਾਬ ਦਾ, ਚੁੱਪ ਕਰਨਾ ਵੀ ਹਿਸਾਬ ਦਾ, ਸਾਰੀ ਜੀਵਨ ਦੀ ਜਿੰਨੀ ਵਰਤੋਂ ਹੈ ਸਾਰੀ ਮਰਿਆਦਾ ਦੇ ਅੰਦਰ ਹੋਵੇ, ਬੇ-ਮਰਿਆਦਾ ਨਾ ਹੋਵੇ, ਆਪ-ਹੁਦਰਾਪਨ ਨਾ ਹੋਵੇ, ਸੋ ਇਸ ਤੋਂ ਬਾਅਦ ਪਵਿਤਰਤਾ ਹੋਇਆ ਕਰਦੀ ਹੈ, ਪਵਿੱਤਰਤਾ ਦੇ ਅੰਦਰ ਘਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਤਨ ਦੀ ਪਵਿੱਤਰਤਾ, ਇਸ਼ਨਾਨ ਕਰਕੇ ਬਚਨ ਦੀ ਪਵਿੱਤਰਤਾ, ਮਿੱਠਾ ਬੋਲ ਕੇ, ਰਸਨਾ ਦੀ ਪਵਿੱਤਰਤਾ, ਬੰਦਗੀ ਕਰਕੇ ਨਾਮ ਜਪ ਕੇ, ਬਾਣੀ ਪੜ੍ਹ ਕੇ। ਮਨ ਦੀ ਪਵਿੱਤਰਤਾ, ਮਨ ਦੇ ਨਾਲ ਸਰਬੱਤ ਦਾ ਭਲਾ ਮੰਨ ਕੇ। ਬੁੱਧੀ ਦੀ ਪਵਿੱਤਰਤਾ, ਬੁੱਧੀ ਦੇ ਨਾਲ ਨੇਕ ਕੰਮ ਚਿਤਵ ਕੇ ਪਰਉਪਕਾਰ ਦੇ ਕੰਮ ਚਿਤਵਣੇ। ਚਿੱਤ ਦੀ ਪਵਿੱਤਰਤਾ, ਚਿੱਤ ਦੇ ਅੰਦਰ ਹਰੀ ਦਾ ਜਸ ਸਮਾਉਣ ਦੇ ਨਾਲ, ਚਿੱਤ ਦੀ ਪਵਿੱਤਰਤਾ ਤੇ ਮੈਂ ਦੀ ਪਵਿੱਤਰਤਾ, ਨਿਰਮਲ ਕਰਮਾਂ ਦੇ ਨਾਲ। ਸੋ ਇਸ ਤਰ੍ਹਾਂ ਇਹ ਚੀਜ਼ਾਂ ਕੋਈ 11 ਹੋਇਆ ਕਰਦੀਆਂ ਨੇ। ਉਸ ਤੋਂ ਬਾਅਦ ਹੋਇਆ ਕਰਦੀਆਂ ਨੇ ਕੁਝ ਚੀਜ਼ਾਂ ਉਨ੍ਹਾਂ ਨੂੰ ਕਹਿੰਦੇ ਨੇ ਪਹਿਲਾ ਸੰਤੋਖ ਹੋਇਆ ਕਰਦਾ ਹੈ, ਯਥਾਲਾਭ ਸੰਤੁਸ਼ਟੇ' ਮਿਹਨਤ ਕਰੋ ਜੀਅ ਭਰ ਕੇ। ਜੋ ਕੁਛ ਪ੍ਰਾਪਤ ਹੋ ਗਿਆ ਉਸ ਉਤੇ ਸੰਤੁਸ਼ਟ ਰਹਿਣਾ। ਫੇਰ ਆਸਤਕਾਂ ਹੋਇਆ ਕਰਦੀ ਹੈ, ਨਾਸਤਕ ਖਿਆਲ ਨਹੀਂ ਹੁੰਦੇ। ਮਹਾਂਪੁਰਸ਼ਾਂ ਨੂੰ ਗੁਰੂ ਨੇ ਜੋ ਬਚਨ ਕਹੇ ਨੇ, ਇਨ੍ਹਾਂ ਨੂੰ ਵੇਦ ਵਾਕ ਸਮਝ ਕੇ ਰੱਬ ਦੇ ਵਾਕ ਸਮਝ ਕੇ, ਇਨ੍ਹਾਂ ਦੇ ਉਤੇ ਪੂਰੀ ਤਰ੍ਹਾਂ ਦੇ ਨਾਲ ਪਹਿਰਾ ਦੇਣਾ ਤੇ ਆਪਣੀ ਮਨ ਮਤ ਧਾਰਨ ਕਰਕੇ, reject ਨਾ ਕਰਨੇ, ਕੁਛ ਕੋਈ ਲਿਖੀ ਜਾਵੇ ਤੇ ਸਭ ਤੋਂ ਉਤਮ ਗੁਰੂ ਦੀ ਮਤ ਨੂੰ ਸਮਝਣਾ ਤੇ ਉਹਦੇ ਉਤੇ ਆਸਤਕ ਭਾਵਨਾ ਲਿਆਉਣੀ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ, ਫੇਰ ਦਾਨ ਹੋਇਆ ਕਰਦਾ ਹੈ। ਸਰੀਰਕ ਦਾਨ - ਦੂਸਰੇ ਦੀ ਮਦਦ ਕਰਨੀ, ਸੇਵਾ ਕਰਨੀ। ਮਾਇਆ ਦਾ ਦਾਨ - ਆਪਣੀ ਕਮਾਈ ਦੇ ਵਿਚੋਂ, ਬੱਚਤ ਵਿਚੋਂ ਦਸਵੰਧ ਦੇਣਾ। ਦੇਣਾ ਕਿੱਥੇ, 'ਖੇਤੁ ਪਛਾਣ ਬੀਜੇ ਦਾਨੁ'। ਉਥੇ ਦੇਣਾ ਜਿੱਥੇ ਫਲੀਭੂਤ ਹੁੰਦਾ ਹੈ। ਉਥੇ ਨਾ ਦੇਣਾ ਜਿੱਥੇ ਤਮੋ ਗੁਣ ਤੇ ਰਜੋ ਗੁਣ ਚਲਦੇ ਹੋਣ। ਜਿੱਥੇ ਆਪਣੇ ਵਾਸਤੇ ਖਾਧਾ ਪੀਤਾ ਜਾ ਰਿਹਾ ਹੈ, ਜਿਸ purpose ਕੋਈ ਨਹੀਂ ਹਾਸਲ ਹੋ ਰਿਹਾ। ਸੋ ਇਸ ਤੋਂ ਬਾਅਦ ਜ਼ੁਬਾਨ ਦਾ ਦਾਨ - ਮਿੱਠੇ ਬਚਨ ਕਰਨੇ। ਦੂਜੇ ਨੂੰ ਧੀਰਜ ਦੇਣੀ ਦਿਲਾਸਾ ਦੇਣਾ। ਮਨ ਦਾ ਦਾਨ, ਮਨ ਦੇ ਨਾਲ ਦੂਸਰੇ ਦਾ ਭਲਾ ਹੀ ਚਿਤਵਦੇ ਰਹਿਣਾ, ਬੁੱਧੀ ਦੇ ਨਾਲ ਉਸਦੇ ਸੰਕਟ ਦੂਰ ਕਰਨੇ। ਆਤਮ ਦਾਨ ਸੰਤ ਕਰਦੇ ਨੇ।

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

ਆਪਣੀ ਸ਼ਕਤੀ ਦੇ ਨਾਲ ਦੂਸਰੇ ਦਾ ਕਾਂਟਾ ਬਦਲ ਦੇਣਾ, ਨਰਕਾਂ ਨੂੰ ਜਾਂਦੇ-ਜਾਂਦੇ ਦਾ ਬੈਕੁੰਠ ਧਾਮ ਵਲ ਨੂੰ ਮੂੰਹ ਕਰ ਦੇਣਾ, ਸੱਚਖੰਡ ਵਲ। ਫੇਰ ਆਪਣੀ ਸ਼ਕਤੀ ਦੇ ਨਾਲ ਉਸ ਦਾ ਨਾਮ ਚਲਾਉਣਾ। ਉਸਨੂੰ ਨੇਕੀ ਵਿਚ ਪ੍ਰਵਿਰਤ ਕਰਨਾ। ਫੇਰ ਪੂਜਾ ਹੋਇਆ ਕਰਦੀ ਹੈ ਉਪਾਸਨਾ। ਉਪਾਸਨਾ ਗੁਰੂ ਦਾ ਧਿਆਨ। ਗੁਰੂ ਦੀ ਧਿਆਨ ਵਿਚ ਉਪਾਸਨਾ, ਬਾਹਰ ਉਪਾਸਨਾ। ਬਾਹਰੀ ਉਪਾਸਨਾ ਹੋਇਆ ਕਰਦੀ ਹੈ ਇਕ ਮਾਨਸਿਕ ਉਪਾਸਨਾ ਹੋਇਆ ਕਰਦੀ ਹੈ। ਮਹਾਂਪੁਰਸ਼ਾਂ ਤੋਂ ਇਹਦੀ ਜੁਗਤੀ ਦਾ ਪਤਾ ਲਗ ਜਾਂਦਾ ਹੈ ਕਿ ਕਿਸ ਤਰ੍ਹਾਂ ਦੇ ਨਾਲ ਉਪਾਸਨਾ ਕਰਨੀ ਚਾਹੀਦੀ ਹੈ। ਜਿਸ ਨੇ ਵੀ ਕੀਤੀ ਹੈ ਵੱਡੀਆਂ-ਵੱਡੀਆਂ ਪਦਵੀਆਂ ਪ੍ਰਾਪਤ ਕੀਤੀਆਂ ਨੇ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਧਿਆਨ ਧਰਨਾ ਤਾਂ ਇਕ ਬੁੱਤ ਪ੍ਰਸਤੀ ਹੈ, ਬੁੱਤ ਤਾਂ ਭਾਈ ਸਾਰੇ ਹੀ ਨੇ। ਸਾਰਾ ਦਿਨ ਬੁੱਤ ਪ੍ਰਸਤੀ ਕਰਦਾ ਹੈਂ, ਕਦੇ ਪੈਸਾ ਤੈਨੂੰ ਯਾਦ ਆਉਂਦਾ ਹੈ, ਕਦੇ ਘਰ ਯਾਦ ਆਉਂਦਾ ਹੈ, ਕਦੇ ਬੱਚੇ ਯਾਦ ਆਉਂਦੇ ਨੇ, ਕਦੇ ਪਤਨੀ ਯਾਦ ਆਉਂਦੀ ਹੈ, ਕਦੇ ਪਿਤਾ ਆਉਂਦਾ ਹੈ, ਕਦੇ ਮਾਤਾ ਆਉਂਦੀ ਹੈ। ਜੇ ਸਾਰਿਆਂ ਨੂੰ ਛੱਡ ਕੇ ਗੁਰੂ ਦੀ ਯਾਦ ਪੱਕੀ ਕਰ ਲਵੇਂ, ਤਾਂ ਕੁਛ ਤਰੱਕੀ ਹੋ ਸਕਦੀ ਹੈ ਕਿਉਂਕਿ ਗੁਰੂ ਜਿਹੜਾ ਹੈ ਉਹ ਕਿਤੇ ਜਾਂਦਾ ਨਹੀਂ, ਹਾਜ਼ਰ ਨਾਜ਼ਰ ਹੈ।

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥*

*ਅੰਗ - ੩੯੪*

*ਅਕਾਲ ਮੂਰਤਿ ਹੈ ਸਾਧ ਸੰਤਨ ਕੀ*
*ਠਾਹਰ ਨੀਕੀ ਧਿਆਨ ਕਉ ॥*

*ਅੰਗ - ੧੨੦੮*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ - ੮੬੪*

ਸੋ ਉਪਾਸਨਾ ਹੋਇਆ ਕਰਦੀ ਹੈ, ਫਲ ਕਿੰਨਾ ਹੁੰਦਾ ਹੈ –

ਇਕ ਵਾਰੀ ਭਾਈ ਗੋਂਦਾ ਜੀ ਗੁਰੂ ਸਤਵੇਂ ਪਾਤਸ਼ਾਹ ਵੇਲੇ ਅੰਮ੍ਰਿਤ ਵੇਲੇ ਉਠਿਆ, ਕਾਬਲ ਕੰਧਾਰ ਦੇ ਅੰਦਰ। ਇਸ਼ਨਾਨ ਕਰਕੇ ਇਕਾਂਤ ਥਾਂ ਤੇ ਬੈਠ ਗਿਆ। ਲਿਵ ਲੱਗ ਗਈ, ਗੁਰੂ ਸਤਵੇਂ ਪਾਤਸ਼ਾਹ ਦੇ ਚਰਨਾਂ ਦਾ ਧਿਆਨ ਧਰ ਕੇ, ਨਿਮਰਤਾ ਦੇ ਨਾਲ ਚਰਨ ਫੜ ਲਏ। ਇਧਰ ਗੁਰੂ ਮਹਾਰਾਜ ਗੁਰੂ ਸਤਵੇਂ ਪਾਤਸ਼ਾਹ ਕੀਰਤਪੁਰ ਸਾਹਿਬ ਬੈਠੇ ਨੇ। ਅੱਜ ਦੀਵਾਨ ਦੀ ਸਮਾਪਤੀ ਹੋਈ ਆਪ ਉਠੇ, ਸਮਾਂ ਲੰਘਦਾ ਗਿਆ, ਚਾਰ ਵੱਜ ਗਏ। ਸੰਗਤ ਨੇ ਪ੍ਰਸ਼ਾਦਾ ਨਹੀਂ ਛਕਿਆ, ਲੰਗਰ ਨਹੀਂ ਵਰਤਿਆ। ਚਾਰ ਵਜੇ ਮਹਾਰਾਜ ਨੇ ਨੇਤਰ ਖੋਲ੍ਹ ਕੇ ਕਿਹਾ ਕਿ ਧੰਨ ਸਿੱਖੀ-ਧੰਨ ਸਿੱਖੀ-ਧੰਨ ਸਿੱਖੀ। ਪੁੱਛਿਆ, ਮਹਾਰਾਜ! ਕੀ ਗੱਲ? ਕਹਿਣ ਲੱਗੇ, ਭਾਈ ਗੁਰਮੁਖੋ! ਭਾਈ ਗੋਂਦੇ ਨੇ ਅੱਜ ਐਸੇ ਚਰਨ ਫੜੇ, ਐਸਾ ਜੱਫਾ ਮਾਰਿਆ ਕਿ ਅਸੀਂ ਚਰਨ ਨਾ ਹਿਲਾਏ ਕਿ ਉਹਨੂੰ ਕਿਤੇ ਤਕਲੀਫ ਨਾ ਹੋਵੇ। ਵਿਸਾਖੀ ਦੇ ਦੀਵਾਨ ਦੇ ਉਤੇ ਸੰਗਤ ਦੇ ਨਾਲ ਭਾਈ ਗੋਂਦਾ ਵੀ ਆਇਆ, ਗੁਰਸਿੱਖਾਂ ਨੇ ਪੁਛਿਆ ਕਿ ਕੋਈ ਦਿਨ ਐਸਾ ਵੀ ਹੈ ਫਲਾਣੇ ਦਿਨ, ਫਲਾਣੇ ਵੇਲੇ ਭਾਈ ਗੋਂਦਾ ਬੈਠਾ ਰਿਹਾ ਹੋਵੇ। ਕਹਿੰਦੇ, ਹਾਂ ਜੀ! ਉਸ ਦਿਨ ਚਾਰ ਵਜੇ ਤੱਕ ਬੈਠੇ ਰਹੇ। ਸੋ ਇਹ ਧਿਆਨ ਸ਼ਕਤੀ ਦੇ ਨਾਲ ਗੁਰੂ ਦੇ ਨਾਲ ਸਬੰਧ ਜੁੜ ਜਾਂਦਾ ਹੈ।

ਕੱਛੂ ਜੋ ਹੈ ਆਂਡੇ ਬਾਹਰ ਦਿੰਦਾ ਹੈ, ਰਹਿੰਦਾ ਪਾਣੀ 'ਚ ਹੈ। ਧਿਆਨ ਸ਼ਕਤੀ ਦੇ ਨਾਲ ਪਾਲਦਾ ਹੈ। ਕੂੰਜ ਜੋ ਹੈ ਆਂਡੇ ਦੇ ਆਉਂਦੀ ਹੈ ਤੇ ਸਿਮਰਨ ਸ਼ਕਤੀ ਦੇ ਨਾਲ ਪਾਲਦੀ ਹੈ, ਯਾਦ ਸ਼ਕਤੀ ਦੇ ਨਾਲ। ਸੋ ਇਹ ਧਿਆਨ ਕਹਾਉਂਦਾ ਹੈ ਉਪਾਸ਼ਨਾ ਕਹਾਉਂਦੀ ਹੈ। ਚਾਰ ਕਿਸਮ ਦੀ ਉਪਾਸਨਾ ਹੁੰਦੀ ਹੈ, ਸਾਕਾਰ ਦੀ ਉਪਾਸਨਾ, ਸ਼ਬਦ ਦੀ ਉਪਾਸਨਾ, ਜੋਤੀ ਦੀ ਉਪਾਸਨਾ ਤੇ ਨਿਰਾਕਾਰ ਵਾਹਿਗੁਰੂ ਪਰੀਪੂਰਨ ਦੀ ਉਪਾਸਨਾ। ਉਹਨੂੰ ਧਿਆਨ ਨਹੀਂ ਕਹਿੰਦੇ ਉਹ ਗਿਆਨ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਨਿਤ ਕਰਮ ਕਰਨੇ। ਜੋ ਨਿਤਨੇਮ ਕਰਨਾ ਹੈ, ਪੰਜ ਬਾਣੀਆਂ ਦਾ, ਗਾਇਤ੍ਰੀ ਦਾ, ਪੰਜ ਨਮਾਜ਼ਾਂ ਦਾ ਉਹ ਕਰਨਾ ਹੀ ਜ਼ਰੂਰੀ ਹੈ ਚਾਹੇ ਕਿੱਡੀਓ ਅਵਸਥਾ ਤੇ ਕਿਉਂ ਨਾ ਪਹੁੰਚ ਜਾਵੇ। ਸੋ ਇਹ ਅਤਿ ਜ਼ਰੂਰੀ ਹੋਇਆ ਕਰਦਾ ਹੈ, ਇਸ ਤੋਂ ਅੱਗੇ ਹੋਇਆ ਕਰਦਾ ਹੈ ਕਿ ਪਾਖੰਡ ਨਹੀਂ ਕਰਨਾ ਕਿਸੇ ਤਰ੍ਹਾਂ ਦਾ ਵੀ। ਅੰਦਰੋਂ ਹੋਰ ਤੇ ਬਾਹਰੋਂ ਹੋਰ ਤੇ ਮਹਾਰਾਜ ਕਹਿੰਦੇ ਸਜ਼ਾ ਮਿਲਦੀ ਹੈ।

***ਭੇਖ ਦਿਖਇਓ ਜਗਤ ਕੋ ਲੋਗਨ ਕੋ ਵਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

ਭੇਖ ਦਿਖਾ ਕੇ ਭੇਖ ਦੇ ਬਲ ਨਾਲ। ਕਿਉਂਕਿ ਭੇਖ 'ਚ ਸ਼ਕਤੀ ਹੁੰਦੀ ਹੈ 50% ਅਉਗੁਣ ਇਕੱਲੇ ਭੇਖ ਦੇ ਹੇਠਾਂ ਲੁਕ ਜਾਂਦੇ ਨੇ। ਜੇ 25% ਵੀ ਉਹਨੂੰ ਬੋਲਣਾ ਚਲਣਾ ਆਉਂਦਾ ਹੈ ਤਾਂ ਵੀ 75% ਉਹਦੇ 'ਚ ਗੁਣ ਆ ਗਏ ਤੇ ਸੰਸਾਰ ਵਸ ਹੋ ਜਾਂਦਾ ਹੈ। ਐਸੇ ਆਡੰਬਰ ਰਚਣੇ, ਜਿਹਦੇ ਨਾਲ ਦੂਸਰਿਆਂ ਦੀ ਕਮਾਈ ਆਪਣੇ ਹੱਥ ਵਿਚ ਆ ਜਾਏ। ਸੋ ਇਹ ਆਡੰਬਰ ਤੇ ਪਾਖੰਡ ਤੇ ਪ੍ਰਭਤਾ ਇਨ੍ਹਾਂ ਦਾ ਤਿਆਗ ਕਰਨਾ ਚਾਹੀਦਾ ਹੈ ਕਿ ਲੋਕ ਮੈਨੂੰ ਚੰਗਾ ਕਹਿਣ। ਮੈਂ ਐਸੇ ਕੰਮ ਕਰਾਂ ਕਿ ਮੇਰਾ ਜਸ ਹੋਵੇ। ਮਹਾਰਾਜ! ਕਹਿੰਦੇ ਤੂੰ ਮਾੜੇ ਕੰਮ ਕਰਦਾ ਹੈਂ। ਇਹ ਮਾਨ ਦੇ ਵਿਚੋਂ ਤਾਂ ਅਸੀਂ ਤੈਨੂੰ ਕੱਢਣਾ ਹੈ। ਤੂੰ ਮਾਇਆ ਛੱਡ ਕੇ ਸਾਧੂ ਬਣ ਗਿਆ ਤੇ ਮਾਣ ਛੱਡਿਆ ਨਹੀਂ ਹੈ।

***ਕਬੀਰ ਮਾਇਆ ਤਜੀ ਤ ਕਿਆ ਭਇਆ***
***ਜਉ ਮਾਨੁ ਤਜਿਆ ਨਹੀ ਜਾਇ ॥***
***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥***
***ਅੰਗ - ੧੩੭੨***

ਸੋ ਇਸ ਤਰ੍ਹਾਂ ਦੇ ਨਾਲ ਸਾਂਤਕੀ ਬਿਰਤੀ ਰੱਖਣੀ। ਤਿੰਨ ਕਿਸਮ ਦੀਆਂ ਬਿਰਤੀਆਂ ਹੋਇਆ ਕਰਦੀਆਂ ਨੇ। ਇਕ ਤਮੋ ਗੁਣ ਬਿਰਤੀ ਹੁੰਦੀ ਹੈ ਜਿਹਦੇ ਵਿਚ ਅੰਧਕਾਰ ਹੁੰਦਾ ਹੈ, ਨਾਸਤਕਤਾ ਹੁੰਦੀ ਹੈ, ਗੁਰੂ ਦਾ ਉਪਦੇਸ਼, ਮਹਾਂਪੁਰਸ਼ਾਂ ਦਾ ਬਚਨ ਟਿਕਦਾ ਨਹੀਂ ਓਸ ਹਿਰਦੇ ਦੇ ਅੰਦਰ। ਇਕ ਦਮ ਕੱਟ ਦਿਆ ਕਰਦਾ ਹੈ। ਕਿਉਂਕਿ ਅੰਦਰ ਆਸਤਕਤਾ ਨਹੀਂ ਹੈ, ਚਲਾਕੀ ਦੇ ਨਾਲ ਸੁਣਦਾ ਹੈ ਤੇ ਉਹ ਤਿਲਕ ਜਾਇਆ ਕਰਦਾ ਹੈ, ਇਹਨੂੰ ਤਮੋ ਗੁਣ ਬਿਰਤੀ ਕਹਿੰਦੇ ਨੇ। ਅੰਧਕਾਰ ਦੀ ਬਿਰਤੀ। ਏਸ ਬਿਰਤੀ ਦੇ ਅੰਦਰ ਕੁਛ ਵੀ ਨਹੀਂ ਬਣਿਆ ਕਰਦਾ। ਆਦਮੀ ਹਨ੍ਹੇਰੇ 'ਚ ਰਹਿੰਦਾ ਹੈ। ਇਹ ਬਿਰਤੀ ਪੈਦਾ ਕਿਵੇਂ ਹੁੰਦੀ ਹੈ, ਮਾੜੀਆਂ ਚੀਜ਼ਾਂ ਖਾ ਕੇ, ਗਲਤ ਸੁਸਾਇਟੀ 'ਚ ਬੈਠ ਕੇ ਮਾਸ ਸ਼ਰਾਬ, ਆਂਡੇ, ਹੋਰ ਭੈੜੀਆਂ ਚੀਜ਼ਾਂ ਖਾ ਕੇ ਇਹ ਬਿਰਤੀ ਪੈਦਾ ਹੁੰਦੀ ਹੈ, ਇਸੇ ਤਰ੍ਹਾਂ ਉਹਦੇ ਅੰਦਰ ਨਿਸ਼ਾਨੀਆਂ ਹੁੰਦੀਆਂ ਨੇ। ਆਲਸ ਹੁੰਦਾ ਹੈ, ਕੌੜਾ ਹੁੰਦਾ ਹੈ, ਕਾਹਲਾ ਹੁੰਦਾ ਹੈ। ਸੋ ਇਹ ਬਿਰਤੀ ਜੋ ਹੈ ਇਹ ਭਜਨ ਕਰਨ ਵਾਲੀ ਬਿਰਤੀ ਨਹੀਂ ਹੈ। ਦੂਸਰੀ ਹੁੰਦੀ ਹੈ ਰਜੋ ਗੁਣ ਬਿਰਤੀ, ਰਜੋ ਗੁਣ ਬਿਰਤੀ ਚਟਪਟੀਆਂ ਚੀਜ਼ਾਂ ਦੀ ਖੁਰਾਕ ਹੋਇਆ ਕਰਦੀ ਹੈ ਤੇ ਹਰ ਵਕਤ ਹਿਰਦਾ ਟਿਕ ਕੇ ਨਹੀਂ ਬੈਠਦਾ। ਦੋ ਘੜੀਆਂ ਬੈਠ ਨਹੀਂ ਸਕਦਾ ਕਿਉਂਕਿ ਉਹਦੀ ਬਿਰਤੀ ਨਹੀਂ ਉਸਨੂੰ ਬੈਠਣ ਦਿੰਦੀ ਤੇ ਰਜੋ ਗੁਣ ਬਿਰਤੀ ਹੋਣ ਕਰਕੇ ਹਰ ਵਕਤ ਹਿਲਦਾ ਜੁਲਦਾ ਰਹਿੰਦਾ ਹੈ। ਤੀਸਰੀ ਹੁੰਦੀ ਹੈ ਸਤੋ ਗੁਣ ਬਿਰਤੀ। ਇਹ ਸਤੋਗੁਣੀ ਖੁਰਾਕ ਨਾਲ ਪੈਦਾ ਹੁੰਦੀ ਹੈ, ਸਤੋ ਗੁਣੀ ਸੰਗਤ ਨਾਲ ਪੈਦਾ ਹੁੰਦੀ ਹੈ, ਸਤੋ ਗੁਣ ਪੁਸ਼ਾਕ ਨਾਲ ਪੈਦਾ ਹੁੰਦੀ ਹੈ, ਸਤੋ ਗੁਣੀ ਰਿਹਾਇਸ਼ ਨਾਲ ਪੈਦਾ ਹੁੰਦੀ ਹੈ। ਸੋ ਇਹ ਜੋ ਬਿਰਤੀ ਹੈ ਇਹ ਭਜਨ ਕਰਨ ਦੇ ਕਾਬਲ ਹੋਇਆ ਕਰਦੀ ਹੈ। ਸੋ ਸਤੋ ਗੁਣ ਬਿਰਤੀ ਧਾਰਨ ਕਰਕੇ ਰੱਖਣੀ। ਫੇਰ ਹਿਰਦੇ ਦੇ ਵਿਚ ਨਿਮਰਤਾ ਰੱਖਣੀ। ਆਪਣੇ ਆਪ ਨੂੰ ਉੱਚਾ ਨਹੀਂ ਸਮਝਣਾ ਕਿ ਮੈਂ ਖਾਸ ਬੰਦਾ ਹਾਂ। ਲੋਕ ਮੇਰੀ ਇਜ਼ਤ ਕਰਨ। ਸਾਰੇ ਨਹੀਂ ਇਜ਼ਤ ਕਰਿਆ ਕਰਦੇ। ਜ਼ਰੂਰੀ ਨਹੀਂ ਹੈ ਕਿ ਸਾਰਾ ਸੰਸਾਰ ਕਿਸੇ ਨੂੰ ਚੰਗਾ

ਕਹੇ। ਜੇ ਚੰਗੇ ਦਾ ਭਾਵ ਮਨ ਵਿਚ ਆ ਜਾਵੇ ਤੇ ਕੋਈ ਇਕ ਦੋ ਚਾਰ ਮੰਦਾ ਉਸਨੂੰ ਕਹਿ ਜਾਣ ਤਾਂ ਉਹ ਦੁਖੀ ਹੋ ਜਾਂਦਾ ਹੈ ਕਿ ਮੈਨੂੰ ਮੰਦਾ ਕਹਿ ਦਿਤਾ। ਮੈਂ ਤਾਂ ਮੰਦਾ ਨਹੀਂ ਹਾਂ। ਮਹਾਰਾਜ ਕਹਿੰਦੇ ਭੋਲਿਆ! ਹਮ ਨਹੀਂ ਚੰਗੇ ਬੁਰਾ ਨਹੀਂ ਕੋਇ। ਐਉਂ ਸਮਝ ਕਿ ਮੈਂ ਹੀ ਨਹੀਂ ਚੰਗਾ ਤੇ ਸੰਸਾਰ ਤੇ ਬੁਰਾ ਕੋਈ ਨਹੀਂ। ਜਦੋਂ ਤੂੰ ਪਹਿਲਾਂ ਹੀ ਆਖਰੀ ਲਾਈਨ ਤੇ ਆ ਗਿਆ ਫੇਰ ਤਾਂ ਤੇਰੀ ਕੋਈ ਨਿਰਾਦਰੀ ਕਰ ਨਹੀਂ ਸਕਦਾ। ਜੇ ਤੂੰ ਉਪਰ ਬੈਠ ਗਿਆ –

***ਆਪਸ ਕਉ ਜੋ ਭਲਾ ਕਹਾਵੈ ॥***
***ਤਿਸਹਿ ਭਲਾਈ ਨਿਕਟਿ ਨ ਆਵੈ ॥***

***ਅੰਗ - ੨੭੮***

ਜਿਹੜਾ ਕਹੇ ਮੈਂ ਚੰਗਾ ਹਾਂ ਉਹਦੇ ਭਲਾਈ ਨੇੜੇ-ਤੇੜੇ ਨਹੀਂ ਆਉਂਦੀ। ਸੋ ਨਿਮਰਤਾ ਧਾਰਨ ਕਰਕੇ ਰੱਖਣੀ। ਨਿਮਰਤਾ ਬਾਰੇ ਇਕ ਵਾਰੀ ਸੰਤ ਬੁੱਧੂ ਸ਼ਾਹ ਹੋਇਆ ਕਰਦੇ ਸੀ। ਸ਼ਾਹਪੁਰ ਵਲ ਪਾਕਿਸਤਾਨ 'ਚ। ਇਕ ਪਠਾਣ ਆ ਗਿਆ ਮੁਗਲ ਸਿਪਾਹੀ ਤੇ ਓਸ ਨੇ ਕਿਹਾ ਕਿ ਓ ਬੁੱਧੂ! ਰੋਟੀ ਖਿਲਾ ਮੈਨੂੰ। ਸੰਤਾਂ ਨੇ ਇਹ ਕਰਿਆ ਹੋਇਆ ਸੀ ਕਿ ਚੁਰਸਤੇ ਦੇ ਅੰਦਰ ਬਣਾਇਆ ਹੋਇਆ ਸੀ ਤੰਦੂਰ ਉਥੇ ਤਾਜ਼ੇ-ਤਾਜ਼ੇ ਪ੍ਰਸ਼ਾਦੇ ਲਾਹ ਕੇ, ਜਾਣ ਵਾਲੇ ਰਾਹੀਆਂ ਨੂੰ ਆਪ ਛਕਾਇਆ ਕਰਦੇ ਸੀ। ਪ੍ਰਸ਼ਾਦਾ ਜਦੋਂ ਲਾਹਿਆ ਥੋੜ੍ਹਾ ਜਿਹਾ ਸੇਕ ਜ਼ਿਆਦਾ ਲੱਗਣ ਕਰਕੇ, ਕਾਲਸ ਦਾ ਦਾਗ ਆ ਗਿਆ ਤੇ ਇਸਨੇ ਥੱਪੜ ਮਾਰਿਆ। ਆਪ ਗਰਮ ਨਹੀਂ ਹੋਏ, ਸਾਰੀਆਂ ਸ਼ਕਤੀਆਂ ਦੇ ਮਾਲਕ ਸੀ, ਐਡੀ ਦ੍ਰਿਸ਼ਟੀ ਸੀ ਕਿ ਜਿੱਥੇ ਨਿਗ੍ਹਾ ਕਰ ਦੇਣ ਸੋਨਾ ਹੀ ਸੋਨਾ ਬਣਾ ਦੇਣ। ਪੂਰਨ ਮਹਾਤਮਾ ਸੀ। ਕਿੰਨੀ ਨਿਮਰਤਾ ਸੀ ਕਹਿੰਦੇ ਜੀ ਮੇਰਾ ਨਾਂ ਮਾਂ ਨੇ ਬੁੱਧੂ ਰਖਿਆ ਹੈ, ਮੈਂ ਹਾਂ ਵੀ ਬੁੱਧੂ। ਐਧਰਲੇ ਪਾਸੇ ਇਕ ਹੋਰ ਲਾ ਦਿਓ ਤਾਂ ਕਿ ਫੇਰ ਮੈਨੂੰ ਅੱਗੇ ਵਾਸਤੇ ਗਲਤੀ ਕਰਨ ਤੋਂ ਪਹਿਲਾਂ ਸੋਚ ਆ ਜਾਵੇ। ਇਕ ਹੋਰ ਮਾਰ ਦਿਤਾ ਉਸ ਨੇ। ਆਪ ਨੇ ਕਿਹਾ ਕਿ ਹੁਣ ਤੁਸੀਂ ਬੈਠੋ ਮੈਂ ਲਿਆਉਂਦਾ ਹਾਂ ਪ੍ਰਸ਼ਾਦੇ। ਪ੍ਰਸ਼ਾਦਾ ਛਕਾਇਆ। ਇਹ ਮੁਗਲ ਸਿਪਾਹੀ ਪ੍ਰਸ਼ਾਦ ਛਕ ਕੇ ਜਦੋਂ ਤੁਰਿਆ, ਅਜੇ ਸੌ ਗਜ ਨਹੀਂ ਗਿਆ, ਉਥੇ ਘੋੜਾ ਸਿੱਧਾ ਖੜ੍ਹਾ ਹੋ ਗਿਆ ਡਰ ਕੇ ਤੇ ਇਹ ਧਰਤੀ ਤੋਂ ਗਿਰ ਗਿਆ, ਪੱਟ ਟੁੱਟ ਗਿਆ ਗਿਰਦੇ ਦਾ। ਹਾਏ-ਹਾਏ ਕਰੀ ਜਾਂਦਾ ਹੈ, ਸੰਤ ਬੁੱਧੂ ਜੀ ਨੇ ਉਸੇ ਵੇਲੇ ਪਾਲਕੀ ਮੰਗਾਈ ਡੇਰੇ ਲੈ ਗਏ ਆਪ ਪੱਟੀਆਂ ਕਰਕੇ ਲੱਤ ਚੜ੍ਹਵਾਈ। ਕਈ ਮਹੀਨੇ ਸੇਵਾ ਕਰੀ, ਸ਼ਰਮਿੰਦਾ ਹੋਈ ਜਾਵੇ ਕਿ ਮੈਂ ਤਾਂ ਇਹਦੇ ਥੱਪੜ ਮਾਰੇ ਸੀ, ਇਹ ਪ੍ਰੇਮੀ ਸੇਵਾ ਕਰ ਰਿਹਾ ਹੈ ਮੇਰੀ। ਜਦੋਂ ਰਹਿ ਕੇ ਉਥੇ ਦੇਖਿਆ ਕਿ ਇਥੇ ਤਾਂ ਵੱਡੇ-ਵੱਡੇ ਅਫਸਰ ਆ ਰਹੇ, ਵੱਡੇ-ਵੱਡੇ ਮਾਇਆਧਾਰੀ ਆ ਰਹੇ ਨੇ। ਸ਼ਰਮਿੰਦਾ ਹੋ ਗਿਆ, ਦੋ ਤਿੰਨ ਮਹੀਨੇ ਬਾਅਦ ਸੰਤਾਂ ਨੇ ਕਿਹਾ ਕਿ ਪ੍ਰੇਮੀਆ! ਜਾਹ ਹੁਣ ਤੂੰ ਰਾਜ਼ੀ ਹੋ ਗਿਆ। ਕਹਿੰਦਾ, ਮੇਰੀ ਗੁਸਤਾਖੀ ਮਾਫ ਕਰੋ। ਕਹਿੰਦੇ, ਤੂੰ ਕਰਿਆ ਕੀ ਸੀ, ਤੂੰ ਤਾਂ ਮੈਨੂੰ ਅਕਲ ਦਿਤੀ ਸੀ। ਸੋ ਇਸ ਨੂੰ ਨਿਮਰਤਾ ਕਹਿੰਦੇ ਨੇ। ਹਿਰਦੇ 'ਚ ਨਿਮਰਤਾ ਧਾਰਨ ਕਰਨੀ। ਫੇਰ ਮਿੱਠ ਬੋਲਾ ਹੁੰਦਾ ਹੈ, ਫੇਰ ਹੋਇਆ ਕਰਦਾ ਹੈ ਮਾਨਸਿਕ ਮੋਨ। ਬਿਰਤੀਆਂ ਨਾ ਕਿਤੇ ਜਾਣ ਦੇਣੀਆਂ। ਜਦੋਂ ਭਜਨ ਕਰਨਾ ਹੈ ਚਿੱਤ ਨੂੰ ਇਕਾਗਰ ਕਰਕੇ ਕਰਨਾ ਹੈ। ਮਨ ਨੂੰ ਦੌੜਨ ਤੋਂ ਰੋਕਣਾ ਹੈ, ਵਾਸ਼ਨਾਵਾਂ ਤੋਂ ਰੋਕਣਾ ਹੈ। ਫੇਰ ਹੋਮ ਹੋਇਆ ਕਰਦਾ ਹੈ, ਭੁੱਖੇ ਨੂੰ ਪ੍ਰਸ਼ਾਦਾ, ਨੰਗੇ ਨੂੰ ਵਸਤਰ, ਪਿਆਸੇ ਨੂੰ ਪਾਣੀ ਪਿਲਾਉਣਾ।

ਸੋ ਇਹ 14 ਗੁਣ ਧਾਰਨੇ ਪੈਂਦੇ ਨੇ। ਅਉਗਣ ਛੱਡਣੇ ਪੈਂਦੇ ਨੇ। 25 ਹਨ ਕੁੱਲ। ਇਸ ਤੋਂ ਇਲਾਵਾ ਨਿੰਦਿਆ, ਚੁਗਲੀ, ਆਸਾ, ਅੰਦੇਸਾ, ਤ੍ਰਿਸ਼ਨਾ, ਨਫਰਤ, ਕਾਮ ਵਾਸ਼ਨਾ–

***ਦੇਖ ਪਰਾਈਆ ਚੰਗੀ ਮਾਵਾਂ ਧੀਆ ਭੈਣਾਂ ਜਾਣੇ।***
***ਨਿਜ ਨਾਰੀ ਕੇ ਸਾਥ ਨੇਹੁੰ ਤੁਮ ਨਿਤ ਬਡਈਓ***
***ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੀ ਨ ਜੈਯਹੁ॥***

***ਰੂਪ ਕੁਆਰ ਪ੍ਰਥਾਇ, ਪਾ. ੧੦***

ਸੋ ਇਸ ਤਰ੍ਹਾਂ ਦੇ ਨਾਲ ਮੰਦ ਵਾਸ਼ਨਾ ਤਿਆਗਣੀ, ਲਾਲਚ, ਕ੍ਰੋਧ, ਮੋਹ ਦਾ ਤਿਆਗ ਇਹ ਤਕਰੀਬਨ 35 ਕੁ ਰਹਿਤਾਂ ਨੇ ਤੇ ਬਾਕੀ ਹਨ ਜੋ ਪੰਜ ਪਿਆਰੇ ਦਸਦੇ ਨੇ ਪੰਜ ਰਹਿਤਾਂ। ਸੋ ਇਸ ਤਰ੍ਹਾਂ ਦੇ ਨਾਲ ਇਨ੍ਹਾਂ ਦਾ ਤਿਆਗ ਕਰਨਾ ਤੇ ਪੰਜ ਕਿਸਮ ਦੇ ਅਭਿਮਾਨਾਂ ਦਾ ਤਿਆਗ ਕਰਨਾ। ਰਾਜ ਮਾਲ, ਰੂਪ ਜਾਤ, ਜੋਬਨ ਪੰਜੇ ਠੱਗ। ਸੋ ਇਨ੍ਹਾਂ ਦਾ ਤਿਆਗ ਕਰਨ ਤੋਂ ਬਾਅਦ ਫੇਰ ਉਹਨੂੰ ਗੁਰੂ ਨਾਮ ਦਿੰਦਾ ਹੈ। ਫੇਰ ਨਾਮ ਦੀ ਕਮਾਈ ਚਲਦੀ ਹੈ, ਨਾਮ ਦੀ ਕਮਾਈ ਵਾਸਤੇ ਇਕਾਂਤ ਥਾਂ ਜਿਥੇ ਕੋਈ ਰੁਕਾਵਟ ਨਾ ਹੋਵੇ, ਰੌਲਾ ਰੱਪਾ ਨਾ ਹੋਵੇ, ਉਥੇ ਐਸੇ ਆਸਣ ਦੇ ਉਤੇ ਬੈਠਣਾ ਕਿ ਬਾਰ-ਬਾਰ ਲੱਤਾਂ ਨਾ ਹਿਲਾਉਣੀਆਂ ਪੈਣ। ਉਸ ਤੋਂ ਬਾਅਦ ਪ੍ਰਾਣਾਂ ਦੇ ਉਪਰ ਕੰਟਰੋਲ ਕਰਨਾ। ਪ੍ਰਾਣਾਂ ਦਾ ਕੰਟਰੋਲ ਹੁੰਦਾ ਹੈ ਈੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਹੁੰਦੀਆਂ ਨੇ। ਈੜਾ ਨੂੰ ਸੂਰਜ ਨਾੜੀ ਕਹਿੰਦੇ ਨੇ। ਪਿੰਗਲਾ ਜੋ ਹੁੰਦੀ ਹੈ ਉਹ ਚੰਦਰਮਾ ਨਾੜੀ ਹੁੰਦੀ ਹੈ ਤੇ ਸੁਖਮਨਾ ਸੈਂਟਰ ਦੀ ਨਾੜੀ ਹੋਇਆ ਕਰਦੀ ਹੈ, ਨਿਯਮਤ ਮਰਿਆਦਾ ਦੇ ਨਾਲ ਸੁਆਸ ਅੰਦਰ ਨੂੰ ਲਿਜਾਣਾ ਤੇ ਉਹਦੇ ਨਾਲ ਵਾਹਿਗੁਰੂ ਦਾ ਨਾਮ ਜਪਣਾ। ਫੇਰ ਉਸਨੂੰ ਰੋਕਣਾ ਥੋੜ੍ਹੀ ਦੇਰ ਵਾਸਤੇ, ਫੇਰ ਉਸਨੂੰ ਛੱਡਣਾ ਫੇਰ ਉਹਦੇ ਨਾਲ ਵੀ ਨਾਮ ਜਪਣਾ। ਇਹ ਤਰੀਕਾ ਹੈ ਗੁਰੂ ਘਰ ਦੇ ਅੰਦਰ। ਬੰਦਗੀ ਕਰਨ ਵਾਲਿਆਂ ਨੂੰ ਮਹਾਂਪੁਰਸ਼ ਦਸ ਦਿਆ ਕਰਦੇ ਨੇ ਕਿ ਕਿਸ ਤਰ੍ਹਾਂ ਦੇ ਨਾਲ ਤੂੰ ਮਨ ਦਾ ਵਹਾਓ ਤੇ ਵੇਗ ਰੋਕਣਾ ਹੈ। ਉਸ ਤੋਂ ਬਾਅਦ ਹੋਇਆ ਕਰਦਾ ਹੈ ਬਾਰ-ਬਾਰ ਮਨ ਦੌੜਦਾ ਤੇ ਉਹਨੂੰ ਫੇਰ ਰੋਕਣਾ, ਫੇਰ ਦੌੜਦਾ ਹੈ ਫੇਰ ਰੋਕਣਾ, ਦੌੜਦਾ ਕਾਹਦੇ ਤੇ ਹੈ ਵਾਸ਼ਨਾਵਾਂ ਤੇ ਦੌੜਦਾ ਹੈ, ਪੰਜ ਇਹਦੇ ਵਿਚ ਵਿਸ਼ੇ ਹੁੰਦੇ ਨੇ ਉਨ੍ਹਾਂ ਦੇ ਵਾਸਤੇ ਧਾਈ ਕਰਦਾ ਹੈ। ਵਾਸ਼ਨਾ ਹੁੰਦੀ ਹੈ, ਧਨ ਵਾਸ਼ਨਾ, ਪੁੱਤਰ ਵਾਸ਼ਨਾ, ਲੋਕ ਵਾਸ਼ਨਾ ਤੇ ਹੋਰ ਅਨੇਕਾਂ ਕਿਸਮ ਦੀਆਂ ਵਾਸ਼ਨਾਵਾਂ ਮਨ ਦੌੜਦਾ ਜਾ ਕੇ ਆਪ ਹੀ ਫਿਰੀ ਜਾਂਦਾ ਹੈ। ਸੋ ਇਨ੍ਹਾਂ ਨੂੰ ਬਾਰ-ਬਾਰ ਰੋਕ ਕੇ ਨਾਮ ਵਲ ਲਾਓ। ਫੇਰ ਉਸ ਤੋਂ ਬਾਅਦ ਬਾਰ-ਬਾਰ ਅਭਿਆਸ ਕਰੀ ਜਾਣਾ ਕਿ ਮੈਂ ਦੋ ਮਿੰਟ ਵੀ ਆਪਣਾ ਮਨ ਏਧਰ-ਓਧਰ ਨਹੀਂ

ਜਾਣ ਦੇਣਾ। ਫੇਰ ਛੁੱਟੀ ਦੇ ਦਿਤੀ, ਫੇਰ ਬਹਿ ਗਿਆ, ਫੇਰ ਦੋ ਮਿੰਟ ਛੁਟੀ ਦੇ ਦਿਤੀ। ਇਹਨੂੰ ਧਾਰਨਾ ਕਹਿੰਦੇ ਨੇ। ਇਸ ਤੋਂ ਬਾਅਦ ਹੋਇਆ ਕਰਦਾ ਹੈ ਧਿਆਨ। ਧਿਆਨ ਦੇ ਵਿਚ ਫੇਰ ਮਹੱਵ ਹੋ ਜਾਣਾ। 25 ਮਿੰਟ ਤੱਕ ਧਿਆਨ ਲਾਉਣ ਨੂੰ ਛੋਟੀ ਸਮਾਧੀ ਕਹਿੰਦੇ ਨੇ। 3 ਘੰਟੇ ਜੇ ਧਿਆਨ ਲਗ ਜਾਵੇ ਤਾਂ ਇਹਨੂੰ ਸਮਾਧੀ ਕਹਿੰਦੇ ਨੇ। ਸਮਾਧੀਆਂ ਫੇਰ ਦੋ ਕਿਸਮ ਦੀਆਂ ਹੁੰਦੀਆਂ ਨੇ। ਇਕ ਨੂੰ ਸੰਪਰਗਿਆਤ ਤੇ ਦੂਜੀ ਨੂੰ ਅਸੰਪਰਗਿਆਤ ਸਮਾਧੀ ਕਹਿੰਦੇ ਨੇ। ਇਕ ਨੂੰ ਸਾ ਵਿਕਲਪ ਤੇ ਇਕ ਨੂੰ ਨਿਰਵਿਕਲਪ। ਸੋ ਨਿਰਵਿਕਲਪ ਦੇ ਉਤੇ ਸੁੰਨ ਸਮਾਧ ਹੋਇਆ ਕਰਦੀ ਹੈ ਜਿਹਦੇ ਬਾਰੇ ਮਹਾਰਾਜ ਦਾ ਫੁਰਮਾਨ ਹੈ –

*ਅਨਹਤ ਸੁੰਨਿ ਰਤੇ ਸੇ ਕੈਸੇ ॥*
*ਜਿਸ ਤੇ ਉਪਜੇ ਤਿਸ ਹੀ ਜੈਸੇ ॥ ਅੰਗ - ੯੪੩*

ਜਿਨ੍ਹਾਂ ਦੀ ਅਨਹਤ ਸੁੰਨ 'ਚ ਸਮਾਧੀ ਲੱਗ ਗਈ ਉਹ ਵਾਹਿਗੁਰੂ ਵਰਗੇ ਹੋ ਜਾਇਆ ਕਰਦੇ ਨੇ। ਸੋ ਇਹ ਚੀਜ਼ਾਂ, ਇਹ ਗੁਣ ਜਿਸ ਵਿਚ ਹੋਣ ਉਹਨੂੰ ਸਿੱਖ ਆਖਿਆ ਜਾਂਦਾ ਹੈ। ਸਿੱਖ ਫੇਰ ਬੰਦਗੀ ਕਰਦਾ-ਕਰਦਾ ਆਪਣੇ ਮਾਰਗ ਤੇ ਹੋਰ ਉਪਰ ਚੜ੍ਹਦਾ ਹੈ। ਉਹ ਸੰਤ ਦੇ ਮਾਰਗ ਤੇ ਗੁਰਮੁਖ ਦੀ ਪਦਵੀ ਤੇ ਪਹੁੰਚਦਾ ਹੈ। ਉਹਦੀ ਰਹਿਤ ਕੀ ਹੋਇਆ ਕਰਦੀ ਹੈ। ਪਤਾ ਕਿਵੇਂ ਲੱਗੇ ਕਿ ਇਹ ਸੰਤ ਹੈ ਕਿ ਅਸੰਤ ਹੈ। ਭੇਖ ਨਾਲ ਤਾਂ ਸੰਤ ਨਹੀਂ ਬਣਦਾ। ਸੋ ਉਹਦੇ ਵਿਚ ਮਹਾਰਾਜ ਫੁਰਮਾਨ ਕਰਦੇ ਨੇ ਕਿ ਉਹਦਾ ਜੋ ਨਿਹਚਾ ਹੋਇਆ ਕਰਦਾ ਹੈ ਉਹ ਹਰ ਵਕਤ ਵਾਹਿਗੁਰੂ ਨੂੰ ਆਪਣੇ ਨਾਲ ਦੇਖਦਾ ਹੈ।

*ਆਠ ਪਹਰ ਨਿਕਟਿ ਕਰਿ ਜਾਨੈ ॥*
*ਪ੍ਰਭ ਕਾ ਕੀਆ ਮੀਠਾ ਮਾਨੈ ॥ ਅੰਗ - ੩੯੨*

ਚੰਗਾ ਹੋ ਗਿਆ ਤਾਂ ਵੀ ਭਲਾ, ਮਾੜਾ ਹੋ ਗਿਆ ਤਾਂ ਵੀ ਭਲਾ। ਕੋਈ ਪਰਿਵਾਰ ਵਿਚ ਜੀਅ ਆ ਕੇ ਰਲ ਗਿਆ ਤਾਂ ਵੀ ਭਲਾ, ਚਲਿਆ ਗਿਆ ਤਾਂ ਵੀ ਭਲਾ। ਸਮਾਨ ਬਿਰਤੀ ਹੁੰਦੀ ਹੈ, ਸਮਾਨ ਬਿਰਤੀ 'ਚ ਰਹਿੰਦੇ ਨੇ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ*
*ਕਹੀਐ ਜੀਵਨ ਮੁਕਤਿ ॥ ਅੰਗ - ੨੭੫*

ਵਿਹੁ ਤੇ ਅੰਮ੍ਰਿਤ ਨੂੰ ਇਕ ਕਰਕੇ ਜਾਣਨਾ, ਗਰੀਬ ਤੇ ਅਮੀਰ ਵਿਚ ਫਰਕ ਨਾ ਜਾਣਨਾ। ਚਾਹੇ ਬਾਦਸ਼ਾਹ ਆ ਜਾਵੇ, ਚਾਹੇ ਬਿਲਕੁਲ ਗਰੀਬ ਆ ਜਾਵੇ। ਸੋ ਸਮਾਨ ਬਿਰਤੀ ਰੱਖਣੀ। ਸੋ ਗੁਰੂ ਆਗਿਆ ਹਿਤ ਲੱਗੇ, ਪਿਆਰੀ ਲੱਗੇ।

*ਪ੍ਰਭ ਕਾ ਕੀਆ ਮੀਠਾ ਮਾਨੈ ॥ ਅੰਗ - ੩੯੨*

ਤੇ ਉਹਦਾ ਆਧਾਰ ਕੀ ਹੁੰਦਾ ਹੈ, ਸੰਤਾਂ ਦਾ ਕਹਿੰਦੇ ਮਾਨ ਹੁੰਦਾ ਹੈ? ਉਪਮਾ ਹੁੰਦੀ ਹੈ, ਉਸਤਤ ਹੁੰਦੀ ਹੈ, ਵਡਿਆਈ ਹੁੰਦੀ ਹੈ? ਮਹਾਰਾਜ ਕਹਿੰਦੇ, ਨਾ ਪ੍ਰੇਮੀਓ! ਸੰਤਾਂ ਦਾ ਆਧਾਰ ਨਹੀਂ ਹੁੰਦੀਆਂ ਇਹ ਚੀਜ਼ਾਂ। ਵਿਸ਼ੇ ਵਿਕਾਰ, ਪਾਪੀ ਪੁਰਸ਼ਾਂ ਦਾ ਆਧਾਰ ਨਸ਼ੇ ਹੁੰਦੇ, ਸ਼ਰਾਬਾਂ, ਕਬਾਬਾਂ, ਅਨੇਕਾਂ ਕਿਸਮ ਦੇ ਮਨ ਪਰਚਾਵੇ। ਸੰਤਾਂ ਦਾ ਆਧਾਰ ਨਾਮ ਹੁੰਦਾ ਹੈ ਜੋ ਸਭ ਤੋਂ ਉਤਮ ਹੈ।

*ਏਕੁ ਨਾਮੁ ਸੰਤਨ ਆਧਾਰੁ ॥*
*ਹੋਇ ਰਹੇ ਸਭ ਕੀ ਪਗ ਛਾਰੁ ॥ ਅੰਗ - ੩੯੨*

ਚਰਨਾਂ ਦੀ ਧੂੜ ਬਣੇ ਰਹਿੰਦੇ ਨੇ ਸਾਰਿਆਂ ਦੀ। ਕੁਛ ਕਰਕੇ ਦਿਖਾਉਂਦੇ ਨਹੀਂ, ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ। ਸੋ ਇਸ ਤਰ੍ਹਾਂ ਨਾਲ –

*ਸੰਤ ਰਹਤ ਸੁਨਹੁ ਮੇਰੇ ਭਾਈ ॥*
*ਉਆ ਕੀ ਮਹਿਮਾ ਕਥਨੁ ਨ ਜਾਈ ॥੧॥ ਰਹਾਉ ॥*
*ਵਰਤਣਿ ਜਾ ਕੈ ਕੇਵਲ ਨਾਮ ॥*
*ਅਨਦ ਰੂਪ ਕੀਰਤਨੁ ਬਿਸ੍ਰਾਮ ॥ ਅੰਗ - ੩੯੨*

ਉਥੇ ਵਰਤਣ ਨਾਮ ਦੀ ਚਲਦੀ ਹੈ, ਹਰੀ ਦੇ ਨਾਮ ਦੀ ਚਲਦੀ ਹੈ, ਹਰੀ ਦਾ ਨਾਮ ਚਲਦਾ ਹੈ ਹਰ ਵਕਤ।

*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ਅੰਗ - ੩੯੨*

ਚਾਹੇ ਮਿਤਰ ਆ ਗਿਆ, ਚਾਹੇ ਸ਼ਤਰੂ ਆ ਗਿਆ। ਦੋਹਾਂ ਨੂੰ ਇਕ ਕਰਕੇ ਜਾਣਦਾ ਹੈ। ਫਰਕ ਨਹੀਂ ਰਖਦੇ।

ਬਾਬਾ ਆਇਆ ਸਿੰਘ ਜੀ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਤੋਂ ਬਾਅਦ, ਆਪ ਨੇ ਡੇਰੇ ਦੀਆਂ ਗਊਆਂ ਨੂੰ ਬਲੋਚਸਤਾਨ ਪਠਾਣਾਂ ਨੇ ਆ ਕੇ ਕੱਢ ਲਿਆ। ਤੇ ਜਦੋਂ ਸਰਹੱਦ ਪਾਰ ਕਰਨ ਲੱਗੇ ਤਾਂ ਉਥੇ ਫੌਜਦਾਰਾਂ ਨੇ ਦੇਖ ਲਿਆ ਕਿ ਆਹ ਤਾਂ ਡੇਰੇ ਦੀਆਂ ਗਊਆਂ ਨੇ। ਕਿਉਂਕਿ ਫੌਜੀ ਉਥੇ ਆਮ ਤੌਰ ਤੇ ਆਉਂਦੇ ਸੀ। ਪਠਾਣ ਫੜ ਲਏ, ਮੁਸਕਾਂ ਦੇ ਦਿਤੀਆਂ ਤੇ ਡੇਰੇ ਲੈ ਆਏ।

ਇਧਰ ਬਾਬਾ ਜੀ ਜਦੋਂ ਅੰਮ੍ਰਿਤ ਵੇਲੇ ਬਾਹਰ ਆਏ। ਸੇਵਾਦਾਰਾਂ ਨੇ ਕਿਹਾ ਕਿ ਮਹਾਰਾਜ! ਅੱਜ ਗਊਆਂ ਤਾਂ ਲੈ ਗਏ ਚੋਰ ਸਾਰੀਆਂ। ਕਹਿੰਦੇ, ਬਛੜੇ? ਕਹਿੰਦੇ, ਉਹ ਛੱਡ ਗਏ। ਕਹਿੰਦੇ, ਜਾਓ ਪਿਛੇ-ਪਿਛੇ ਇਹ ਵੀ ਦੇ ਆਓ। ਇਹ ਬਛੜੇ ਲਈ ਜਾਂਦੇ ਨੇ, ਉਧਰੋਂ ਫੌਜੀ ਗਊਆਂ ਮੋੜੀ ਆਉਂਦੇ ਨੇ। ਰਾਹ 'ਚ ਮਿਲਾਪ ਹੋ ਗਿਆ, ਅਖੀਰ ਮਹਾਰਾਜ ਦੇ ਡੇਰੇ ਆ ਗਏ। ਕਹਿਣ ਲੱਗੇ, ਪ੍ਰੇਮੀਓ! ਤੁਸੀਂ ਸਾਨੂੰ ਦੱਸ ਦਿੰਦੇ ਅਸੀਂ ਆਪ ਆਪਣੇ ਸਿੰਘ ਭੇਜ ਦਿੰਦੇ, ਤੁਸੀਂ ਕਾਹਨੂੰ ਭਾਈ ਇਹ ਰੋਕੇ ਨੇ? ਕਹਿੰਦੇ, ਲੈ ਜਾਓ, ਗਊਆਂ ਵੀ ਨਾਲ ਲੈ ਜਾਓ, ਬਛੜੇ ਵੀ ਲੈ ਜਾਓ। ਹੁਣ ਉਹ ਲਿਜਾਂਦੇ ਨਹੀਂ, ਕਹਿੰਦੇ ਇਹ ਤਾਂ ਅੱਲਾਹ ਤਾਲਾ ਦਾ ਬੰਦਾ ਹੈ। ਇੰਨੇ ਨੂੰ

ਪੁਲਿਸ ਆ ਗਈ, ਬਿਆਨ ਲੈਣੇ ਸ਼ੁਰੂ ਹੋ ਗਏ। ਸੰਤ ਮਹਾਰਾਜ ਨੂੰ ਪੁਛਿਆ ਕਿ ਮਹਾਰਾਜ! ਤੁਹਾਡੇ ਡੇਰੇ ਦੀਆਂ ਗਊਆਂ ਨੇ? ਕਹਿੰਦੇ, ਨਾ ਭਾਈ।

ਪੁਛਿਆ, ਇਹ ਚੋਰ ਨੇ?

ਕਹਿੰਦੇ ਨਾ ਇਹ ਚੋਰ ਤਾਂ ਨਹੀਂ, ਇਹ ਤਾਂ ਲੋੜਵੰਦ ਨੇ। ਜਿਨ੍ਹਾਂ ਪ੍ਰੇਮੀਆਂ ਕੋਲ ਫਾਲਤੂ ਹੁੰਦੇ ਨੇ ਉਹ ਬੰਨ੍ਹ ਜਾਂਦੇ ਨੇ ਇਥੇ, ਅਸੀਂ ਸੇਵਾ ਕਰਦੇ ਹਾਂ, ਆਈਆਂ ਸੰਗਤਾਂ ਦੁੱਧ ਪੀਂਦੀਆਂ ਨੇ, ਇਹ ਲੋੜਵੰਦ ਸੀ ਲੈ ਗਏ। ਸੋ ਚੋਰ ਨਾ ਇਨ੍ਹਾਂ ਨੂੰ ਕਹੋ।

ਸੋ ਐਸਾ ਮਿਤ੍ਰ ਦੇ ਨਾਲ ਤੇ ਸ਼ਤਰੂ ਦੇ ਨਾਲ ਇਕ ਵਿਹਾਰ ਕਰਨਾ। 20-20 ਸੇਰ ਨਾਲ ਚੌਲ ਦਿਤੇ ਕਿ ਇਹ ਲੈ ਜਾਓ ਭਾਈ, ਪ੍ਰਸ਼ਾਦੇ ਛਕ ਲਿਆ ਕਰੋ, ਫੇਰ ਲੈ ਜਾਇਆ ਕਰੋ ਸਾਡੇ ਤੋਂ ਆ ਕੇ।

ਕਿਸੇ ਕਿਸਮ ਦਾ ਵੀ ਰੋਗੀ ਆ ਜਾਵੇ, ਮਾਨਸਿਕ ਰੋਗੀ ਆ ਜਾਵੇ, ਸਰੀਰਕ ਰੋਗੀ ਆ ਜਾਵੇ, ਆਰਥਿਕ ਰੋਗੀ ਆ ਜਾਵੇ, ਚਿੰਤਾ ਦਾ ਮਾਰਿਆ ਹੋਇਆ ਰੋਗੀ ਆ ਜਾਵੇ, ਹਉਮੈ ਦਾ ਰੋਗੀ ਆ ਜਾਵੇ, ਸਾਰਿਆਂ ਦਾ ਦੁੱਖ ਦੂਰ ਕਰਦੇ ਨੇ।

ਕਰੋੜਾਂ ਪਾਪਾਂ ਨੂੰ ਦੂਰ ਕਰ ਦਿੰਦੇ ਨੇ। ਦਾਤਾਰ ਹੋਇਆ ਕਰਦੇ ਨੇ। ਸੂਰਬੀਰ ਬਚਨ ਕੇ ਬਲੀ, ਜੋ ਬਚਨ ਮੂੰਹ 'ਚੋਂ ਨਿਕਲ ਗਿਆ ਉਹ ਪੂਰਾ ਹੋ ਜਾਣਾ ਹੈ।

ਇਕ ਵਾਰੀ ਭਾਈ ਗੋਦੜੀਆ ਗੁਰੂ ਸਤਵੇਂ ਪਾਤਸ਼ਾਹ ਵੇਲੇ ਬੜਾ ਅਨਿੰਨ ਗੁਰਸਿੱਖ ਸੀ। ਭਾਈ ਗਉਰੇ ਪਾਸ ਸੀ। ਇਹ ਦਾਨਾ ਪੀਹਦੇ ਹੁੰਦੇ ਸੀ ਘੋੜਿਆਂ ਵਾਸਤੇ। ਇਕ ਦਿਨ ਭਾਈ ਗੋਰਾ ਆਪਣੇ ਨਿਜੀ ਸੇਵਕ ਨੂੰ ਮਾਰ ਰਿਹਾ ਸੀ, ਕੋਈ ਗਲਤੀ ਹੋ ਗਈ ਸੀ, ਕੁੱਟ ਰਿਹਾ ਸੀ, ਮੁੱਕੇ ਮਾਰ ਰਿਹਾ ਸੀ। ਭਾਈ ਗੋਦੜੀਆ ਨੇ ਕਿਹਾ ਕਿ ਕਿਉਂ ਮਾਰਦਾ ਹੈਂ? ਕਹਿਣ ਲੱਗਿਆ, ਤੈਨੂੰ ਕੀ ਪਤਾ ਤੂੰ ਆਪਣਾ ਕੰਮ ਕਰ। ਕਹਿੰਦੇ, ਬੜਾ ਆਫਰਿਆ ਹੋਇਆ ਹੈਂ, ਐਨਾ ਕਹਿਣ ਦੀ ਦੇਰ ਸੀ ਚੀਕਾਂ ਮਾਰ ਕੇ ਧਰਤੀ ਤੇ ਗਿਰ ਪਿਆ। ਗੇੜੇ ਖਾਂਦਾ ਫਿਰਦਾ ਹੈ। ਕਹਿੰਦਾ, ਛੇਤੀ ਕਰੋ। ਭਾਈ ਗੋਦੜੀਏ ਤੋਂ ਪੁੱਛਾਂ। ਬੇਨਤੀ ਕੀਤੀ ਗਈ ਕਹਿੰਦੇ ਕੁਛ ਨਹੀਂ ਹੁੰਦਾ, ਲੈ ਉਥੋਂ ਚੁਟਕੀ ਇਕ ਆਟੇ ਦੀ ਦੇ ਦਿਤੀ, ਕਹਿੰਦੇ ਪਾ ਲੈ ਮੂੰਹ 'ਚ ਦਵਾਈ। ਉਹ ਉਥੇ ਹੀ ਠੀਕ ਹੋ ਗਿਆ। ਉਹਨੇ ਕਿਹਾ ਕਿ ਇਹਦਾ ਤਾਂ ਬਚਨ ਬੜਾ ਬਲੀ ਹੈ। ਬੜੇ ਆਦਰ ਸਤਿਕਾਰ ਦੇ ਨਾਲ ਘਰ ਭੇਜ ਦਿਤੇ। ਘਰਦਿਆਂ ਨੂੰ ਪਤਾ ਹੀ ਨਹੀਂ ਸੀ ਕਿ ਸਾਡਾ ਪਿਓ ਕੀ ਹੈ। ਕਹਿੰਦੇ ਓ ਆ ਗਿਆ, ਉਹਦੇ ਘੋੜਿਆਂ ਦਾ ਦਾਨਾ ਪੀਹੀ ਜਾਂਦਾ ਸੀ। ਕੰਮ ਕਰਨ ਲਾ ਲਿਆ ਘਰ ਦੇ ਅੰਦਰ। ਪੰਜ ਚਾਰ ਪੁੱਤਰ ਸੀ ਨੂੰਹਾਂ ਸੀ, ਸਵੇਰੇ ਹੀ ਕੰਮ ਤੇ ਭੇਜ ਦੇਣਾ, ਨਾ ਪਿਛੋਂ ਲੱਸੀ ਭੇਜਣੀ, ਨਾ ਰੋਟੀ ਭੇਜਣੀ। ਕਹਿਣਾ ਘਰ ਆ ਕੇ ਖਾ ਜਾਈਂ। ਬੜੇ ਨਿਰਾਦਰ ਦੀ ਜ਼ਿੰਦਗੀ ਬਤੀਤ ਕਰਦੇ ਰਹੇ।

ਇਕ ਦਿਨ ਦੀ ਗੱਲ ਰੋਹੀ ਦਾ ਖੇਤ ਸੀ, ਰਸਤੇ ਦੇ ਉਤੇ ਸਰੋਂ ਪੁੱਟਣ ਵਾਸਤੇ ਭੇਜ ਦਿਤਾ, ਰੇਤੇ ਵਾਲਾ ਖੇਤ ਸੀ। ਦਾਤੀ ਨਹੀਂ ਦਿਤੀ, ਕਹਿੰਦੇ ਜੜ੍ਹਾਂ ਤੋਂ ਹੀ ਪੁੱਟੀ ਜਾਈਂ। ਸੋ ਇਸ ਤਰ੍ਹਾਂ ਕਰਦੇ-ਕਰਦੇ ਚਾਰ ਵੱਜ ਗਏ, ਨਾ ਕਿਸੇ ਨੇ ਪਾਣੀ ਨਾ ਕਿਸੇ ਨੇ ਲੱਸੀ, ਨਾ ਕਿਸੇ ਨੇ ਰੋਟੀ। ਉਥੇ ਕੋਈ ਜਾਨਣ ਵਾਲੇ ਆ ਗਏ ਕਿ ਹੈਂ ਭਾਈ ਗੋਦੜੀਆ ਐਡਾ ਮਹਾਤਮਾ ਇਹ ਕੀ ਕਰਨ ਲੱਗਿਆ ਹੋਇਆ ਹੈ। ਕਹਿਣ ਲੱਗੇ, ਭਾਈ ਸਾਹਿਬ! ਇਹ ਕੀ ਕਰ ਰਹੇ ਓਂ? ਕਹਿਣਾ ਤਾਂ ਸੀ ਕਿ ਸਰ੍ਹੋਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ। ਪਰੰਤੂ ਮੁਖ ਤੋਂ ਬਚਨ ਨਿਕਲਿਆ ਕਿ ਘਰਦਿਆਂ ਦੀਆਂ ਜੜਾ ਪੁੱਟ ਰਿਹਾਂ ਹਾਂ। ਇਕ ਹਫਤੇ ਦੇ ਅੰਦਰ-ਅੰਦਰ ਸਾਰੇ ਹੀ ਪੁੱਤ, ਸਾਰੇ ਹੀ ਬੱਚੇ ਸਾਰੀਆਂ ਹੀ ਨੂੰਹਾਂ ਸਭ ਸਫਾਇਆ ਹੋ ਗਿਆ। ਅਫਸੋਸ ਕਰਨ ਆਉਂਦੇ ਨੇ ਕਿ ਤੁਹਾਡੇ ਘਰ ਤੇ ਤਾਂ ਬੜਾ ਗ੍ਰਹਿ ਆ ਗਿਆ। ਕਹਿੰਦੇ ਕੋਈ ਨਹੀਂ, ਮਹਾਰਾਜ ਨੇ ਵਿਹਲੇ ਕਰ ਦਿਤੇ ਹੁਣ ਨਾਮ ਜਪਾਂਗੇ। ਜਾਂਦੇ-ਜਾਂਦੇ ਇਕ ਪਿੰਡ ਚਲੇ ਗਏ, ਉਥੇ ਇਕ ਮਾਈ ਨੇ ਦਹੀਂ ਲਿਆਂਦਾ। ਮਿਰਚਾਂ ਪਾ ਦਿਤੀਆਂ। ਭਾਂਡੇ ਲੈਣ ਆਈ ਕਹਿੰਦੀ, ਸੰਤ ਜੀ! ਦਹੀਂ ਠੀਕ ਸੀਗਾ। ਕਹਿੰਦੇ, ਦਹੀਂ ਤਾਂ ਮਰ ਜਾਣੀਏ ਠੀਕ ਸੀ, ਤੂੰ ਮਿਰਚਾਂ ਬਹੁਤੀਆਂ ਪਾ ਦਿਤੀਆ। ਮਰਜਾਣੀ ਕਹਿ ਹੋ ਗਿਆ। ਘਰ ਆਈ, ਆਉਂਦੀ ਦੇ ਹੀ ਸੱਪ ਲੜ ਗਿਆ। ਸਾਰਾ ਕਹਿਣ ਲੱਗੇ ਕੇ ਭਾਈ ਗੋਦੜੀਏ ਤੋਂ ਬਚ ਕੇ ਰਹੋ, ਕੋਈ ਗੱਲ ਨਾ ਕਹੋ। ਸੋ ਇਹ ਬਚਨ ਦੇ ਬਲੀ ਹੁੰਦੇ ਨੇ।

***ਸੂਰਬੀਰ ਬਚਨ ਕੇ ਬਲੀ ॥***
***ਕਉਲਾ ਬਪੁਰੀ ਸੰਤੀ ਛਲੀ ॥ ਅੰਗ - ੩੯੨***

ਮਾਇਆ ਦਾ ਅਸਰ ਨਹੀਂ ਉਨ੍ਹਾਂ ਤੇ ਹੋਇਆ ਕਰਦਾ। ਤੇ ਉਨ੍ਹਾਂ ਦੀ ਮਹਿਮਾ ਕਿੰਨੀ ਹੁੰਦੀ ਹੈ।

***ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅੰਗ - ੩੯੨***

ਦੇਵਤੇ ਵੀ ਉਨ੍ਹਾਂ ਦੇ ਦੀਵਾਨ ਵਿਚ ਬਹਿ ਜਾਂਦੇ ਨੇ, ਪ੍ਰਵਚਨ ਸੁਣਨ ਲਗ ਜਾਇਆ ਕਰਦੇ ਨੇ।

***ਮੋਘ ਦਰਸੁ ਸਫਲ ਜਾ ਕੀ ਸੇਵ ॥ ਅੰਗ - ੩੯੨***

ਉਹਦੇ ਦਰਸ਼ਨ ਕਰਨ ਨਾਲ ਹੀ ਪਾਪ ਦੂਰ ਹੋ ਜਾਂਦੇ ਨੇ। ਸੇਵਾ ਕਰਨ ਨਾਲ ਬੜੇ ਭਾਰੇ ਵਿਘਨ ਦੂਰ ਹੋ ਜਾਂਦੇ ਨੇ।

***ਕਰ ਜੋੜਿ ਨਾਨਕੁ ਕਰੇ ਅਰਦਾਸਿ ॥***
***ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥***
***ਅੰਗ - ੩੯੨***

ਹੇ ਵਾਹਿਗੁਰੂ ਮੇਰੇ ਤੇ ਵੀ ਤੂੰ ਦਿਆਲੂ ਹੋ ਜਾ, ਮੈਨੂੰ ਐਸੇ ਸੰਤਾਂ ਦੀ ਟਹਿਲ ਦੇ। ਸੋ ਇਹ ਸੰਤਾਂ ਦੀ ਜਦੋਂ ਅਵਸਥਾ ਹੁੰਦੀ ਹੈ ਤਾਂ ਫੇਰ ਉਹ ਹਰ ਵਕਤ ਵਾਹਿਗੁਰੂ ਦਾ ਚਿੰਤਨ ਕਰਦੇ ਨੇ। ਵਾਹਿਗੁਰੂ ਦੀ ਗੱਲ ਕਰਦੇ ਨੇ, ਆਪਸ ਵਿਚ ਵੀ ਜੋ ਵਿਚਾਰ ਕਰਨਗੇ ਉਸ ਵੇਲੇ ਵਾਹਿਗੁਰੂ ਦੀ ਵਿਚਾਰ ਕਰਨਗੇ ਤੇ ਜਦੋਂ ਦੇਖਣਗੇ ਸਭ ਵਿਚ ਹੀ ਵਾਹਿਗੁਰੂ ਦੇਖਣਗੇ ਤੇ ਬ੍ਰਹਮਾਕਾਰ ਬਿਰਤੀ ਹੁੰਦੀ ਹੈ, ਹਰ ਵਕਤ ਦੇਖਦੇ

ਨੇ।

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਅੰਗ - ੯੨੨*

ਹਰ ਵਕਤ ਪ੍ਰਮੇਸ਼ਰ, ਪ੍ਰਭੂ ਨੂੰ ਦੇਖਦੇ ਨੇ ਸਭ 'ਚ ਤੇ ਪ੍ਰਭੂ ਉਨ੍ਹਾਂ ਕੋਲ ਸਾਖਸ਼ਾਤਕਾਰ ਰਹਿੰਦਾ ਹੈ, ਲੁਕਿਆ ਹੋਇਆ ਨਹੀਂ ਹੁੰਦਾ। ਫਲ ਕੀ ਹੁੰਦਾ ਹੈ ਕਿ ਹਉਮੈ ਦਾ ਨਾਸ਼ ਪੂਰਨ ਤੌਰ ਤੇ ਹੋ ਜਾਇਆ ਕਰਦਾ ਹੈ। ਅਗਿਆਨ ਦੀ ਨਵਿਰਤੀ ਹੋ ਜਾਂਦੀ ਹੈ ਅਤੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*

ਪਰਗਾਸ ਹੋ ਗਿਆ, ਸਥਿਤੀ ਪੱਕ ਗਈ ਤੇ ਅਵਸਥਾ ਇਸ ਤੋਂ ਅੱਗੇ ਚਲੀ ਗਈ। ਉਸ ਤੋਂ ਅੱਗੇ ਅਵਸਥਾ ਕੀਹਦੀ ਹੁੰਦੀ ਹੈ, ਬ੍ਰਹਮਗਿਆਨੀ ਦੀ ਹੋਇਆ ਕਰਦੀ ਹੈ। ਉਨ੍ਹਾਂ ਦੇ ਅੰਦਰ ਉਪਰਾਮਤਾ ਹੁੰਦੀ ਹੈ। ਕਿਤੇ ਦਿਲ ਨਹੀਂ ਲਾਇਆ ਕਰਦੇ ਕਿ ਇਥੇ ਟਿਕ ਕੇ ਬਹਿ ਗਏ, ਦੂਸਰਾ ਪੂਰੀ ਤਰ੍ਹਾਂ ਨਿਰਬਾਣ ਹੁੰਦੇ ਨੇ। ਤੀਸਰਾ ਪ੍ਰਵਿਰਤੀ ਦਾ ਪੂਰੀ ਤਰ੍ਹਾਂ ਅਵਾਨ ਹੁੰਦਾ ਹੈ, ਹੋਵੇ ਤਾਂ ਵੀ ਚੰਗਾ, ਕੱਖ ਵੀ ਨਾ ਹੋਵੇ ਤਾਂ ਵੀ ਚੰਗਾ, ਪ੍ਰਵਿਰਤੀ ਦੇ ਵਿਚ ਲੀਨ ਨਹੀਂ ਹੁੰਦੇ, ਆ ਗਿਆ ਤਾਂ ਵੀ ਠੀਕ ਹੈ, ਨਹੀਂ ਆਇਆ ਤਾਂ ਵੀ ਠੀਕ ਹੈ। ਅਭਾਵ ਹੋਇਆ ਕਰਦਾ ਹੈ ਕਿਸੇ ਚੀਜ਼ ਨਾਲ ਮੋਹ ਨਹੀਂ ਹੋਇਆ ਕਰਦਾ। ਬਾਬਾ ਗੁਰਬਖਸ਼ ਸਿੰਘ ਜੀ ਦਾ ਡੇਰਾ ਅਹਿਮਦਸ਼ਾਹ ਅਬਦਾਲੀ ਨੇ ਲੁੱਟ ਲਿਆ। ਲਾਹੌਰ ਪਤਾ ਲੱਗਿਆ ਕਿ ਉਹ ਤਾਂ ਬੜੇ ਖੁਦਾ ਰਸੀਦਾ ਪੁਰਸ਼ ਨੇ, ਬਾਬਾ ਜੀ ਨੂੰ ਬੁਲਾਇਆ ਕਹਿਣ ਲੱਗੇ, ਤੁਸੀਂ ਚੀਜ਼ਾਂ ਪਛਾਣ ਲਓ ਅਸੀਂ ਵਾਪਸ ਕਰ ਦੇਈਏ। ਐਡੇ-ਐਡੇ ਬਰਤਨ ਚੁੱਕੇ ਗਏ ਧਿਆਨ ਹੀ ਨਹੀਂ ਦਿਤਾ। ਸਭ ਨੇ ਮਸਤਕ ਨਿਵਾ ਦਿਤਾ ਕਿਉਂਕਿ ਪਦਾਰਥ ਅਭਾਵ ਨਹੀਂ ਸੀ ਉਥੇ। ਸੋ ਵਾਦ-ਵਿਵਾਦ 'ਚ ਨਹੀਂ ਪੈਂਦੇ ਸੰਤ ਕਿਸੇ ਵੀ, ਕੋਈ ਝਗੜਾ ਨਹੀਂ ਮੁੱਲ ਲੈਂਦੇ, ਮਾੜੀਆਂ ਗੱਲਾਂ ਕਹੀ ਜਾਵੇ ਕੋਈ ਚੁੱਪ ਕਰ ਰਹਿੰਦੇ ਨੇ, ਕੋਈ ਸ਼ੰਕਾ ਨਵਿਰਤ ਕਰੇ ਫੇਰ ਗੱਲ ਕਰਦੇ ਨੇ, ਨਹੀਂ ਐਵੇਂ ਨਹੀਂ ਗੱਲਾਂ ਕਰਦੇ। ਬੜੇ ਮਹਾਤਮਾ ਦੀਆਂ ਐਸੀਆਂ ਸਾਖੀਆਂ ਨੇ ਕਿ ਬਾਦ-ਵਿਵਾਦ 'ਚ ਨਹੀਂ ਉਹ ਪਏ, ਅਭਾਵ ਹੁੰਦਾ ਹੈ ਉਨ੍ਹਾਂ ਦੇ ਅੰਦਰ ਆਪੇ ਹੀ। ਦੁੱਖ ਦਾ ਵੀ ਅਭਾਵ ਹੁੰਦਾ ਹੈ, ਦੁਖ ਨੂੰ ਵੀ ਸੁੱਖ ਕਰਕੇ ਮੰਨਦੇ ਨੇ।

ਭਾਈ ਮਨੀ ਸਿੰਘ ਦੇ ਬੰਦ-ਬੰਦ ਕੱਟੇ ਜਾ ਰਹੇ ਨੇ। ਜਿਸ ਵਕਤ ਪਹਿਲਾ ਅੰਗ ਕਲਾਈ ਤੋਂ ਕੱਟਣਾ ਸ਼ੁਰੂ ਕਰਿਆ, ਕਹਿਣ ਲੱਗੇ, ਜਲਾਦ ਤੂੰ ਹੁਕਮ ਦੀ ਪਾਲਣਾ ਨਹੀਂ ਕਰ ਰਿਹਾ। ਕਹਿੰਦਾ ਹੁਕਮ ਹੋਇਆ ਹੈ ਬੰਦ ਕੱਟਣ ਦਾ। ਕਹਿੰਦੇ ਬੰਦ ਤਾਂ ਉਂਗਲੀਆਂ ਤੋਂ ਸ਼ੁਰੂ ਹੁੰਦੇ ਨੇ, ਤਿੰਨ ਬੰਦ ਪਹਿਲੀ ਉਂਗਲੀ ਦੇ, ਤਿੰਨ ਚੀਚੀ ਦੇ, 15 ਇਹ ਹੋ ਗਏ ਤੇ ਫੇਰ ਸੋਲ੍ਹਵਾਂ ਆਹ ਮੇਰੀ ਕਲਾਈ ਆਉਂਦੀ ਹੈ, ਤੂੰ ਫਾਹਾ ਵਢਦਾ ਹੈਂ। ਜੇ ਦੁਖ ਦਾ ਪਤਾ ਹੁੰਦਾ ਤਾਂ ਕਿਉਂ ਕਹਿੰਦੇ, ਇਹ ਕਹਿੰਦੇ ਕਿ ਗਰਦਨ ਵੱਢ ਪਹਿਲਾਂ ਪਿਛੋਂ ਵੱਢ ਦੇਈ ਬਾਕੀ। ਅਭਾਵ ਹੁੰਦਾ ਹੈ ਤੇ ਨਿਰਵਾਣ ਅਨੰਦ ਹੁੰਦਾ ਹੈ। ਨਿਰਵਾਣ ਅਨੰਦ ਉਹਨੂੰ ਕਹਿੰਦੇ ਨੇ ਕਿ ਜਿਹੜਾ ਟੁੱਟੇ ਨਾ।

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ ॥ ਅੰਗ - ੭੧੪*

ਇਹ ਜੋ ਹੋਇਆ ਕਰਦੀ ਹੈ ਇਹਦਾ ਫਲ ਕੀ ਹੋਇਆ ਕਰਦਾ ਹੈ, ਵਾਸ਼ਨਾਵਾਂ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਂਦੀਆਂ ਨੇ ਤੇ ਹਰ ਪਾਸੇ ਵਾਹਿਗੁਰੂ ਨਜ਼ਰ ਆਉਂਦਾ ਹੈ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਸੁਖਮਨੀ ਸਾਹਿਬ ਜੀ ਦੀ ਜੋ ਅਸਟਪਦੀ ਹੈ ਅੱਠਵੀਂ ਉਹਦੇ ਅੰਦਰ ਮਹਾਰਾਜ ਜੀ ਨੇ ਬ੍ਰਹਮਗਿਆਨੀ ਦੇ ਲੱਛਣ ਕਥਨ ਕੀਤੇ ਨੇ। ਵਿਚਾਰ ਵਾਲੇ ਉਥੋਂ ਪੜ੍ਹ ਲਓ ਤੇ ਆਪ ਦਾ ਫੁਰਮਾਨ ਹੈ ਕਿ -

*ਬ੍ਰਹਮ ਗਿਆਨੀ ਸਦਾ ਨਿਰਲੇਪ ॥*
*ਜੈਸੇ ਜਲ ਮਹਿ ਕਮਲ ਅਲੇਪ ॥*
*ਬ੍ਰਹਮ ਗਿਆਨੀ ਸਦਾ ਨਿਰਦੋਖ ॥*
*ਜੈਸੇ ਸੂਰੁ ਸਰਬ ਕਉ ਸੋਖ ॥*
*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥*
*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥*
*ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥*
*ਅੰਗ - ੨੭੨*

ਕਿੱਡਾ ਦਰਜਾ ਉੱਚਾ ਹੋ ਗਿਆ, ਮਹਾਰਾਜ ਕਹਿੰਦੇ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੨*

ਵਾਹਿਗੁਰੂ ਦਾ ਹੀ ਸਰੂਪ ਹੋ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਹੋਰ ਦਰਜਾ ਜਦੋਂ ਇਸ ਤੋਂ ਵੀ ਪਰਪੱਕ ਹੋ ਜਾਇਆ ਕਰਦਾ ਹੈ ਉਥੇ ਪਦਾਰਥ ਦੀ ਅਭਾਵਨੀ ਹੋ ਜਾਂਦੀ

ਹੈ। ਵਾਹਿਗੁਰੂ 'ਚ ਸਥਿਤ ਹੋ ਜਾਂਦਾ ਹੈ, ਸੰਸਾਰ ਅਲੋਪ ਹੋ ਜਾਂਦਾ ਹੈ ਪੂਰੀ ਤਰ੍ਹਾਂ ਦੇ ਨਾਲ। ਨਾ ਕੋਈ ਆਪਨਾ ਰਹਿੰਦਾ ਹੈ ਨਾ ਕੋਈ ਬੇਗਾਨਾ ਰਹਿੰਦਾ ਹੈ। ਨਾ ਕੋਈ ਬੁਰਾ ਰਹਿੰਦਾ ਹੈ, ਨਾ ਕੋਈ ਚੰਗਾ ਰਹਿੰਦਾ ਹੈ, ਕੀ ਦੇਖਦਾ ਹੈ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਇਹ ਤਾਂ ਤੂੰ ਰਹਿ ਗਿਆ, ਇਥੇ ਤਾਂ ਦੂਜਾ ਕੋਈ ਨਹੀਂ ਹੈ।

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਬ੍ਰਹਮ ਦੀ ਪਛਾਣ, ਬ੍ਰਹਮ ਦਾ ਰੂਪ ਬਣ ਗਿਆ, ਵਾਹਿਗੁਰੂ ਦਾ ਸਰੂਪ ਬਣ ਗਿਆ ਤੇ ਹੁਣ ਬਾਹਰ ਅਸਰ ਕੀ ਹੁੰਦਾ ਹੈ ਕਹਿੰਦੇ ਤਤ੍ਵ ਦਾ ਪੂਰਨ ਗਿਆਨ ਹੋ ਗਿਆ, ਇਹ ਨਹੀਂ ਹੈ ਕਿ ਘੰਟਾ ਗਿਆਨ ਰਿਹਾ, ਦੋ ਘੰਟੇ ਗਿਆਨ ਰਿਹਾ, ਸਮਾਂ ਖਤਮ ਹੋ ਜਾਂਦਾ ਹੈ ਉਹਦੇ ਕੋਲ ਤੇ ਮਨੋ ਨਾਸ਼ ਹੋ ਜਾਂਦਾ ਹੈ। ਮਨ ਹੁਣ ਫੁਰਨੇ ਨਹੀਂ ਕਰਦਾ। ਹੁਣ ਹੁੰਦਾ ਕੀ ਹੈ, ਇਥੇ cosmic ਮਨ ਕੰਮ ਕਰਦਾ ਹੈ, ਜੀਹਨੂੰ ਹੁਕਮ ਕਹਿੰਦੇ ਨੇ, ਗੁਰੂ ਨਾਨਕ ਨੂੰ ਪੁੱਛਿਆ ਸਿੱਧਾਂ ਨੇ, ਗੋਰਖਨਾਥ ਨੇ ਕਿ ਹੇ ਨਾਨਕ! ਤੂੰ ਜੇ ਇਹ ਕਹਿੰਦਾ ਹੈ ਕਿ ਸੰਸਾਰ ਜਿਹੜਾ ਹੈ ਇਹ ਹਉਮੈ ਤੋਂ ਬਣਿਆ ਹੈ, ਹਉਮੈ ਜਾਵੇ ਕਿਵੇਂ? ਸਵਾਲ ਇਹ ਸੀ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ - ੯੪੬*

ਮਹਾਰਾਜ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਕਹਿਣ ਲੱਗੇ, ਫੇਰ ਹਉਮੈ ਜਾਵੇ ਕਿਵੇਂ? ਕਿਵ ਸਚਿਆਰਾ ਹੋਇਐ ਕਿਵ ਕੂੜੈ ਤੁਟੇ ਪਾਲਿ' ਸਵਾਲ ਕਰ ਦਿਤਾ। ਮਹਾਰਾਜ ਕਹਿੰਦੇ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ - ੧*

ਮਨ ਦਾ ਨਾਸ਼ ਹੋ ਗਿਆ, ਹੁਣ ਮਨ ਫੁਰਨੇ ਨਹੀਂ ਕਰਦਾ। cosmic ਮਨ ਸਰੀਰ ਨੂੰ ਚਲਾ ਰਿਹਾ ਹੈ। ਹੁਣ ਜੋ ਸਰੀਰ ਚਲ ਰਿਹਾ ਹੈ ਰੀਮੋਟ ਕੰਟਰੋਲ ਨਾਲ ਚਲ ਰਿਹਾ ਹੈ ਆਪਣੀ ਮਰਜ਼ੀ ਨਾਲ ਨਹੀਂ ਚੱਲ ਰਹੀ। ਓਸ ਪਰਮ ਸੱਤਾ ਦੀ ਮਰਜ਼ੀ ਨਾਲ ਚਲ ਰਹੀ ਹੈ ਜਿਹੜਾ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ। ਉਹ ਇਸ ਨੂੰ ਵੀ ਚਲਾ ਰਿਹਾ ਹੈ ਕਿਉਂਕਿ ਇਥੇ ਮਨੋਨਾਸ਼ ਹੋ ਗਿਆ ਤੇ ਵਾਸ਼ਨਾ ਖ੍ਯੈ ਹੋ ਗਈ। ਕੋਈ ਵੀ ਵਾਸ਼ਨਾ, ਕਿਸੇ ਕਿਸਮ ਦੀ ਮਨ 'ਚ ਉਠਦੀ ਹੀ ਨਹੀਂ। ਦ੍ਰਿਸ਼ਟੀ ਉਸ ਦੀ ਸਮ ਦ੍ਰਿਸ਼ਟੀ ਹੋ ਗਈ। ਨਾ ਕੋਈ ਦੁਸ਼ਮਨ ਹੈ, ਨਾ ਕੋਈ ਮਿਤਰ ਹੈ, ਨਾ ਕੋਈ ਆਪਣਾ ਹੈ ਨਾ ਕੋਈ ਬੇਗਾਨਾ ਹੈ, ਸਮਦ੍ਰਿਸ਼ਟੀ 'ਚ ਆ ਗਏ। ਇਕੋ ਦ੍ਰਿਸ਼ਟੀ ਸਾਰਿਆਂ ਦੇ ਉਤੇ ਰੱਖ ਦਿਤੀ ਤੇ ਪਰਮ ਚੇਤਨ ਵਾਹਿਗੁਰੂ ਦੇ ਅੰਦਰ ਸਥਿਤੀ ਹੋ ਗਈ ਜੀਉਂਦੇ-ਜੀਉਂਦੇ ਹੀ। ਹੁਣ ਦੋ ਨਹੀਂ ਰਹੇ, ਪੂਰਨ ਤੌਰ ਤੇ ਇਕ ਹੋਇਆ-ਹੋਇਆ ਹੈ ਤੇ ਅਦ੍ਵੈਤ ਦ੍ਰਿਸ਼ਟੀ ਹੋ ਗਈ। ਦ੍ਵੈਤ ਨਹੀਂ ਰਹੀ ਕਿਸੇ ਕਿਸਮ ਦੀ ਤੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਦੇਖਦਾ ਹੈ ਜਿਧਰ ਨਜ਼ਰ ਆਉਂਦਾ ਹੈ, ਹੋਰ ਕੋਈ ਨਜ਼ਰ ਆਉਂਦਾ ਨਹੀਂ।

ਨਾਮਦੇਵ ਜੀ ਪ੍ਰਸ਼ਾਦੇ ਲਾਹ ਕੇ ਹਟੇ ਚੋਪੜਨ ਵਾਸਤੇ, ਕੋਠੜੀ ਵਿਚੋਂ ਘਿਓ ਦਾ ਬਰਤਨ ਕੱਢਣ ਲੱਗੇ, ਕੁੱਤਾ ਕੋਲ ਬੈਠਾ ਸੀ ਰੋਟੀ ਲੈ ਕੇ ਨੱਠ ਗਿਆ। ਪਿਛੇ-ਪਿਛੇ ਨਾਮਦੇਵ ਜੀ ਹਾਕਾਂ ਮਾਰਦੇ ਜਾਂਦੇ ਨੇ, ਪ੍ਰਭੂ! ਰੁੱਖੜੀ ਨਾ ਖਾਇਓ-ਰੁੱਖੜੀ ਨਾ ਖਾਇਓ। ਲੋਕ ਦੇਖਦੇ ਨੇ ਕਿ ਕੁੱਤਾ ਰੋਟੀਆਂ ਲਈ ਜਾਂਦਾ ਹੈ, ਇਹ ਪ੍ਰਭੂ-ਪ੍ਰਭੂ ਕਰਦਾ ਮਗਰ ਦੌੜਿਆ ਜਾਂਦਾ ਹੈ। ਕੁੱਤਾ ਵੀ ਦੌੜਦਾ ਗਿਆ, ਇਹ ਵੀ ਦੌੜਦੇ ਗਏ। ਹੱਥ ਵਿਚ ਘਿਓ ਦਾ ਬਰਤਨ ਹੈ। ਕੁੱਤੇ ਨੇ ਉਥੇ ਰੋਟੀਆਂ ਰੱਖ ਦਿਤੀਆਂ, ਨਾਮਦੇਵ ਨੀਵੀ ਪਾ ਕੇ ਚੋਪੜੀ ਜਾਂਦੇ ਨੇ, ਕੱਪੜਾ ਵਿਛਾ ਦਿਤਾ ਉਹਦੇ ਉਤੇ ਰੱਖੀ ਜਾਂਦੇ ਨੇ, ਪ੍ਰਭੂ ਐਉਂ ਖਾਣੀ ਸੀ, ਮੇਰੇ ਤੋਂ ਭੁੱਲ ਹੋ ਗਈ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੇ ਨੇ ਕਿ ਉਥੇ ਕੋਈ ਨਾ ਕੋਈ ਕੁੱਤਾ, ਉਥੇ ਉਨ੍ਹਾਂ ਦੀ ਭਾਵਨਾ ਦਾ ਪ੍ਰਮੇਸ਼ਰ ਬੈਠਾ ਹੈ, ਹੱਸ ਰਿਹਾ ਹੈ। ਕਹਿੰਦੇ, ਨਾਮਦੇਵ! ਕੁੱਤਿਆਂ 'ਚ ਵੀ ਦੇਖ ਲਿਆ? ਕਹਿੰਦੇ ਪ੍ਰਭੂ! ਐਉਂ ਦੱਸੋ ਤੁਸੀਂ ਹੈ ਕਿੱਥੇ ਨਹੀਂ? ਤੁਸੀਂ ਹੀ ਹੋਂ ਸਾਰੇ ਸੰਸਾਰ ਦੇ ਅੰਦਰ ਇਥੇ ਦੂਜਾ ਤਾਂ ਕੋਈ ਹੈ ਨਹੀਂ।

*ਜਲ ਤਰੰਗ ਅਰੁ ਫੇਨ ਬੁਦਬੁਦਾ*
*ਜਲ ਤੇ ਭਿੰਨ ਨ ਹੋਈ ॥ ਅੰਗ - ੪੮੫*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥ ੧ ॥ ਰਹਾਉ ॥*
*ਏਕਲ ਮਾਟੀ ਕੁੰਜਰ ਚੀਟੀ*
*ਭਾਜਨ ਹੈਂ ਬਹੁ ਨਾਨਾ ਰੇ ॥ ਅੰਗ - ੯੮੮*

ਅਨੇਕ ਕਿਸਮ ਦੇ ਭਾਂਡੇ ਨੇ ਪਰ ਹੈ ਤਾਂ ਮਿੱਟੀ। ਗਹਿਣੇ ਬੇਅੰਤ ਕਿਸਮ ਦੇ ਨੇ ਪਰ ਹੈ ਸੋਨਾ। ਬਰਤਨਾਂ ਦੇ ਵਿਚ ਸਾਰਿਆਂ ਦੇ ਵਿਚ ਆਕਾਸ਼ ਹੈ ਪਰ ਹੈ ਤਾਂ ਆਕਾਸ਼ ਸਪੇਸ ਹੀ ਹੈ। ਬਿਆਧੀ ਕਰਕੇ ਪ੍ਰਤੀਤ ਦਿੰਦਾ ਹੈ। ਸੋ ਇਹ ਬਿਰਤੀ ਸਮਦ੍ਰਿਸ਼ਟੀ ਦੀ ਤੇ ਅਦ੍ਵੈਤ ਦ੍ਰਿਸ਼ਟੀ ਦੀ ਪੈਦਾ ਹੋ ਜਾਂਦੀ ਹੈ ਤੇ ਪਦਾਰਥ ਅਭਾਵਨੀ ਦੀ ਅਵਸਥਾ ਹੋਇਆ ਕਰਦੀ ਹੈ। ਇਸ ਤੋਂ ਉਪਰ ਪਰਮਪਦ ਸੱਤਵੀਂ ਅਵਸਥਾ ਆ ਜਾਇਆ ਕਰਦੀ ਹੈ। ਜਿਹਨੂੰ ਤੁਰੀਆ ਅਵਸਥਾ, ਨਿਜ ਘਰ ਦੀ ਅਵਸਥਾ, ਪਰਮਪਦ ਦੀ ਅਵਸਥਾ, ਥਿਰ ਘਰ ਦੀ ਅਵਸਥਾ, ਸੋ ਘਰ ਦੀ ਅਵਸਥਾ ਆਖਦੇ ਨੇ। ਇਹਦੇ ਵਿਚ ਸੰਕਲਪ ਪੂਰੀ ਤਰ੍ਹਾਂ ਦੇ ਨਾਲ ਅਭਾਵ ਹੋ ਜਾਂਦਾ ਹੈ। ਸਾਰੀਆਂ ਬਿਰਤੀਆਂ ਦਾ ਖਾਤਮਾ ਹੋ ਜਾਂਦਾ ਹੈ। ਨਾ ਪ੍ਰਮਾਣ ਬਿਰਤੀ ਹੁੰਦੀ ਹੈ, ਪ੍ਰਵਾਣ ਬਿਰਤੀ ਕੀ ਹੁੰਦੀ ਹੈ ਦਿਸਣ ਵਾਲੀਆਂ

ਚੀਜ਼ਾਂ 'ਚ ਮਨ ਦਾ ਪਰਚੇ ਰਹਿਣਾ ਖਤਮ ਹੋ ਜਾਂਦਾ ਹੈ। ਬਿਪਰਜੇ ਬਿਰਤੀ ਨਹੀਂ ਰਹਿੰਦੀ, ਜਗਤ ਨੂੰ ਸਤਿ ਮੰਨਣਾ ਤੇ ਬ੍ਰਹਮ ਨੂੰ ਝੂਠ ਮੰਨਣਾ। ਨਿੰਦਰਾ ਬਿਰਤੀ ਨਹੀਂ ਰਹਿੰਦੀ, ਸੁਪਨ, ਸਖੋਪਤ, ਜਾਗ੍ਰਤ ਇਹ ਤਿੰਨੇ ਗੁਣਾਂ ਦੀਆਂ ਬਿਰਤੀਆਂ ਨਿੰਦਰਾ ਬਿਰਤੀ ਕਹਾਉਂਦੀਆਂ ਨੇ। ਉਹ ਤੁਰੀਆ ਦੇ ਵਿਚ ਸਦਾ ਜਾਗਦੀ ਬਿਰਤੀ 'ਚ ਆ ਜਾਂਦੇ ਨੇ। ਸਿਮ੍ਰਤੀ ਨਹੀਂ ਰਹਿੰਦੀ, ਕੋਈ ਪਿਛਲੀ ਚੀਜ਼ ਯਾਦਦਾਸ਼ਤ 'ਚ ਆ ਕੇ ਤੰਗ ਨਹੀਂ ਕਰਦੀ। ਸੋ ਐਸ ਤਰ੍ਹਾਂ ਸਿਮ੍ਰਤੀ ਖਤਮ ਹੋ ਜਾਂਦੀ ਹੈ। ਬਿਰਤੀ ਇਕਾਗਰ ਨਾ ਹੋਣੀ ਵਿਕਲਪ ਜਿਸਨੂੰ ਆਖਦੇ ਨੇ, ਇਹ ਵੀ ਖਤਮ ਹੋ ਜਾਂਦਾ ਹੈ। ਸੋ ਹਿਰਦੇ ਦੀਆਂ ਜੋ ਗੰਢਾਂ ਪਈਆਂ ਹੋਈਆਂ ਨੇ, ਜੜ੍ਹ ਜੀਵ, ਜੀਵ ਜੜ੍ਹ, ਬ੍ਰਹਮ ਤੇ ਜੀਵ, ਜੀਵ ਤੇ ਬ੍ਰਹਮ ਇਹ ਸਾਰੀਆਂ ਗੰਢਾਂ ਜਿਹੜੀਆਂ ਨੇ ਖਤਮ ਹੋ ਕੇ ਬ੍ਰਹਮਾਕਾਰ ਬਿਰਤੀ ਦਾ ਵੀ ਅਭਾਵ ਹੋ ਜਾਂਦਾ ਹੈ ਤੇ ਓਸ ਵੇਲੇ ਸੰਕਲਪ ਦਾ ਅਭਾਵ ਹੋ ਜਾਂਦਾ ਹੈ। ਸਾਰੀਆਂ ਬਿਰਤੀਆਂ ਦਾ ਅਭਾਵ ਹੋ ਜਾਇਆ ਕਰਦਾ ਹੈ। ਹਿਰਦੇ ਦੀ ਗੰਢ ਖੁਲ੍ਹ ਜਾਂਦੀ ਹੈ, ਬ੍ਰਹਮਾਕਾਰ ਬਿਰਤੀ ਦਾ ਵੀ ਅਭਾਵ ਹੋ ਜਾਂਦਾ ਹੈ ਤੇ ਨਿਰਆਵਰਣ ਅਨੰਦ ਪ੍ਰਾਪਤ ਹੋ ਕੇ -

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ ॥* *ਅੰਗ - ੭੧੪*

ਸੋ ਚੇਤਨ ਪੂਰੀ ਤਰ੍ਹਾਂ ਚੇਤਨ ਹੋ ਜਾਂਦਾ ਹੈ ਤੇ ਫਲ ਕੀ ਹੋਇਆ ਕਰਦਾ ਹੈ ਕਿ ਉਹ ਸਰੀਰ ਦੇ ਵਿਚ ਰਹਿੰਦਾ ਹੋਇਆ ਵੀ ਵਿਦੇਹ ਮੁਕਤ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਵਾਹਿਗੁਰੂ ਤੱਕ ਪਹੁੰਚ ਜਾਂਦਾ ਹੈ। ਰਸਤੇ ਵਿਚ ਕੀ ਗੱਲਾਂ ਹੁੰਦੀਆਂ ਨੇ ਕੀ ਅਵਸਥਾ ਆਉਂਦੀਆਂ ਨੇ ਇਹਦਾ ਹੁਣ ਸਮਾਂ ਨਹੀਂ ਹੈ। ਇਹਦੇ ਵਾਸਤੇ ਵਾਹਿਗੁਰੂ ਨੇ ਚਾਹਿਆ ਤਾਂ ਫੇਰ ਵੀਚਾਰ ਕੀਤੀ ਜਾਵੇਗੀ। ਕਿਉਂਕਿ ਇਹ ਕੋਈ ਛੋਟੀ ਗੱਲ ਨਹੀਂ ਹੈ ਉਮਰਾਂ ਲੰਘ ਜਾਂਦੀਆਂ ਨੇ, ਜਨਮ ਲੰਘ ਜਾਂਦੇ ਨੇ, ਪਰ ਅਫਸੋਸ ਐਨਾ ਕੁਛ ਹੁੰਦਾ ਹੋਇਆ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਸ ਅਸੀਂ ਇਕ ਭੋਰਾ ਜਿੰਨੀ ਵੀ ਤਰੱਕੀ ਨਹੀਂ ਕੀਤੀ। ਹੇਠਾਂ ਨੂੰ ਗਿਰਦੇ ਜਾਂਦੇ ਹਾਂ। ਹੇਠਾਂ ਨੂੰ ਗਿਰਦੇ ਹੋਏ ਰਸਾਤਲ 'ਚ ਜਾ ਪਹੁੰਚੇ। ਗੁਰੂ ਗ੍ਰੰਥ ਸਾਹਿਬ ਛੱਡ ਦਿਤਾ, ਮਨ ਦੀ ਮਨੌਤ ਕਰਕੇ, ਆਤਮ ਮਾਰਗ ਦੀ ਥਾਂ ਦੇ ਉਤੇ ਮਾਇਆ ਮਾਰਗ ਪ੍ਰਚਲਤ ਹੈ। ਵੈਰ-ਵਿਰੋਧ ਦੇ ਪ੍ਰਚਲਤ ਹੈ ਜਦੋਂ ਤੱਕ ਅਸੀਂ ਆਤਮ ਮਾਰਗ ਦੇ ਉਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਸਤਿਸੰਗ ਕਰਕੇ, ਹਰੀ ਦਾ ਜਸ ਸਵਰਣ ਕਰਕੇ ਜਿਸ ਤਰ੍ਹਾਂ ਦੇ ਨਾਲ ਬੇਨਤੀਆਂ ਕੀਤੀਆਂ ਗਈਆਂ ਨੇ ਇਸ ਅਸੀਂ ਆਪਣਾ ਜੀਵਨ ਨਹੀਂ ਬਣਾਉਂਦੇ। ਓਨੀ ਦੇਰ ਤੱਕ ਅਸੀਂ ਕਿਸੇ ਕਿਨਾਰੇ ਨਹੀਂ ਪਹੁੰਚ ਸਕਦੇ, ਮਹਾਰਾਜ ਤਾਂ ਮਾਨਸ ਜਨਮ ਦੀ ਪ੍ਰਾਪਤੀ ਹੋਈ ਹੈ ਤੇ ਇਹ ਫੁਰਮਾਨ ਕਰਦੇ ਨੇ ਕਿ 'ਭਈ ਪਰਾਪਤਿ ਮਾਨੁਖ ਦੇਹੁਰੀਆ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਵਾਰੀ ਆ ਗਈ ਭਾਈ। ਮਿਲ ਲੈ। ਜੇ ਏਸੇ ਤਰੀਕੇ ਨਾਲ ਅਸੀਂ ਮਿਹਨਤ ਕਰੀਏ ਤਾਂ ਇਸੇ ਜਨਮ 'ਚ ਮੇਲ ਹੋ ਸਕਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

---

**(ਪੰਨਾ 38 ਦਾ ਬਾਕੀ)**

ਹਨ, ਹੌਲੀ-ਹੌਲੀ ਜਗਿਆਸੂ ਵਧੇਰੇ ਸੂਖਮ ਜਵਾਬ ਤੇ ਪਹੁੰਚ ਜਾਂਦਾ ਹੈ ਪਰ ਚੰਗਾ ਜਗਿਆਸੂ ਇਸਨੂੰ ਛੱਡ ਕੇ ਅੱਗੇ ਚਲਦਾ ਹੈ। ਉਹ ਆਪਾ ਚੀਨਣ ਦੀ ਪ੍ਰਤੀਕ੍ਰਿਆ ਜਾਰੀ ਰੱਖਦਾ ਹੈ। ਇਥੇ ਪਹੁੰਚ ਕੇ ਸਵੈ ਕਲਪਨਾ ਦੀ ਜਿਹੜੀ ਧਾਰਨਾ ਜੋ ਕਿ ਪਹਿਲਾਂ ਅਚੇਤ ਮਨ ਵਿਚ ਸੀ ਉਹ ਹੁਣ ਸਚੇਤਨਤਾ ਆ ਜਾਂਦੀ ਹੈ। ਜਗਿਆਸੂ ਇਨ੍ਹਾਂ ਨੂੰ ਪਰਖ ਸਕਦਾ ਹੈ, ਦੇਖ ਸਕਦਾ ਹੈ, ਇਹ ਜਾਣ ਸਕਦਾ ਹੈ ਕਿ ਉਸ ਦਾ ਅਚੇਤ ਮਨ ਉਸਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ। ਅੰਤ ਵਿਚ ਜਗਿਆਸੂ ਇਹ ਜਾਣ ਜਾਂਦਾ ਹੈ ਕਿ ਜੋ ਜੋ ਕੁਝ ਵੀ ਉਸ ਦੇ ਸਾਮ੍ਹਣੇ ਆਇਆ ਹੈ ਉਨ੍ਹਾਂ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਉਹ ਤਾਂ ਹੁਣ, ਜਾਂ ਕਹਿ ਲਵੋ ਉਸ ਦੀ ਸਵੈ-ਧਾਰਨਾ ਪਿਛਲੀਆਂ ਸਾਰੀਆਂ ਧਾਰਨਾਵਾਂ ਤੋਂ ਕਿਤੇ ਅੱਗੇ ਕਿਵੇਂ ਹੋਰ ਪਾਸੇ ਚਲੀ ਗਈ ਹੈ ਜਿਵੇਂ ਹੀ ਇਹ ਸਚੇਤਨਤਾ ਪ੍ਰਬਲ ਹੁੰਦੀ ਹੈ, ਜਗਿਆਸੂ ਵਧੇਰੇ ਤੁਰੰਤ ਆਪਣੇ ਅਨੁਭਵ ਲਈ ਚੌਕਸ ਹੋ ਜਾਂਦਾ ਹੈ ਉਹ ਇਹ ਸੋਚਦਾ ਹੀ ਨਹੀਂ ਉਹ ਕੌਣ ਹੈ? ਉਹ ਕੀ ਹੈ? ਇਸ ਪ੍ਰਤੀਕ੍ਰਿਆ ਰਾਹੀਂ ਜਗਿਆਸੂ ਸਾਰੇ ਬੰਨ੍ਹ ਤੋੜ ਲੈਂਦਾ ਹੈ, ਉਹ ਸਾਰੀਆਂ ਸੀਮਾ ਖਤਮ ਕਰ ਦਿੰਦਾ ਹੈ ਜਿਹੜੀਆਂ ਉਸ ਨੇ 'ਮੈਂ' ਦੀਆਂ ਤੇ 'ਮੈਂ ਨਹੀਂ' ਦੀਆਂ ਬਣਾਈਆਂ ਸੀ।

ਆਪਣਾ ਸਰੂਪ ਛੱਡਣਾ ਅਭੇਦਤਾ ਇਕ ਦਮ ਛੱਡ ਦੇਣੀ, ਆਪਣੇ ਆਪ ਨੂੰ ਲਗਾਤਾਰ ਚੇਤਨਤਾ ਦੇ ਵਿਕਾਸ ਵਿਚ ਲਗਾ ਦੇਣਾ, ਇਹ ਸਾਰੀ ਪ੍ਰਤੀਕ੍ਰਿਆ ਬਹੁਤ ਹੀ ਔਖਾ ਤੇ ਮਿਹਨਤੀ ਕੰਮ ਹੈ, ਇਸ ਵਿਚ ਬਹੁਤ ਸਮਾਂ ਲਗਦਾ ਹੈ। ਕਈ ਸਾਲ ਇਸ ਨੂੰ ਲਗ ਜਾਂਦੇ ਹਨ, ਕਈ ਸਮਾਂ ਇਸ ਦੀ ਸਿਖਿਆ ਲੈਣ ਲਈ ਲਗ ਜਾਂਦੇ ਹਨ, ਗੁਰੂ ਤੋਂ ਬਹੁਤ ਹੀ ਧੀਰਜ ਨਾਲ ਸਿਖਿਆ ਜਾਂਦਾ ਹੈ। ਸਲਾਹਕਾਰ ਤੇ ਦੋਸਤ ਮਿਤਰ ਵੀ ਸਹਾਇਤਾ ਕਰਦੇ ਹਨ। ਇਸ ਸਾਰੀ ਪ੍ਰਤੀਕ੍ਰਿਆ ਬੱਚਾ ਜਾਗਣ ਦੀ ਪ੍ਰਤੀਕ੍ਰਿਆ ਨਾਲ ਤੋਲਿਆ ਜਾ ਸਕਦਾ ਹੈ। ਯੋਗ ਮਨੋਵਿਗਿਆਨ ਇਕ ਤਰ੍ਹਾਂ ਨਾਲ ਇਕ ਦਾਈ ਦਾ ਕੰਮ ਕਰਦਾ ਹੈ, ਯੋਗ ਮਨੋਵਿਗਿਆਨ ਇਕ ਤਰ੍ਹਾਂ ਨਾਲ ਸਹਿਜ ਤੇ ਕੁਦਰਤੀ ਤਰੀਕੇ ਨਾਲ ਤਦਰੂਪਤਾ ਬਦਲ ਦਿੰਦਾ ਹੈ, ਦਰਦ ਤੇ ਭੈ ਦੀ ਥਾਂ ਤੁਸੀਂ ਪ੍ਰੋਤਸਾਹਿਤ ਹੁੰਦੇ ਹੋ, ਅਨੰਦ ਮਹਿਸੂਸ ਕਰਦੇ ਹੋ।

(*******)

ਪ

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

## ਸੱਤ ਪਰਤਾਵੇਂ (ਸਮੁੰਦਰ)

ਸਮੁੰਦਰ ਹਾਂ, ਹਾਂ ਸਮੁੰਦਰ, ਸਮੁੰਦਰ ਹੀ ਸਮੁੰਦਰ-ਨਜ਼ਰ ਦੀ ਹੱਦ ਤੋਂ ਬੀ ਪਰ੍ਹੇ ਤੀਕ ਵਿਸਤੀਰਣ, ਨੀਲੀ ਭਾ ਦੀ ਚਾਦਰ ਵਾਂਗੂੰ ਵਿਛਿਆ ਹੋਇਆ, ਲਹਿਰਾਂ ਤ੍ਰੰਗਾਂ ਦੀਆਂ ਲੀਹਾਂ ਲੀਕਾਂ ਤੋਂ ਸਾਫ, ਨਜ਼ਰਾਂ ਉਤੇ ਨਿਰੰਜਨ ਸੁੰਦਰਤਾ ਦਾ ਪਾ ਰਿਹਾ ਪ੍ਰਭਾਉ ਕਿਹਾ ਮੋਹ ਰਿਹਾ ਹੈ ਮਨ ਨੂੰ। ਸਮੁੰਦਰ ਹਾਂ ਸਮੁੰਦਰ - ਗਿਆਨਵਾਨ ਦੇ ਹਿਰਦੇ ਵਾਂਗੂੰ ਅਡੋਲ, ਇਞਾਣੇ ਦੀ ਗਾੜ੍ਹੀ ਨਿੰਦਰਾ ਵਾਂਗੂੰ ਮਗਨ, ਉਪਰ ਤਣੇ ਆਕਾਸ਼ ਵਾਂਗੂੰ ਨਿਤਰਿਆ ਹੋਇਆ, ਦੁਹਾਂ ਵਿਚਕਾਰੇ ਵਿਚਰਨ ਵਾਲੀ ਪਾਉਣ ਵਾਂਗੂੰ ਟਿਕਿਆ, ਮੋਨੀ ਸਾਧੂ ਵਾਂਗੂੰ ਚੁੱਪ, ਹਾਂ ਚੁੱਪ-ਟਿਕਾਉ ਵਿਚ ਹੈ ਸਾਗਰ ਇਸ ਵੇਲੇ। ਵਿਸ਼ਾਲਤਾ ਹੀ ਵਿਸ਼ਾਲਤਾ - ਅਨਹੱਦੀ ਵਿਸ਼ਾਲਤਾ ਦਾ ਲਖਾਇਕ ਹੈਂ ਤੂੰ ਹੇ ਸਾਗਰ! ਸਦੈਵਤਾ ਦਾ ਜਨਾਯਕ, ਕਾਲ ਕਲਮ ਦੀਆਂ ਰੇਖਾਂ ਡੋਬੂਆਂ ਤੋਂ ਬੇਦਾਗ ਹੈਂ ਤੂੰ। ਇਕਸਾਰਤਾ ਦਾ ਚਿਤ੍ਰ - ਜੇਹਾ ਸੈਂ ਬ੍ਰਹਮਾ ਦੇ ਜ਼ਮਾਨੇ, ਤੇਹਾ ਸੈਂ ਸਗਰ ਦੇ ਵੇਲੇ, ਜੇਹਾ ਸੈਂ ਸਗਰ ਦੇ ਸਮੇਂ ਤੇਹਾ ਸੈਂ ਭਾਗੀਰਥ ਦੇ ਵੇਲੇ, ਜਦੋਂ ਗੰਗਾ ਲਿਆ ਕੇ ਉਚੇ ਮੰਡਲਾਂ ਤੋਂ ਮੇਲੀ ਗਈ ਸੀ ਸਾਗਰ ਵਿਚ। ਹਾਂ ਜੇਹਾ ਸੈਂ ਕੱਲ ਪਰਸੋਂ ਤੇਹਾ ਹੈਂ ਅੱਜ। ਫੇਰ ਤੂੰ, ਹੇ ਸਾਗਰ! ਅਛੋਭ ਹੈਂ, ਹਰ ਹਾਲ ਅਛੋਭ, ਬੋਹਥੇ ਤੇ ਜਹਾਜ਼ ਛਾਤੀਆਂ ਚੀਰਦੇ ਤੁਰਦੇ ਹਨ ਤੇਰੇ ਉਤੇ ਤੂੰ ਅਛੋਭ, ਜੇ ਤਰਦੇ ਤਾਂ ਬੀ ਅਛੋਭ ਜੇ ਡੁਬਦੇ ਤਾਂ ਬੀ ਅਛੋਭ। ਜੇ ਲੋਕੀ ਮੋਤੀ ਮੋਂਗੇ ਰਤਨ ਕੱਢੀ ਜਾਂਦੇ ਹਨ ਤਾਂ ਬੇਪਰਵਾਹ ਜੇ ਚਾਂਦੀ ਸੋਨੇ ਹੀਰੇ ਰਤਨਾਂ ਪਦਾਰਥਾਂ ਤੇ ਜੀਵਾਂ ਭਰੇ ਜਹਾਜ਼ ਡੁਬਦੇ ਕਿ ਡੋਬੇ ਜਾਂਦੇ ਤੇਰੇ ਵਿਚ ਤਾਂ ਹਰਖ ਸ਼ੋਕ ਤੋਂ ਅਤੀਤ ਲੈ ਦੇ ਕੇ ਬੇਪਰਵਾਹ। ਗੰਭੀਰ ਹੈਂ ਸਾਗਰ ਤੂੰ! ਸਦਾ ਗੰਭੀਰ, ਕਦੇ ਆਪੇ ਤੋਂ ਬਾਹਰ ਨਹੀਂ ਹੋਇਆ, ਜੇ ਪੈ ਰਹੇ ਹਨ ਦਰਯਾ ਤੇ ਨਦ ਸਾਰੇ ਧਰਤੀ ਦੇ ਆ ਆ ਕੇ ਤਾਂ ਸਮਾਂ ਰਹੇ ਹਨ ਵਿਚ ਤੇਰੇ, ਨਾ ਉਛਲਨਾ ਹੈਂ ਤੂੰ ਨਾ ਆਪੇ ਤੋਂ ਬਾਹਰ ਹੁੰਦਾ ਹੈਂ ਤੂੰ। ਜੇ ਸੂਰਜ ਉਡਾ ਰਿਹਾ ਹੈ ਤੇਰੇ ਨੀਰ ਹਵਾੜਾਂ ਬਣਾ ਬਣਾ ਕੇ ਤਾਂ ਜਿਉਂ ਕਾ ਤਿਉਂ, ਨਾ ਬੇਠਾਂ ਲਹਿਨਾਂ ਹੈਂ, ਨਾ ਨੀਵਾਂ ਪੈਨਾ ਹੈਂ! ਹੇ ਇਕੋ ਜੇਹੇ! ਨਾ ਨਿਵਾਣ ਨਾ ਉਚਾਣ ਸਦਾ ਸਾਫ ਪੱਧਰੇ! ਜੇ ਕਦੇ ਹੱਸ ਪਿਓਂ ਮੁਸਕਰਾ ਪਿਓਂ ਜ਼ਰਾ ਤਾਂ ਪੌਣ ਦੀਆਂ ਅਠਖੇਲੀਆਂ ਲਾਡੀਆਂ ਨਾਲ, ਜੇ ਕਦੇ ਕੁਛ ਰੋਹੇ ਆਇਓਂ ਤਾਂ ਪੌਣ ਦੀ ਗੁਸਤਾਖੀ ਨਾਲ, ਜੇ ਇਸਨੇ ਖਹਿੜਾ ਨਾ ਕੀਤਾ ਤਾਂ ਆਪਣੇ ਰੰਗ ਰੱਤਾ ਅਡੋਲ, ਸ਼ਾਂਤਿ ਟਿਕਿਆ ਤੇ ਅਛੋਭ। ਨੀਵੇਂ ਥਾਂ ਵੱਸ ਕੇ ਫੇਰ ਇਕੋ ਜੇਹੇ ਰਹਿਣ ਵਾਲੇ ਕਿਵੇਂ ਤੂੰ ਖਿੱਚ ਲੈਨਾ ਹੈਂ ਆਪਣੇ ਵਿਚ ਅਰਸ਼ੀ ਨਜ਼ਾਰੇ, ਚੜ੍ਹਦੇ ਸੂਰਜ ਦੇ ਸੁਨਹਿਰੀ ਸਿੰਘਾਸਨ ਨੂੰ ਕਿਵੇਂ ਬੋਚ ਲੈਨਾ ਏਂ ਆਪਣੇ ਵਿਚ ਤੇ ਕਿਵੇਂ ਬੋਚ ਲੈਨਾ ਏਂ ਡੁਬਦੇ ਸੂਰਜ ਦੀ ਪੰਘਰੀ ਸਵਰਣ-ਲੁੱਟ ਨੂੰ। ਤੇਰੇ ਵਿਚ ਪ੍ਰਤਿਬਿੰਬਤ ਫੇਰ ਤੇਰੀ ਅਣੀ ਕੋਲ ਤੇਰੇ ਵਿਚ ਵੜਦਾ ਤੇਰੇ ਵਿਚ ਨ੍ਹਾਉਂਦਾ ਦਿਖਾਈ ਦੇਂਦਾ ਡਲ੍ਹਕਾਂ ਝਲਕਾਰਾਂ ਨਾਲ ਮਸਤੀਆਂ ਲਾ ਕਾ ਦਿੰਦਾ ਹੈ ਅਸਤ ਹੁੰਦਾ ਸੂਰਜ। ਹਾਂ ਰਾਤੀਂ ਚੰਦ ਤਾਰੇ-ਗਗਨਾਂ ਦੀਆਂ ਉਚਯਾਨਾਂ ਦੇ ਵਾਸੀ - ਕਿਵੇਂ ਦਿੱਸਦੇ ਹਨ ਪਏ ਤੇਰੇ ਵਿਚ ਡਲ੍ਹਕਾਂ ਮਾਰਦੇ ਤੇ ਅੱਖ ਮਟੱਕੇ ਲੜਾਉਂਦੇ, ਮਾਨੋਂ ਇਹ ਤੇਰੇ ਵਿਚ ਹੀ ਵਸਦੇ ਹਨ ਸਾਰੇ ਤੇ ਮਾਰਦੇ ਹਨ ਪਏ ਡਲ੍ਹਕਾਂ ਤੇ ਚਮਕਰਾ। ਨਿਉਂ ਚੱਲਣ ਵਾਲੇ ਪਰ ਉੱਚਤਾ ਦੇ ਪਾਣੀਹਾਰ! ਤੂੰ ਧਨ ਹੈਂ! ਸਾਗਰਾ! ਤੂੰ ਲਬਾ ਲਬ ਨਕਾ ਨਕਾ ਭਰਪੂਰ ਹੈਂ, ਸਦਾ ਡਲ੍ਹ ਡਲ੍ਹ ਕਰਦਾ ਪਰ ਕਦੇ ਡੁਲ੍ਹ ਡੁਲ੍ਹ ਨਾ ਪੈਂਦਾ ਹੈ। ਸਦਾ ਨਿਰਮਲ ਤੇ ਉਜਲੇ ਜਲ ਸਮੂੰਹ! ਤੂੰ ਸਾਰੇ ਜਗਤ ਦੀਆਂ ਮੈਲਾਂ ਦੇ ਦਰਿਆਵਾਂ ਦੇ ਦਰਿਆ ਲੈ ਲੈ ਕੇ ਫੇਰ ਨਿਰਮਲ ਦਾ ਨਿਰਮਲ। ਜੀਵ-ਸ਼੍ਰੇਣੀ ਨਾਲ ਭਰਪੂਰ ਹੋ ਕੇ ਬੀ ਹੇ ਸਾਗਰ ਤੂੰ ਏਕਾਂਤੀ ਹੈਂ। ਹਾਂ, ਤੇਰੇ ਉਤੇ ਅਸਲ ਏਕਾਂਤ ਤਾਰੀਆਂ ਲੈਂਦੀ ਹੈ। ਸੁਹਣਿਆਂ! ਤੇਰੇ ਦਰਸ਼ਨ ਸੱਜਰੇ, ਤਾਜ਼ੇ ਤਾਜ਼ਗੀਆਂ ਦੇ ਦਾਤੇ, ਠੰਢਾ ਪਾਉਣ ਵਾਲੇ ਤੇ ਮਨ ਨੂੰ ਮਨ ਵਿਚ ਜੋੜਨਹਾਰੇ ਹਨ। ਦੇਖ ਤੇਰੇ ਕਿਨਾਰੇ ਅੱਜ ਅੰਮ੍ਰਿਤ ਵੇਲੇ ਤੋਂ ਕੌਣ ਬੈਠੇ ਹਨ, ਤੇਰੇ ਵਾਂਗੂੰ ਅਡੋਲ ਤੇ ਟਿਕੇ ਹੋ? ਨਿਰੇ ਆਪੇ ਵਿਚ ਨਾ ਪਰ ਕਿਸੇ ਪਰਮ ਆਪੇ ਦੇ ਪ੍ਰੇਮ ਰੰਗ ਰੱਤੇ, ਦੂਈ ਦੀ ਵਿੱਥ ਕੱਟ ਕੇ, ਜੁੜੇ ਬੈਠੇ ਹਨ।

ਹਾਂ ਜੀ, ਦੇਖੋ ਇਕ ਸਮੁੰਦਰ ਦਾ ਅਤਿ ਰਮਣੀਕ ਕਿਨਾਰਾ ਹੈ ਜਿਸ ਤੇ ਬੈਠੇ ਹੋਏ ਹਨ ਸੰਤ ਬਿਮਲਾ ਸਿੰਘ ਜੀ ਸ੍ਵੇਰ ਦੇ ਚਾਰ ਵਜੇ ਤੋਂ ਧਿਆਨ ਮਗਨ ਆਪਣੇ ਪ੍ਰੀਤਮ ਦੇ, ਜੋ ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ਹੈ। ਹਵਾ ਟਿਕ ਗਈ ਹੋਈ ਸੀ, ਸਾਗਰ ਅਡੋਲ ਹੋ ਰਿਹਾ ਸੀ, ਸੰਤ ਸਾਂਈਆਂ ਜੀ ਵਿਚ ਮਗਨ ਹੋਏ ਸਮਾ ਰਹੇ ਸੇ ਕਿ ਅਸਮਾਨਾਂ ਦਾ ਰੰਗ ਬਦਲ ਗਿਆ, ਪੂਰੇ ਵਲ ਤਾਰਿਆਂ ਦੀ ਲੋ ਵਾਲੇ ਹਨ੍ਹੇਰੇ ਵਿਚ ਬੇਮਲੂਮ ਆਭਾ ਫਿਰ ਗਈ ਪਹੁ ਫੁਟਾਲੇ ਦੀ। ਲੋ ਵਧਣ ਲਗੀ ਚਾਨਣੇ ਦੀ ਤੇ ਪਸਰਨ ਲਗ ਗਈ ਸਾਗਰ ਦੇ ਸੀਨੇ ਉਤੇ ਮਲਕੜੇ ਮਲਕੜੇ। ਬੇ ਮਲੂਮ ਚਾਲ ਆ ਗਈ ਪਉਣ ਵਿਚ, ਇਕ ਮੱਧਮ ਧੂਨੀ ਆਉਂਦੀ ਹੈ ਸੰਗੀਤ ਚਾਲ ਦੀ - ਅਤਿ ਮੱਧਮ ਧੂਨੀ ਜੋ ਜਾਪਦੀ ਹੈ ਕਿ ਗਾਉਂ ਰਹੀ ਹੈ - ਉਹੀ, ਉਹੀ, ਉਹੀ। ਪਰ ਇਹ ਧੂਨੀ ਇਤਨੀ ਬਰੀਕ ਹੈ ਟਿਕਿਆਂ ਹੀ ਸੁਣਾਈ ਦਿੰਦੀ ਹੈ। ਪੂਰੇ ਵਲੋਂ ਚਾਨਣ ਵਧ ਪਿਆ, ਨਿਕਲ ਆਯਾ ਸੂਰਜ, ਮਾਨੋਂ ਸਮੁੰਦਰ ਵਿਚ ਨ੍ਹਾਕੇ ਨਿਕਲ ਰਿਹਾ ਹੈ ਕਿਸੇ ਸੋਨੇ ਦੇ ਬਣੇ ਮਨੁੱਖ ਵਰਗਾ ਡਲ੍ਹਕ ਡਲ੍ਹਕ ਕਰਦਾ, ਉਚਾ ਹੋ ਗਿਆ, ਕਿਰਨਾਂ ਦੇ ਬਾਣ ਛਡਿਓ ਸੁ। ਹਵਾ ਜ਼ਰਾ ਹੋਰ ਤੁਰ ਪਈ। ਸਾਗਰ ਤੇ ਆ ਗਈਆਂ ਨਿੱਕੀਆਂ ਲਹਿਰਾਂ, ਇਨ੍ਹਾਂ ਉਤੇ ਪੈ ਪੈ ਕੇ ਕਿਰਨਾਂ ਕਰ ਰਹੀਆਂ ਹਨ ਹੁਣ ਠੁਮਕ ਠੁਮਕ ਨਾਚ। ਕਿਵੇਂ ਨੱਚ-ਨੱਚ ਕੇ ਨਿਰਮਲ ਨੀਰਾਂ ਉਤੇ ਨੈਣ ਵਿਚ ਦਿੰਦੀਆਂ ਹਨ ਨ੍ਰਿਤਕਾਰੀ ਦਾ ਨੂਰੀ-ਨੂਰੀ ਦਰਸ਼ਨ। ਇਹ

'ਨ੍ਰਿਤਕਾਰੀ ਚਮਕਾਰ' ਪੈ ਰਿਹਾ ਹੈ ਸੰਤਾਂ ਦੇ ਨੈਣ ਛਪਾਂ ਉਤੇ, ਕਰ ਦਿੱਤੋਸੁ ਖਿੰਡਾਉ ਦਾ ਅਸਰ ਜੁੜੀਆਂ ਬ੍ਰਿਤੀਆਂ ਉਤੇ, ਨੈਣ ਖੁੱਲ੍ਹ ਪਏ ਸੰਤਾਂ ਦੇ, ਸੁੰਦਰਤਾ ਦਾ ਬੁੱਕਾ ਧਸ ਗਿਆ ਨੈਣਾਂ ਵਿਚ, ਟਿਕਿਆ ਮਨ ਉਥਾਨ ਹੁੰਦੇ ਸਾਰ ਸਿਫਤ ਸਲਾਹ ਦੇ ਰੰਗ ਵਿਚ ਸੰਗੀਤਕ ਲਹਿਰ ਲੈ ਕੇ ਲਹਿਰਾਇਆ, ਵਾਹ ਵਾਹ ਕੁਦਰਤ ਤੇਰੇ ਜਲਵੇ, ਵਾਹ ਵਾਹ ਕਾਦਰ ਤੇਰੀ ਕੁਦਰਤ! ਵਾਹ ਵਾਹ ਕਾਦਰ ਤੂੰ, ਵਾਹ, ਵਾਹ ਮਿਲੇ ਦੇਖਣਹਾਰ ਨੂੰ। ਧੰਨ ਤੂੰ, ਧੰਨ ਤੂੰ, ਧੰਨ ਤੂੰ ਨਿਰੇਕਾਰ! ਸਾਰੇ ਆਕਾਰ ਵਿਚ ਖੇਲਣ ਵਾਲੇ ਪਰ ਸਾਰੇ ਤੋਂ ਨਿਆਰੇ ਮੇਰੇ ਕਰਤਾਰ!

ਕੁਛ ਚਿਰ ਇਸ ਤਰ੍ਹਾਂ ਸਿਫਤ ਸਲਾਹੀ ਰੰਗ ਵਿਚ ਰਹਿ ਕੇ ਸੰਤਾਂ ਉਠਣ ਦੀ ਸਲਾਹ ਕੀਤੀ, ਚੁਪੇਰੇ ਤੱਕੇ, ਪਿਛੇ ਨਜ਼ਰ ਪਈ ਤਾਂ ਦੋ ਨੌਜਵਾਨ ਸਿੰਘ ਬੈਠਦੇ ਸਨ। ਦੋਹਾਂ ਨੇ ਦੁਇ ਹਥ ਜੋੜ ਕੇ ਅਦਬ ਨਾਲ ਫਤੇ ਬੁਲਾਈ, ਸੰਤਾਂ ਨੇ ਬੀ ਪਿਆਰ ਨਾਲ ਫਤਹਿ ਬੁਲਾਈ, ਸੁਖ ਸਾਂਦ ਤੇ ਆਉਣੇ ਦਾ ਕਾਰਨ ਪੁਛਿਆ। ਉਨ੍ਹਾਂ ਵਿਚੋਂ ਇਕ ਬੋਲਿਆ –

ਸੁਰੰਗ ਸਿੰਘ – ਖਿਮਾ ਕਰਨੀ ਅਸਾਂ ਸਵੇਰੇ ਹੀ ਆ ਆਪ ਜੀ ਨੂੰ ਖੇਚਲਾ ਦਿਤਾ ਹੈ। ਸ੍ਰੀ ਮਾਨ ਜੀ! ਦਸਮੇਂ ਪਾਤਸ਼ਾਹ ਜੀ ਦਾ ਗੁਰਪੁਰਬ ਦਿਨ ਆ ਰਿਹਾ ਹੈ, ਇਹ ਟਿਕਾਣਾ ਆਪ ਨੂੰ ਪਤਾ ਹੈ ਪੰਜਾਬ ਤੋਂ ਦੂਰ ਹੈ, ਅਸੀਂ ਥੋੜ੍ਹੇ ਸਿੱਖ ਇਥੇ ਹਾਂ, ਪਰ ਗੁਰਪੁਰਬ ਮਨਾਉਂਦੇ ਹਾਂ ਤੇ ਹੋਰ ਪ੍ਰਚਾਰ ਬੀ ਥੋੜ੍ਹਾ ਬਹੁਤ ਕਰਦੇ ਹਾਂ। ਸੁਣਿਆ ਸੀ ਕਿ ਆਪ ਇਥੇ ਆਏ ਹੋਏ ਹੋ ਤੇ ਉਦਾਸੀ ਸੰਤਾਂ ਦੇ ਡੇਰੇ ਟਿਕੇ ਹੋਏ ਹੋ, ਇਸ ਕਰਕੇ ਹਾਜ਼ਰ ਹੋਏ ਹਾਂ। ਸੁਣਿਆ ਹੈ ਕਿ ਆਪ ਨਿਰੇ ਏਕਾਂਤਵਾਸੀ ਨਹੀਂ, ਸੰਗਤਾਂ ਵਿਚ ਜਾਂਦੇ ਹੋ ਤੇ ਗੁਰਮਤਿ ਦਾ ਪ੍ਰਚਾਰ ਕਰਦੇ ਹੋ। ਆਪ ਦੀ ਕਹਿਣੀ ਕਰਨੀ ਇਕ ਹੈ, ਆਪ ਵਾਹਿਗੁਰੂ ਜੀ ਦੇ ਪਿਆਰੇ ਹੋ। ਇਸ ਗੁਰਪੁਰਬ ਤੇ ਆਪ ਦੀਵਾਨ ਵਿਚ ਆ ਕੇ ਪ੍ਰਚਾਰ ਕਰੋ, ਇਹ ਬੇਨਤੀ ਕਰਨ ਵਾਸਤੇ ਆਏ ਹਾਂ। ਦਾਸ ਸਿੰਘ ਸਭਾ ਦਾ ਸਕੱਤਰ ਹੈ ਤੇ ਇਹ ਭਾਈ ਸਾਹਿਬ ਜੀ ਸੁਵਰਨ ਸਿੰਘ ਜੀ ਪ੍ਰਧਾਨ ਹੈਨ, ਦੋਇ ਸੰਗਤ ਦੀ ਆਗਿਆ ਵਿਚ ਆਏ ਹਾਂ।

ਸੰਤ – ਭਾਈ ਜੀਉ ਆਇਆਂ ਨੂੰ। ਗੁਰਸਿੱਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ। ਸਿੱਖ ਦੇ ਦਰਸ਼ਨ ਬੜੇ ਮੁੱਲ ਵਾਲੇ ਹੁੰਦੇ ਹਨ। ਸਿੱਖ, ਗੁਰੂ ਕਾ ਸਿੱਖ...! ਹਾਂ ਦੇਵਤੇ ਗੁਰੂ ਕੇ ਪਿਆਰੇ ਸਿੱਖ ਦੇ ਦਰਸ਼ਨ ਨੂੰ ਲੋਚਦੇ ਹਨ, ਭਾਈ, ਸੰਗਤ ਦੀ ਆਗਿਆ ਸਿਰ ਮੱਥੇ ਤੇ ਹੈ। ਸਮਾਂ ਤੇ ਸਮੇਂ ਦੀ ਵੰਡ ਦੱਸ ਘੱਲਣੀ, ਇਹ ਸਰੀਰ ਗੁਰੂ ਕੀ ਸੇਵਾ ਵਿਚ ਹਾਜ਼ਰ ਹੋ ਜਾਏਗਾ। ਸੁਰੰਗ ਸਿੰਘ ਨੇ ਇਕ ਲਿਖਿਆ ਹੋਇਆ ਕਾਗਜ਼ ਦੇ ਦਿਤਾ, ਜਿਸ ਪਰ ਵੇਲੇ ਦੀ ਵੰਡ ਲਿਖੀ ਹੋਈ ਸੀ। ਸੰਤਾਂ ਨੇ ਵਾਚ ਲਈ ਤੇ ਕਹਿਣ ਲੱਗੇ –

(ਗਿਰਾਉ)

ਭਾਈ! ਇਕ ਗੱਲ ਦੱਸ ਦੇਣੀ ਕਿ ਸਿੰਘ ਸਭਾ ਇਕੋ ਹੈ ਇਥੇ ਕਿ ਦੋ। ਜੇ ਇਕ ਹੈ ਤਾਂ ਪਰਸਪਰ ਪਿਆਰ ਹੈ ਕਿ ਦੋ ਧੜੇ ਤੇ ਖਾਨਾ ਜੰਗੀ? ਇਹ ਗੱਲ ਸੁਣ ਕੇ ਦੁਇ ਮੁਸਕਰਾ ਪਏ। ਸੂਰਣ ਸਿੰਘ ਨੇ ਕਿਹਾ, ਮਹਾਰਾਜ ਜੀ, ਅਜੇ ਇਥੇ ਗੁਰੂ ਕ੍ਰਿਪਾ ਨਾਲ ਇਕੋ ਸਿੰਘ ਸਭਾ ਹੈ ਤੇ ਆਪੋ ਵਿਚ ਪਿਆਰ ਹੈ। ਆਪ ਨੇ ਸ਼ਾਇਦ ਇਸ ਲਈ ਪੁੱਛਿਆ ਹੈ ਕਿ ਸਿੱਖ ਦੇਸ਼ ਵਿਚ ਕਿ ਪਰਦੇਸ ਵਿਚ ਜਿਥੇ ਜਾਂਦੇ ਹਨ ਸਿੰਘ ਸਭਾ ਬਣਾ ਲੈਂਦੇ ਤੇ ਗੁਰਦੁਆਰਾ ਸਾਜ ਲੈਂਦੇ ਹਨ, ਤੇ ਚੰਗੀ ਕੁਰਬਾਨੀ ਕਰਦੇ ਹਨ, ਪਰ ਫੇਰ ਆਪੋ ਵਿਚ ਲੜ ਲੜ ਕੇ ਦੋ ਧੜੇ ਬਣ ਕੇ ਖਹਿੰ ਖਹਿੰ ਮਰਦੇ ਹਨ। ਇਹ ਅਫਸੋਸਨਾਕ ਹਾਲਤ ਇਸ ਸਮੇਂ ਪੰਥ ਵਿਚ ਪਰਵਿਰਤ ਹੈ ਪਰ ਇਥੇ ਅਜੇ ਇਹ ਬੀਮਾਰੀ ਨਹੀਂ ਆਈ। ਆਪ ਜੀ ਨੇ ਆਉਣੋਂ ਸੰਕੋਚ ਨਾ ਕਰਨਾ।

ਸੰਤ – ਭਾਈ ਅਸਾਂ ਆਉਣੋਂ ਸੰਕੋਚ ਕਰਨ ਵਾਸਤੇ ਨਹੀਂ ਪੁੱਛਿਆ, ਅਸਾਂ ਤਾਂ ਇਸ ਲਈ ਪੁਛਿਆ ਹੈ ਕਿ ਸਾਧੂ ਦਾ ਸਰੀਰ ਨਿਰਵੈਰ ਹੁੰਦਾ ਹੈ, ਉਹ ਕਿਸੇ ਵੈਰ ਵਿਰੋਧੀ ਧੜੇਬੰਦੀ ਦਾ ਪੱਖੀ ਨਹੀਂ ਹੁੰਦਾ, ਜੇ ਪਹਿਲੋਂ ਪਤਾ ਲਗ ਜਾਵੇ ਕਿ ਐਸਾ ਕੋਈ ਮਾੜਾ ਖੇਲ ਸਿੰਘਾਂ ਵਿਚ ਵਰਤ ਰਿਹਾ ਹੈ ਤਾਂ ਅਸੀਂ ਪਰਸਪਰ ਸਮਸਿਆ ਲਈ ਕੋਈ ਜਤਨ ਕਰੀਏ, ਇਕ ਦੋ ਥਾਂਈਂ ਇਸ ਸਰੀਰ ਤੋਂ ਸਤਿਗੁਰੂ ਜੀ ਨੇ ਇਹ ਸੇਵਾ ਲਈ ਹੈ।

ਸੁਰੰਗ ਸਿੰਘ – ਭਲਾ ਜੀਉ, ਅਸੀਂ ਗੁਰੂ ਗ੍ਰੰਥ ਸਾਹਿਬ ਜੀ ਵਰਗੀ ਪਿਆਰ ਵੈਰਾਗ ਤੇ ਪਰਮੇਸ਼ਰ ਮੇਲਣੀ ਬਾਣੀ ਦੇ ਉਪਾਸਕ ਹਾਂ, ਕੀਰਤਨ ਸੁਣਦੇ ਹਾਂ, ਨਿਤਨੇਮ ਕਰਦੇ ਹਾਂ, ਫੇਰ ਸਾਡੇ ਵਿਚ ਵੈਰ ਵਿਰੋਧ ਕਿਉਂ ਆ ਜਾਂਦਾ ਹੈ?

ਸੰਤ – ਗੁਰੂ ਜਾਣੇ ਕਿਵੇਂ ਹੈ, ਪੰਜਾਬ ਵਿਚ ਤੇ ਬਾਹਰ ਕਈ ਜਗਾ ਜੋ ਨਜ਼ਰੇ ਪਿਆ ਹੈ, ਇਸ ਸਰੀਰ ਦੀ ਸਮਝ ਇਹ ਆਯਾ ਹੈ ਕਿ ਇਨ੍ਹਾਂ ਦਾ ਕਾਰਨ ਇਕ ਮੁੱਢਲੀ ਭੁੱਲ ਹੈ, ਅਰਥਾਤ ਇਸ ਦਾ ਮੂਲ ਕਾਰਣ ਗੁਰੂ ਪ੍ਰਮੇਸ਼ਰ ਤੋਂ ਵਿਛੋੜਾ ਹੈ। ਸਿੱਖ ਦਾ ਮਤਲਬ ਹੈ ਕਿ ਇਹ ਕਿਸੇ ਗੁਰੂ ਦਾ ਹੈ ਸਿਖਾਂਦਰੂ। ਪਰ ਸਿੱਖ ਅੰਮ੍ਰਿਤ ਵੇਲੇ ਨਹੀਂ ਉਠਦਾ, ਗੁਰੂ ਦੀ ਟੇਕ ਨਹੀਂ ਲੈਂਦਾ, ਪਰਮੇਸ਼ਰ ਜੀ ਦੀ ਸਿਫਤ ਸਲਾਹ ਨਹੀਂ ਕਰਦਾ, ਉਸਦੇ ਨਾਮ ਦਾ ਆਸਰਾ ਲੈ ਕੇ ਉਸ ਵਿਚ ਮਨ ਨੂੰ ਜੋੜਦਾ ਨਹੀਂ, ਜੇ ਇਹ ਕਰਮ ਕਰ ਤਾਂ ਮਨ ਨਿਰਮਲ ਹੋਵੇ, ਦ੍ਵੈਖ ਹਟੇ ਤੇ ਪਿਆਰ ਉਪਜੇ, ਸਹਾਰਾ ਤੇ ਖਿਮਾ ਤਰੱਕੀ ਕਰੇ। ਐਸੇ ਸਿਖਾਂ ਵਿਚ ਪ੍ਰੇਮ ਵਰਤਾਉ ਦਿੱਸ ਆਵੇਗਾ। ਪਰ ਬਾਣੀ ਨਾਲ ਨੇਹੁੰ ਤੋੜਨ ਕਰਕੇ ਸਿੱਖਾਂ ਦੇ ਮਨਾਂ ਵਿਚ ਪਿਆਰ ਤੇ ਸਹਾਰੇ ਦੀ ਕਮੀ ਹੋ ਗਈ ਹੈ। ਨਾਮ ਤੋਂ ਅਗਲੇ ਦਰਜੇ ਦਾਨ ਹੈ, ਜਿਸਨੂੰ ਤੁਸੀਂ ਸ਼ਾਇਦ 'ਚੈਰਿਟੀ' ਆਖਦੇ ਹੋ। ਦਾਨ ਉੱਤਮ ਹੈ ਪਰ ਦਾਨ ਕਰੀਦਾ ਦੋ ਨੀਯਤਾਂ ਨਾਲ ਹੈ, ਸੋ ਫਲ ਨੀਯਤਾਂ ਅਨੁਸਾਰ ਲਗਦਾ ਹੈ। ਅਸਲ ਦਾਨ ਤਾਂ ਹੈ ਹਿਰਦੇ ਵਿਚ ਦਾਨ ਬ੍ਰਿਤੀ ਦਾ ਹੋਣਾ। ਜਿਥੇ ਇਹ ਬ੍ਰਿਤੀ ਹੋਵੇ ਓਥੇ ਜੇ ਅਮਲ ਵਿਚ ਆਵੇ ਤਾਂ ਇਹ ਦਾਨ ਦਾ ਵਰਤਾਉ ਕਹੀਦਾ ਹੈ। ਸੋ ਇਕ ਤਾਂ ਦਾਨੀ ਉਹ ਹੈ ਜੋ ਦੂਸਰੇ ਦੀ ਪੀੜਾ ਨੂੰ ਆਪਣੀ ਸਮਝ ਕੇ ਉਸਦੀ ਪੀੜ ਦੂਰ ਕਰਨ ਲਈ ਵਾਹਿਗੁਰੂ ਨਮਿਤ ਦਾਨ ਕਰਦਾ ਹੈ, ਦੂਸਰਾ ਇਸ ਲਈ

ਦਾਨ ਕਰਦਾ ਹੈ ਕਿ ਉਸਦੀ ਨੇਕੀ ਹੋਵੇ ਤੇ ਲੋਕੀ ਯਸ ਕਰਨ ਆਦਿ। ਸੋ ਪਹਿਲੇ ਦਾ ਤਾਂ ਦਿਲ ਦਾਨ ਨਾਲ ਹੋਰ ਹੋਰ ਨਿਰਮਲ ਹੁੰਦਾ ਜਾਏਗਾ ਅਤੇ ਪਿਆਰ ਦਾ ਸੁਭਾਵ ਵਧਦਾ ਜਾਏਗਾ ਤੇ ਖਿਮਾ ਵਧੇਗੀ। ਫਲ ਉਸਨੂੰ ਫਲ ਪ੍ਰਦਾਤਾ ਦੇਵੇਗਾ - ਮਨ ਦਾ ਸੁਖ। ਦੂਸਰੇ ਦਾ ਜਗਤ ਵਿਚ ਨਾਮਣਾ ਹੋਵੇਗਾ। ਪਹਿਲੇ ਨੂੰ ਆਪਣੇ ਮਨ ਦਾ ਸੁਖ ਮਿਲਿਆ ਉਸਨੂੰ ਕਿਸੇ ਨਾਲ ਈਰਖਾ ਨਹੀਂ ਉਪਜੇਗੀ। ਦੂਸਰੇ ਨੂੰ ਮਨ ਦਾ ਸੁਖ ਨਹੀਂ ਮਿਲਿਆ ਉਸ ਦੇ ਮਨ ਨੂੰ ਮਾਨ ਮਿਲਿਆ ਹੈ ਤੇ ਅੱਗੋਂ ਮਾਨ ਦੀ ਭੁੱਖ ਵਧੀ ਹੈ। ਆਪਣੇ ਤੋਂ ਵਧੇਰਾ ਮਾਨ ਕਿਸੇ ਦਾ ਹੁੰਦਾ ਦੇਖ ਕੇ ਉਸਨੂੰ ਈਰਖਾ ਹੋਵੇਗੀ। ਉਸਦੀ ਬ੍ਰਿਤੀ ਦਾਨਮਈ ਨਹੀਂ ਬਣੇਗੀ। ਸਿੰਘ ਜੀ! ਜ਼ਰਾ ਡੂੰਘੀ ਵਿਚਾਰ ਕਰਨ, ਉਸਦੀ ਬ੍ਰਿਤੀ ਆਪਣੇ ਨਾਮਣੇ-ਆਪਣੀ ਮਹਿਮਾ ਦੀ ਭੁੱਖ ਨਾਲ ਮੰਗਤ ਭਾਵ ਵਾਲੀ ਹੋ ਜਾਏਗੀ, ਈਰਖਾ ਦ੍ਵੈਖ ਤੇ ਹੋਰ ਹੋਰ ਦੀ ਅਤ੍ਰਿਪਤ 'ਯਸ਼ ਯਾਤਨਾ' ਵਿਚ ਕਈ ਵੇਰ ਉਪੱਦਰ ਵੀ ਹੋ ਜਾਂਦਾ ਹੈ। ਤੁਸੀਂ ਹੁਣ ਪੰਥ ਵਿਚ ਨਜ਼ਰ ਮਾਰ ਕੇ ਦੇਖ ਲਓ ਕਿ ਜਿਥੇ ਕਿਤੇ ਸਿੰਘਾਂ ਵਿਚ ਪੰਥ ਸੇਵਾ ਦਾ ਖਿਆਲ ਉਪਜਦਾ ਹੈ ਸਿੰਘ ਸਭਾ ਬਣਦੀ ਹੈ, ਦੋ ਚਾਰ ਉਤਸ਼ਾਹੀ ਤੇ ਉਦਮੀ ਉਦਮ ਕਰਦੇ ਹਨ, ਸਾਜਣਾ ਸਾਜਦੇ ਹਨ, ਗੁਰਦੁਆਰਾ ਬੀ ਇਨ੍ਹਾਂ ਦੀ ਮਿਹਨਤ ਘਾਲ ਨਾਲ ਬਣ ਜਾਂਦਾ ਹੈ, ਇਨ੍ਹਾਂ ਨੂੰ ਭਲਿਆਈ ਮਿਲਦੀ ਹੈ। ਫਿਰ ਹਮਾਤੜ ਲੋਕ ਦੇਖਦੇ ਹਨ ਕਿ ਸੰਗਤ ਵਿਚ ਇਨ੍ਹਾਂ ਦਾ ਮਾਣ ਹੋਣ ਲਗ ਪਿਆ ਹੈ, ਅਸੀਂ ਕਿਉਂ ਨਾ ਅੱਗੇ ਹੋਈਏ ਤੇ ਮਾਨ ਲਈਏ। ਸੋ ਮਾਣ ਦੇ ਭੁੱਖੇ ਵਿਚ ਆ ਰਲਦੇ ਹਨ ਉਹ ਬੀ ਕੁਛ ਸੇਵਾ ਕਰਦੇ ਤੇ ਦਾਨ ਦਿੰਦੇ ਹਨ, ਪਰ ਅੱਗੇ ਅੱਗੇ ਹੁੰਦੇ ਹਨ, ਉਨ੍ਹਾਂ ਨੂੰ ਮਨ ਦੇ ਸੁਖ ਕਿ ਗੁਰੂ ਕੇ ਹੁਕਮ ਕਿ ਆਪਣੀ ਆਤਮਾ ਦੀ ਕਲਿਆਣ ਦੀ ਲੋੜ ਨਹੀਂ ਹੁੰਦੀ। ਉਹ ਤਾਂ ਚਉਧਰ ਲਈ ਅੱਗੇ ਹੁੰਦੇ ਹਨ। ਇੰਨੇ ਚਿਰ ਵਿਚ ਪਹਿਲੇ ਨਿਰਮਾਨ ਸੇਵਕ ਉਥੋਂ ਬਦਲ ਜਾਂਦੇ ਹਨ ਯਾ ਬੁੱਢੇ ਹੋ ਜਾਂਦੇ ਹਨ ਯਾ ਇਨ੍ਹਾਂ ਦੇ ਝਗੜੇ ਤਾਂ ਤੇ ਦੇਖ ਕੇ ਅਲੱਗ ਹੋ ਜਾਂਦੇ ਹਨ, ਨਵੇਂ ਅੱਗੇ ਆਏ ਆਗੂ ਬਣ ਬੈਠਦੇ ਹਨ। ਜਿਵੇਂ ਇਨ੍ਹਾਂ ਨੂੰ ਮਾਨ ਦੀ ਭੁੱਖ ਤੇ ਉਸ ਤੋਂ ਉਪਜੀ ਈਰਖਾ ਨੇ ਅੱਗੇ ਕੀਤਾ ਸੀ, ਤਿਵੇਂ ਹੋਰਨਾਂ ਤ੍ਰਿਸ਼ਨਾਲੂਆਂ ਨੂੰ ਇਹੋ ਇੱਛਾ ਉਪਜਦੀ ਹੈ, ਉਹ ਹੁਣ ਅੱਗੇ ਆਉਂਦੇ ਤੇ ਇਨ੍ਹਾਂ ਨੂੰ ਕੱਢਣਾ ਚਾਹੁੰਦੇ ਹਨ। ਫੇਰ ਸੋਹਣਾ ਘੋਲ ਟੁਰ ਪੈਂਦਾ ਹੈ। ਹੋਰ ਵੀ ਵਿਚਾਰ ਕਰੋ - ਪਹਿਲਾਂ ਸਿੰਘ ਸਭਾ ਬਣਦੀ ਹੈ, ਫੇਰ ਗੁਰਦੁਆਰਾ, ਫੇਰ ਹੁਣ ਕੋਈ ਆਸ਼ਰਮ ਬਣ ਜਾਂਦਾ ਹੈ, ਇਸ ਪ੍ਰਕਾਰ ਦੇ ਮਾਯਾਵੀ ਕਾਰਨਾਂ ਕਰਕੇ ਦੁਨੀਆਂ ਦੇ ਪ੍ਰੇਮੀਆਂ ਨੂੰ ਸੰਸਾਰਕ ਵਾਧੇ ਲਈ ਤੇ ਕਈ ਪ੍ਰਕਾਰ ਦੇ ਲਾਭਾਂ ਲਈ ਪ੍ਰੇਰਨਾ ਹੁੰਦੀ ਹੈ ਕਿ ਉਹ ਅੱਗੇ ਆਉਣ। ਕਿਸੇ ਵਕੀਲ ਦਾ ਕੰਮ ਨਾ ਟੁਰੇ ਤਾਂ ਉਹ ਆ ਰਲਦਾ ਹੈ। ਕਿਸੇ ਡਾਕਟਰ ਨੇ ਕੰਮ ਚਲਾਉਣਾ ਹੈ ਤਾਂ ਉਹ ਅੱਗੇ ਆ ਬੈਠੇਗਾ, ਕਿਸੇ ਸ਼ਾਹੂਕਾਰ ਨੂੰ ਰੁਪਏ ਦੀ ਲੋੜ ਹੈ, ਉਹ ਆ ਸੇਵਾ ਵਿਚ ਰਲੇਗਾ ਕਿ ਲੋਕੀ ਭਲਾ ਜਾਣ ਕੇ ਰੁਪਏ ਉਸ ਪਾਸ ਜਮ੍ਹਾ ਕਰਾਉਣ ਲੱਗ ਜਾਣ। ਕਿਸੇ ਨੂੰ ਮੈਂਬਰੀ ਲਈ ਵੋਟਾਂ ਦੀ ਲੋੜ ਹੈ ਉਹ ਚੰਗਾ ਬਣ ਕੇ ਆ ਰਲੇਗਾ ਵੋਟਾਂ ਲੈਣ ਲਈ, ਦਾਨ ਤੇ ਸੇਵਾ ਕਰਦਾ ਦਿੱਸੇਗਾ। ਕੋਈ ਕਾਰੀਗਰ ਹੈ ਤੇ ਕੰਮ ਲੱਭਦਾ ਹੈ। ਇਸ ਪ੍ਰਕਾਰ ਲੋੜਾਂ ਵਾਲੇ ਆਪਣੇ ਸਵਾਰਥਾਂ ਲਈ ਆ ਰਲਦੇ ਹਨ। ਸਿੰਘ ਸਭਾ ਜੋ ਸਤਿਸੰਗ ਤੇ ਧਰਮ ਪ੍ਰਚਾਰ ਦਾ ਸਮਾਗਮ ਬਣਾਇਆ ਸੀ, ਦੁਨੀਆਂਦਾਰਾਂ ਦੀ ਉਨਤੀ ਦਾ ਅਖਾੜਾ ਬਣਦਾ ਹੈ ਤੇ ਨਵੇਂ ਨਵੇਂ ਆਏ ਵਿਚ ਰਲਦੇ ਹਨ ਤੇ ਮੈਂਬਰ ਬਣ ਕੇ ਪਹਿਲਿਆਂ ਨੂੰ ਧੱਕਣਾ ਚਾਹੁੰਦੇ ਹਨ, ਇਸ ਤਰ੍ਹਾਂ ਧੜੇ ਬਣ ਜੰਦੇ ਹਨ ਤੇ ਆਪ ਵਿਚ ਆਪ ਆਪਣੀ ਚਉਧਰ ਲਈ ਧੱਕਮ ਧੱਕੀ ਹੁੰਦੇ ਹਨ, ਜਿਸ ਵਿਚ ਪੰਥ ਦੀ ਹਾਨੀ ਹੁੰਦੀ ਹੈ। ਜਿਸ ਮਨੋਰਥ ਲਈ ਸਿੰਘ ਸਭਾ, ਗੁਰਦੁਆਰਾ ਕਿ ਆਸਰਮ ਰਚਿਆ ਸੀ ਉਸ ਮਨੋਰਥ ਦੀ ਸਫਲਤਾ ਵਿਚ ਵਿਘਨ ਪੈਣ ਲਗ ਜਾਂਦੇ ਹਨ। ਜਗਤ ਦੀ ਹਾਸੋਹੀਣੀ ਵੱਖਰੀ ਹੁੰਦੀ ਹੈ। ਨਹੀਂ ਤਾਂ ਭਾਈ ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਮੰਨਿਆ ਹੈ, ਸੱਚ ਤੇ ਜੀਵਨ ਨੂੰ ਢਾਲਣ ਦਾ ਰਾਹ ਫੜਿਆ ਹੈ, ਜੋ ਹਰ ਸਿੱਖ ਨੂੰ ਭਾਈ ਸਮਝਣ ਦੀ ਸਿਖਿਆ ਅੰਮ੍ਰਿਤ ਛਕਣ ਵੇਲੇ ਪਾ ਕੇ ਇਸ ਉਤੇ ਅਮਲ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਝਗੜਿਆਂ ਤਾਂਤਿਆਂ ਨਾਲ ਕੀਹ। ਪਰਮੇਸ਼ਰ ਤੇ ਉਸਦਾ ਰਾਹ ਤਾਂ ਪ੍ਰੇਮ ਹੈ, ਅਪ੍ਰੇਮ ਯਾ ਵੈਰ ਤਾਂ ਉਸਦੇ ਉਲਟ ਹੋਇਆ। ਪ੍ਰੇਮ ਦਾ ਪੰਛੀ ਤਾਂ ਦਾਨ ਦੇ ਪੈਰਾਂ ਤੇ ਤੁਰਦਾ ਹੈ ਤੇ ਖਿਮਾਂ ਦੇ ਖੰਭਾਂ ਨਾਲ ਉਡਦਾ ਹੈ -

***ਕਬੀਰਾ ਜਹਾ ਗਿਆਨੁ ਤਹ ਧਰਮੁ ਹੈ***
***ਜਹਾ ਝੂਠੁ ਤਹ ਪਾਪੁ॥***
***ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥***

ਸੁਵਰਨ ਸਿੰਘ - ਬਿਲਕੁਲ ਠੀਕ ਫੁਰਮਾਇਆ ਨੇ। ਪਰ ਜੀ ਕਿਤੇ ਅਸੂਲੀ ਮਤਭੇਦ ਬੀ ਹੋ ਜਾਂਦੇ ਹਨ?

ਸੰਤ - ਭਾਈ! ਹੋ ਸਕਦਾ ਹੈ, ਪਰ ਇਹ ਤੇ ਇਹੋ ਜਿਹੇ ਵਾਕ ਉਹ ਧੜਾ ਬਣਾਉਣ ਵਾਲੇ ਆਪਣੇ ਮਤਲਬ ਸਾਧਣ ਲਈ ਧੜਾ ਬਣਾ ਲੈਂਦੇ ਹਨ। ਜੇ ਆਪਣੇ ਵਿਰੋਧ ਨੂੰ ਅਸੂਲ ਦਾ ਬੁਰਕਾ ਪਾਉਣ ਤਾਂ ਹੀ ਲੈਕਚਰਾਂ ਤੇ ਲੇਖਾਂ ਵਿਚ ਵਿਰੋਧੀਆਂ ਨੂੰ ਕੋਸਣ ਨਾਂ। ਸੋ ਇਹ ਕਾਰਣ ਕਹਿਣੀ ਮਾਤ੍ਰ ਹੁੰਦਾ ਹੈ ਅਕਸਰ। ਵਿਖਾਂਧ ਸਦਾ ਹਉਮੈ, ਹਠ, ਜਿੱਦ ਤੋਂ ਹੁੰਦੀ ਹੈ। ਵਿਖਾਂਧ ਝੂਠ ਨਾਲ ਵਧਦੇ ਹਨ। ਫਰਕ ਨੀਯਤਾਂ ਵਿਚ ਹੁੰਦੇ ਹਨ ਤੇ ਕਾਰਨਹੋਰ ਹੋਰ ਦੱਸੀਦੇ ਹਨ। ਲੋਕਾਂ ਨੂੰ ਪਤੀਆਉਣ ਵਾਸਤੇ ਇਹ ਢੰਗ ਵਰਤੇ ਜਾਂਦੇ ਹਨ। ਅਸੂਲੀ ਮਤਭੇਦ ਕਾਹਦਾ? ਪਰਮੇਸ਼ਰ ਇਕ, ਗੁਰੂ ਇਕ, ਗੁਰੂ ਗ੍ਰੰਥ ਗੁਰਬਾਣੀ-ਇਲਹਾਮ-ਇਕ, ਅੰਮ੍ਰਿਤ ਇਕ, ਰਹਤ ਇਕ, ਪੰਥ ਸੇਵਾ ਦਾ ਹੁਕਮ ਇਕ। ਸੱਚ ਦਾ ਹੁਕਮ, ਖਿਮਾ ਦਾ ਹੁਕਮ, ਦੇਖਦੇ ਅਣਡਿੱਠ ਕਰਨ ਦਾ ਹੁਕਮ ਇਕ, ਅਸੂਲੀ ਫਰਕ ਕਿੱਥੇ ਹੈ? ਸੇਵਾ ਕਰਨ ਦੇ ਢੰਗ ਬੀ ਇਕ ਹਨ, ਪਰ ਇਨ੍ਹਾਂ ਵਿਚ ਫਰਕ ਹੋ ਸਕਦਾ ਹੈ, ਸੋ ਜੇ ਹਰੇਕ ਸੇਵਕ ਨੇਕ ਨੀਯਤ ਹੈ ਤਾਂ ਆਪੋ ਆਪਣੇ ਤਰੀਕੇ ਤੇ ਕੰਮ ਕਰੇ ਤੇ ਕੰਮ ਕਰਨ ਵਾਲੇ ਪਰਸਪਰ ਇਕ ਦੂਜੇ ਦਾ ਸਹਾਰਾ ਕਰਨ, ਇਕ ਦੂਜੇ ਨੂੰ ਨੇਕ ਨੀਯਤ ਸਮਝਣ। ਜਿਥੇ ਰਾਇ ਦਾ ਭੇਦ ਪਵੇ ਖਿਮਾਂ ਪਿਆਰ ਸ਼ਹਿਨਸ਼ੀਲਤਾ ਨਾਲ ਸਮਝ ਸਮਝਾ ਲੈਣ। ਫੇਰ ਪਰਸਪਰ ਵਿਖਾਂਧ ਕਿਉਂ ਹੋਵੇ? ਜੇ ਇਕ ਦਾਲ ਦੌਰੀ ਵਿਚ

ਪੀਂਹਦਾ ਹੈ ਪੀਹੇ, ਜੇ ਦੂਆ ਸਿਰਵੱਟੇ ਤੇ ਪੀਂਹਦਾ ਹੈ ਤਾਂ ਪੀਹੇ, ਪ੍ਰਯੋਜਨ ਤਾਂ ਦਾਲ ਪੀਂਹਣ ਤੋਂ ਹੈ, ਇਕ ਦੂਜੇ ਨਾਲ ਕੇਵਲ ਤਰੀਕੇ ਦੇ ਵੱਖ-ਵੱਖ ਹੋਣ ਤੋਂ ਵਿਖਾਂਧ ਤੇ ਲੜਾਈ ਤੇ ਵੈਰ!!! ਗੁਰੂ ਬਖਸ਼ੇ - ਸਿਰ ਵੱਢਵੇਂ ਵੈਰਾਂ ਦਾ ਕੀਹ ਕੰਮ? ਜੇ ਅਸੂਲੀ ਮਤਭੇਦ ਵੀ ਹੋਵੇ ਤਾਂ ਖਿਮਾ, ਸਹਾਰਾ। ਜਦ ਗੁਰੂ ਨਾਨਕ ਦੇਵ ਜੀ ਨੇ ਦੂਸਰੇ ਮਤ ਮਤਾਂਤਰਾਂ ਨਾਲ ਖਿਮਾ ਵਰਤਣੀ ਸਿਖਾਈ, ਅਨਮਤਾਂ ਵਾਲਿਆਂ ਦੇ ਦੀਨ ਤੇ ਬਜ਼ੁਰਗਾਂ ਨੂੰ ਨਿੰਦਣੋਂ ਵਰਜਿਆ, ਜਿਥੇ ਕਿ ਅਸੂਲੀ ਮਤਭੇਦ ਵਡੇ ਵੱਡੇ ਹੁੰਦੇ ਹਨ, ਤਦ ਇਕੋ ਪੰਥ ਵਿਚ ਅਸੂਲੀ ਮਤਭੇਦਾਂ ਵਾਲੇ ਕਿਉਂ ਨਾ ਸਹਿਸ਼ੀਲਤਾ ਪਿਆਰ ਤੇ ਖਿਮਾ ਨਾਲ ਵਰਤਨ।

ਸੁਣੋ ਸਿੰਘ ਜੀ! ਇਨਸਾਨ ਦੇ ਗੁਣ ਦੋ ਕਿਸਮਾਂ ਵਿਚ ਵੰਡੇ ਹੋਏ ਹਨ। ਇਕਨਾਂ ਨੂੰ ਆਖੀਦਾ ਹੈ ਦੈਵੀ ਗੁਣ, ਇਕਨਾ ਨੂੰ ਆਖੀਦਾ ਹੈ ਆਸੁਰੀ ਗੁਣ। ਪਿਆਰ, ਖਿਮਾ, ਦਾਨ, ਦਾਇਆ, ਸੱਚ, ਸੇਵਾ, ਉਪਕਾਰ ਆਦਿਕ ਦੈਵੀ ਗੁਣ ਕਹੀਦੇ ਹਨ, ਅਰਥਾਤ ਦੇਵਤਿਆਂ ਵਾਲੀਆਂ ਸਿਫਤਾਂ! ਝੂਠ, ਨਿੰਦਾਂ, ਬਖੀਲੀ, ਦ੍ਵੈਖ, ਬੁਰਾ ਕਰਨਾ, ਸੜਨਾ, ਪਾਪ ਆਦਿ, ਆਸੁਰੀ ਗੁਣ ਕਹੀਦੇ ਹਨ ਅਰਥਾਤ ਰਾਖਸ਼ਾ ਵਾਲੀਆਂ ਸਿਫਤਾਂ। ਜਦ ਗੁਰੂ ਜੀ ਨੇ ਸਾਨੂੰ ਮਨੁੱਖ ਤੋਂ ਦੇਵਤੇ ਬਣਾਇਆ (ਜਿਨਿ ਮਾਣਸ ਤੇ ਦੇਵਤੇ ਕੀਏ) ਤਦ ਸਾਡੇ ਵਿਚ ਦੈਵੀ ਗੁਣ ਚਾਹੀਏ, ਜੇ ਦੈਵੀ ਗੁਣਾਂ ਦੀ ਥਾਂ ਆਸੁਰੀ ਗੁਣ ਸਾਡੀ ਵਰਤੋਂ ਵਿਚ ਆ ਗਏ ਤਾਂ ਅਸੀਂ ਦੇਵਤੇ ਕੀ ਮਾਨੁਖ ਬੀ ਨਾ ਰਹੇ, ਆਸੁਰ ਹੋ ਗਏ। ਇਹ ਗੁਰੂ ਕੀ ਸਿਖਿਆ ਨਹੀਂ, ਇਹ ਸਿੱਖੀ ਨਹੀਂ, ਹਾਂ ਇਹ ਤਰੀਕੇ ਗੁਰਮਤਿ ਦੇ ਨਹੀਂ ਹਨ। ਪੰਥ ਦੀ ਇਹ ਦਸ਼ਾ ਵੇਖ ਕੇ ਦੁੱਖ ਹੁੰਦਾ ਹੈ, ਚਿੱਤ ਕਰਦਾ ਹੈ ਦੂਲਾ ਪੰਥ ਆਪਣੇ ਆਦਰਸ਼ ਉਤੇ ਟੁਰੇ ਤੇ ਜਗਤ ਜਲੰਦੇ ਨੂੰ ਠੰਢਾ ਪਾਵੇ। ਹੋਰ ਤਾਂ ਕੁਝ ਕਰ ਨਹੀਂ ਸਕਦਾ, ਇਹ ਸਰੀਰ ਘੋਲਾਂ ਘਸਮਾਨਾਂ, ਵਿਚ ਕੁਝ ਸਾਰ ਨਹੀਂ ਸਕਦਾ, ਪਰ ਪੰਛੀ ਸਮਾਨ ਹੋਣ ਕਰਕੇ ਸਾਡੀ ਚੁੰਝ ਵਿਚ ਜਿੰਨਾ ਕੁ ਥਿੰਧਾ ਆ ਸਕਦਾ ਹੈ ਅਸੀਂ ਉਬਲਦੇ ਪਾਣੀਆਂ ਵਿਚ ਪਾਉਣ ਦਾ ਜਤਨ ਕਰਦੇ ਹਾਂ ਕਿ ਭਲਾ ਜੇ ਕਿਤੇ ਖੋਲਰ ਹਟ ਜਾਵੇ ਤੇ ਠੰਢ ਵਰਤ ਜਾਵੇ। ਆਪ ਲੋਕ ਬਹੁਤ ਕੁਛ ਕਰ ਸਕਦੇ ਹੋ, ਵਿਚ ਜੋ ਹੋਏ ਪਿੜ ਦੇ - ਸਮਝਾ ਸਕਦੇ ਹੋ, ਜ਼ੋਰ ਪਾ ਸਕਦੇ ਹੋ ਤੇ ਸਭ ਤੋਂ ਵਧੀਕ ਆਪ ਨਮੂਨਾ ਬਣ ਸਕਦੇ ਹੋ ਇਸ ਲਈ ਆਪ ਵਧੇਰੇ ਯਤਨ ਕਰੋ। ਸੋ ਭਾਈ ਅਸਾਂ ਪੁੱਛਣਾ ਇਸ ਲਈ ਕੀਤੀ ਸੀ ਕਿ ਜੇ ਕੋਈ ਵਿਖਾਂਧ ਹੋਵੇ ਤਾਂ ਗੁਰਪੁਰਬ ਤੋਂ ਪਹਿਲੋਂ ਅਸੀਂ ਕੋਈ ਯਤਨ ਕਰੀਏ ਤਾਂ ਜੋ ਗੁਰਪੁਰਬ ਪਿਆਰ ਨਾਲ ਹੋਵੇ ਖੁਸ਼ੀ ਹੋਈ ਕਿ ਆਪ ਪਿਆਰ ਵਿਚ ਹੋ। ਭਾਈ! ਸੇਵਾ ਦੇ ਕੰਮਾਂ ਵਿਚ ਨਿਸ਼ਕਾਮ ਸੇਵਕ ਬਣਨਾ ਚਾਹੀਦਾ ਹੈ ਦੁਨੀਆਂ ਦਾ ਕੋਈ ਲਾਭ, ਇੱਜ਼ਤ ਕਿ ਚੌਧਰ, ਰੋਜ਼ੀ ਕਿ ਪੈਸਾ ਮੁਖ ਨਹੀਂ ਰੱਖਣਾ ਚਾਹੀਦਾ। ਜਿਥੇ ਸੇਵਾ ਆਰੰਭ ਹੋਵੇ ਨਿਸ਼ਕਾਮ ਸੇਵਕ ਕੰਮ ਕਰਨ, ਫੇਰ ਦੇਖੋ ਸਾਡਾ ਬਜ਼ੁਰਗ ਪੰਥ ਕਿੰਨੀ ਕੁ ਤਰੱਕੀ ਕਰਦਾ ਹੈ। ਪਰ ਪਹਿਲਾਂ ਗੁਰੂ ਕਾ ਹੁਕਮ ਅੱਖਾਂ ਅੱਗੇ ਰੱਖਣਾ ਲੋੜੀਏ ਕਿ ਬਾਣੀ ਪੜ੍ਹਣੀ, ਸੁਣਨੀ, ਵੀਚਾਰਨੀ ਹੈ ਤੇ ਉਸ ਉਪਰ ਅਮਲ ਕਰਨਾ ਹੈ। ਬਾਣੀ ਕਹਿੰਦੀ ਹੈ ਸੇਵਾ ਕਰੋ, ਨੇਕੀ ਕਰੋ, ਪਰ ਨਿਸ਼ਕਾਮ ਹੋ ਕੇ ਕਰੋ। ਇਸਦਾ ਫਲ ਲੋਕ ਪ੍ਰਲੋਕ ਦਾ ਸੁਖ ਹੈ। ਪ੍ਰਚਾਰ ਕਰੋ ਇਸ ਗੱਲ ਦਾ। ਫਿਰ ਵੈਰ ਵਿਰੋਧ ਘਟ ਜਾਣਗੇ। ਸੱਚ ਨੂੰ ਅੱਗੇ ਚਖੋ, ਸਾਰੇ ਝਗੜੇ ਸੱਚ ਉਤੇ ਆਇਆਂ ਮਿਟ ਜਾਂਦੇ ਹਨ।

ਸੁਵਰਣ ਸਿੰਘ - ਆਪ ਨੇ ਸੱਚ ਫੁਰਮਾਇਆ ਹੈ। ਸਾਡਾ ਆਦਰਸ਼ ਪੰਥ ਸੇਵਾ ਦਾ ਨਿਸ਼ਕਾਮ ਸੇਵਾ ਦਾ ਨਹੀਂ ਰਿਹਾ ਤੇ ਸੱਚ ਨੂੰ ਅਸਾਂ ਆਪਣਾ ਆਗੂ ਨਹੀਂ ਬਣਾਇਆ। ਬਾਣੀ ਦਾ ਪ੍ਰੇਮ ਘਟ ਗਿਆ ਹੈ ਤੇ ਨਾਮ ਨਾਲ ਨੇਹੁ ਨਹੀਂ ਰਿਹਾ, ਤਾਹੀਓਂ ਪਏ ਦੁਖ ਨਿਕਲਦੇ ਹਨ।

ਸਵਰਨ ਸਿੰਘ - ਸੱਚ ਫੁਰਮਾਇਆ ਹੈ ਆਪ ਨੇ। ਸੇਵਾ ਵਿਚ ਜਿੰਨੀ ਆਪਣੀ ਕਾਮਨਾ ਵਾੜੀ ਜਾਏ ਓਨਾ ਵਿਖਾਂਧ ਹੁੰਦਾ ਹੈ। ਸੇਵਾ ਗੁਰੂ ਅਰਪਨ, ਪਰਾਏ ਦਾ ਭਲਾ ਗੁਰੂ ਅਰਪਨ, ਤੇ ਪੰਥ ਸੇਵਾ ਤਾਂ ਹੋਈ ਹੀ ਗੁਰੂ ਸੇਵਾ। ਜੇ ਗੁਰੂ ਅਰਪਨ ਸਭ ਕੁਛ ਕਰੀਏ ਤਦ ਵਿਖਾਂਧ ਕਿਉਂ ਹੋਵੇ। ਇਸ ਵਿਖਾਂਧ ਕਾਰਨ ਸਿੰਘ ਸਭਾ ਮੂਵਮੈਂਟ ਕਮਜ਼ੋਰ ਹੋ ਰਹੀ ਹੈ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਕੇ ਤ੍ਰੈਏ ਉਠ ਖੜ੍ਹੇ ਹੋਏ ਸੰਤ ਡੇਰੇ ਨੂੰ ਗਏ ਤੇ ਦੁਇ ਸਿੰਘ ਆਪਣੇ ਘਰਾਂ ਨੂੰ।

## (ਪਹਿਲਾ ਪਰਤਾਵਾ-ਵੈਸ਼ਨਵ ਬ੍ਰਾਹਮਣ)

ਗੁਰਪੁਰਬ ਦਾ ਦਿਨ ਆ ਗਿਆ, ਵਾਰ ਦਾ ਭੋਗ ਪੈ ਚੁੱਕਾ ਤਾਂ ਸੰਤ ਬਿਮਲਾ ਸਿੰਘ ਜੀ ਨੇ ਕਥਾ ਕੀਤੀ। ਖਾਲਸਾ ਜੀ! ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ। ਪਿਆਰਿਓ, ਅਸੀਂ ਸਿੱਖ ਹਾਂ ਸਤਿਗੁਰ ਦੇ। ਸਿਖਣਹਾਰੇ ਸਿਖਾਂਦਰੂ, ਅਸਾਂ ਸਿੱਖਣੀ ਹੈ ਗੁਰਮਤਿ। ਗੁਰਮਤਿ ਦਾ ਇਕ ਅੰਗ ਹੈ ਗੁਰਪੁਰਬ। ਗੁਰਬਾਣੀ ਨੇ ਦੱਸਣਾ ਹੈ ਗੁਰੂ ਦਾ ਹਿਰਦਾ, ਗੁਰਪੁਰਬ ਨੇ ਦੱਸਣੀ ਹੈ ਗੁਰੂ ਕੀ ਕਰਨੀ। ਗੁਰੂ ਦਾ ਮਨ ਤੇ ਕਰਨੀ ਇਕ ਹੈ। ਪਰ ਕਰਨੀ ਵਿਚ ਮੁਸ਼ਕਲਾਂ ਨੂੰ ਜਿੱਤਣੇ ਦੀ। ਸੋ ਗੁਰਪੁਰਬ ਹੈ ਯਾਦਗਾਰੀ ਦਿਨ ਗੁਰੂ ਜੀ ਦੇ ਅਵਤਾਰ ਆਦਿ ਦਾ, ਜਿਸ ਦਿਨ ਅਸਾਂ ਯਾਦ ਕਰਨਾ ਹੈ ਉਨ੍ਹਾਂ ਦੀਆਂ ਕਰਨੀਆਂ ਨੂੰ। ਕਿਵੇਂ ਜਗਤ ਵਿਚ ਉਨ੍ਹਾਂ ਨੇ ਧਰਮ ਦੇ ਕੰਮ ਕੀਤੇ, ਕਿਵੇਂ ਮੁਸ਼ਕਲਾਂ ਆਈਆਂ ਤੇ ਕਿਵੇਂ ਸਹੀਆਂ। ਤਾਂ ਜੋ ਧਰਮ, ਨੇਕੀ, ਇਖਲਾਕ ਤੇ ਬੰਦਗੀ ਦੇ ਜੀਵਨ ਵਿਚ ਸਾਨੂੰ ਰਹਿਬਰੀ ਮਿਲੇ। ਅਸੀਂ ਬਾਣੀ ਪੜ੍ਹੀਏ ਸੁਣੀਏ ਵੀਚਾਰੀਏ ਤੇ ਅਮਲ ਕਰੀਏ ਤੇ ਅਮਲ ਦੀਆਂ ਕਠਿਨਾਈਆਂ ਗੁਰੂ ਜੀਵਨ ਤੋਂ ਸਿੱਖੀਏ। ਗੁਰਪੁਰਬ ਵਾਲੇ ਦਿਨ ਨੂੰ ਇਸ ਪਾਸੇ ਲਾਈਏ ਕਿ ਗੁਰੂ ਜੀ ਦੇ ਕਾਰਨਾਮੇ, ਜੋ ਸਾਡੇ ਭਲੇ ਲਈ ਕੀਤੇ ਸਨ, ਯਾਦ ਕਰੀਏ, ਕ੍ਰਿੱਤਗਯ ਬਣੀਏ ਤੇ ਸਿਖਿਆ ਪਾਈਏ। ਸਾਡੀ ਉਲਾਦ ਦੀਆਂ ਅੱਖਾਂ ਅੱਗੇ ਮਹਾਂਪੁਰਖਾਂ ਦੀਆਂ ਕਰਨੀਆਂ ਤੇ ਕਾਰਨਾਮੇ ਆਉਣ, ਉਨ੍ਹਾਂ ਵਿਚ ਜੀਵਨ ਭਰੇ ਤੇ ਕੌਮ ਸਦਾ ਜੀਉਂਦੀ ਰਹੇ। ਓਹ ਕੌਮਾਂ ਕਦੇ ਕਾਮਯਾਬ ਨਹੀਂ ਹੋਈਆਂ ਜਿਨ੍ਹਾਂ ਨੇ ਵੱਡਿਆਂ ਨੂੰ ਭੁਲਾਇਆ, ਉਨ੍ਹਾਂ ਦੇ ਕਾਰਨਾਮੇ ਨਜ਼ਰੋਂ ਓਹਲੇ ਕੀਤੇ ਤੇ

ਬੱਚਿਆਂ ਅੱਗੇ ਜੀਵਨ-ਨਮੂਨੇ ਪੇਸ਼ ਨਾ ਕੀਤੇ। ਗੁਰੂ ਨੂੰ ਆਪਣੇ ਯਸ਼ ਦੀ ਲੋੜ ਨਹੀਂ, ਸਾਨੂੰ ਲੋੜ ਹੈ ਕ੍ਰਿਤਗਯਤਾ ਦੇ ਗੁਣਵਾਨ ਹੋਣ ਦੀ, ਸਾਨੂੰ ਲੋੜ ਹੈ ਉਨ੍ਹਾਂ ਦੇ ਕਾਰਨਾਮਿਆਂ ਦੀ ਕੀਰਤੀ ਕਰਕੇ ਆਪਣੇ ਆਪ ਨੂੰ ਜੀਉਂਦੇ ਰੱਖਣ ਦੀ ਤੇ ਨੇਕ ਬਣਾਉਣ ਦੀ। ਅੱਜ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਹੈ ਅਵਤਾਰ ਧਾਰਨ ਦਾ। ਅਸਾਂ ਜਾਣਨਾ ਤੇ ਮੰਨਣਾ ਹੈ ਉਪਕਾਰ ਜੋ ਉਨ੍ਹਾਂ ਨੇ ਕੀਤਾ ਹੈ ਸਾਡੇ ਉਤੇ। ਸਾਨੂੰ ਨਿੱਜ ਦਾ ਪਿਆਰ ਹੈ ਉਨ੍ਹਾਂ ਦੀ ਜ਼ਾਤ ਨਾਲ ਉਨ੍ਹਾਂ ਨੇ ਜੋ ਸਾਨੂੰ ਪਿਆਰ ਕੀਤਾ ਹੈ ਆਪਾ ਤੇ ਆਪਣਾ ਸਰਬੰਸ ਵਾਰ ਕੇ ਸਾਡੇ ਉਤੋਂ ਆਪਣੀ ਪਿਆਰ-ਵਾਰਨਾ ਨਾਲ ਉਨ੍ਹਾਂ ਨੇ ਸਾਡੇ ਵਿਚ ਪਾ ਦਿਤਾ ਪਿਆਰ ਤੇ ਪਿਆਰ ਦੀ ਕਦਰ। ਸਭ ਤੋਂ ਵੱਡਾ ਕੰਮ ਜੋ ਉਨ੍ਹਾਂ ਨੇ ਸਾਡੇ ਨਾਲ ਪਿਆਰ ਦਾ ਕੀਤਾ ਉਹ ਸੀ 'ਖਾਲਸਾ' ਪ੍ਰਗਟ ਕਰਨਾ। ਆਪ ਚਾਹੁੰਦੇ ਸਨ ਸਾਡਾ ਉਧਾਰ, ਪਰ ਉਧਾਰ ਨਹੀਂ ਹੁੰਦਾ ਆਦਰਸ਼ ਬਿਨਾਂ ਤੇ ਆਦਰਸ਼ਕ ਇਨਸਾਨ ਪੈਦਾ ਕੀਤੇ ਬਿਨਾਂ। ਅੱਜ ਇਸ ਸਰੀਰ ਨੇ ਆਪ ਨੂੰ ਗੁਰੂ ਜੀ ਦੀ ਅਵਤਾਰ ਕਥਾ ਨਹੀਂ ਸਨਾਉਣੀ ਪਰ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਜਾਏ ਖਾਲਸਾ ਦੀ ਜਨਮ ਕਥਾ ਸੁਨਾਉਣੀ ਹੈ ਕਿ ਕਿਵੇਂ ਆਪ ਨੇ ਉਸਨੂੰ ਆਪਣੇ ਧਿਆਨ-ਮੰਡਲ ਵਿਚੋਂ ਮੂਰਤੀਮਾਨ ਕਰਕੇ ਜਗਤ ਵਿਚ ਲੈ ਆਂਦਾ। ਖਾਲਸਾ ਆਦਰਸ਼ ਸੀ ਤੇ ਆਦਰਸ਼ਕ ਇਨਸਾਨ ਤੇ ਆਦਰਸ਼ਕ ਜਥੇਬੰਦੀ। ਇਹ ਸ਼ੈ ਕਿਸ ਮਹਾਨ ਉੱਚ ਤੇ ਦੈਵੀ ਬੁੱਧੀ ਨਾਲ ਰਚ ਕੇ ਅਮਲੀ ਜਗਤ ਵਿਚ ਖੜ੍ਹੀ ਕਰ ਦਿਤੀ, ਇਹ ਗੱਲ ਤੱਕਣੀ ਹੈ ਅੱਜ ਅਤੇ ਸੁਧਾਰਨਾ ਹੈ ਆਪ ਨੂੰ ਜੇ ਅਸੀਂ ਉਸ ਆਦਰਸ਼ ਤੋਂ ਗਿਰ ਰਹੇ ਹਾਂ ਤਾਂ। ਇਹ ਹੈ ਗੁਰਪੁਰਬ ਦਾ ਮਨੋਰਥ ਕਿ ਦਾਤੇ ਦੇ ਕ੍ਰਿੱਤਗਯ ਹੋਵੀਏ ਤੇ ਆਪਾ ਸਵਾਰੀਏ। 'ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ।' ਸਤਿਗੁਰੂ ਜੀ ਨੇ ਜਦੋਂ ਜਗਤ ਜਲੰਦੇ ਦੀ ਤੇ ਉਸ ਵੇਲੇ ਦੀ ਕਰੜੀ ਮੁਸ਼ਕਲ ਨੂੰ ਹੱਲ ਕਰਨਾ ਵੀਚਾਰਿਆ ਤੇ ਇਲਾਜ ਆਦਰਸ਼ ਕਾਇਮ ਕਰਨਾ ਨਿਰਣੇ ਕਰ ਲਿਆ ਤਾਂ ਪਹਿਲੋਂ ਲੋੜ ਸੀ ਕਿ ਕੋਈ ਚੋਣ ਕਰਨ। ਤਾਂ ਜੋ ਖਰੇ ਖਰੇ ਪਰਖੇ ਹੋਏ ਬੰਦੇ ਲੈ ਕੇ ਕੰਮ ਆਰੰਭ ਕਰਨ। ਸੋ ਆਪ ਨੇ ਚੁਣਨ ਦਾ ਤਰੀਕਾ ਧਰਮ ਦੀ ਪ੍ਰੀਖਿਆ ਰੱਖਿਆ। ਹਿੰਦੁਸਤਾਨ ਵਿਚ ਸਦੀਆਂ ਤੋਂ ਬ੍ਰਾਹਮਣ ਉਚੇ ਤੇ ਆਦਰਸ਼ਕ ਮੰਨੇ ਗਏ ਸਨ। ਪਰ ਹੁਣ ਗਿਰਾਉ ਵਰਤ ਰਿਹਾ ਸੀ ਆਦਰਸ ਤੋਂ। ਸਤਿਗੁਰੂ ਨੇ ਹੁਣ ਪਹਿਲ ਇਨ੍ਹਾਂ ਤੋਂ ਹੀ ਕੀਤੀ। ਆਪ ਜਾਣਦੇ ਹੋ ਕਿ ਆਚਰਣ ਹੀ ਇਨਸਾਨ ਦਾ ਸਭ ਤੋਂ ਵੱਡਾ ਗੁਣ ਹੈ। ਕੌਮਾਂ ਦੇ ਗਿਰਾਉ ਤੇ ਉਭਰਾਉ ਆਚਰਣ ਦੇ ਸਿਰ ਤੇ ਹੁੰਦੇ ਹਨ। ਆਚਰਨਹੀਨ ਜਿਤਨੇ ਬਲ ਨਾਲ ਕਾਮਯਾਬ ਹੁੰਦੇ ਹਨ ਜੇ ਆਚਰਣ ਵਾਲੇ ਉਤਨਾ ਬਲ ਲਾਉਣ ਤਾਂ ਲਾਭ ਦਾ ਕੋਈ ਅੰਤ ਨਹੀਂ ਰਹਿੰਦਾ। ਆਪ ਆਚਰਣ ਤੇ ਸਾਹਸ ਨੂੰ ਕੱਠਿਆਂ ਕਰਨਾ ਚਾਹੁੰਦੇ ਸਨ। ਸੋ ਆਪ ਨੇ ਪਹਿਲੋਂ ਆਚਰਣ ਦੀ ਪ੍ਰੀਖਿਆ ਕਰਨੀ ਚਾਹੀ। ਕਿਉਂਕਿ ਜੋ ਕਠਨ ਕੰਮ ਆਪ ਕਰਿਆ ਚਾਹੁੰਦੇ ਸੇ ਉਸ ਵਿਚ ਆਚਰਣ ਹੀਨਤਾ ਸਫਲਤਾ ਨਹੀਂ ਹੋਣ ਦਿੰਦੀ। ਸੋ ਆਪ ਜੀ ਨੇ ਆਗਿਆ ਕੀਤੀ ਕਿ ਇਕ ਬ੍ਰਹਮ ਭੋਜ ਤਿਆਰ ਕੀਤਾ ਜਾਵੇ। ਦੋ ਤਰ੍ਹਾਂ ਦਾ ਪਕਵਾਨ ਤਿਆਰ ਹੋਵੇ, ਇਕ ਮਾਸ ਵਾਲਾ, ਦੂਸਰਾ ਖੀਰ ਖੰਡ ਭਾਜੀਆਂ ਵਾਲਾ, ਜੋ ਬ੍ਰਾਹਮਣ ਮਾਸ ਖਾਣ ਵਾਲੀ ਪੰਕਤ ਵਿਚ ਬੈਠਣ ਉਨ੍ਹਾਂ ਨੂੰ ਦੱਛਣਾ ਅਸ਼ਰਫੀ ਮਿਲੇ ਤੇ ਜੋ ਸਾਗ ਸਬਜ਼ੀ ਦੇ ਪਾਸੇ ਬੈਠਣ ਉਨ੍ਹਾਂ ਨੂੰ ਰੁਪਯਾ ਮਿਲੇ। ਜਦੋਂ ਪੰਕਤ ਲੱਗੀ ਤਾਂ ਲੱਗਭੱਗ ਸਾਰੇ ਬ੍ਰਹਮਣ ਮਾਸ ਪੰਕਤ ਵਿਚ ਜਾ ਬੈਠੇ ਤੇ ਖੀਰ ਖੰਡ ਸਬਜ਼ੀਆਂ ਵਾਲੇ ਪਾਸੇ ਅਤਿ ਥੋੜ੍ਹੇ ਬੈਠੇ। ਜਦੋਂ ਭੋਜਨ ਹੋ ਚੁੱਕਾ ਤਾਂ ਮਾਸ ਪੰਕਤੀ ਵਾਲਿਆਂ ਨੂੰ ਤਾਂ ਅਸ਼ਰਫੀ ਹੀ ਮਿਲੀ ਪਰ ਖੀਰ ਖੰਡ ਵਾਲਿਆਂ ਨੂੰ ਬਚਨ ਕੀਤੇ ਇਕ ਰੁਪਯੇ ਨਾਲ ਪੰਜ-ਪੰਜ ਅਸ਼ਰਫੀਆਂ ਵਾਧੂ ਮਿਲੀਆਂ। ਇਹ ਕੌਤਕ ਦੇਖ ਕੇ ਸਾਰੇ ਦੰਗ ਰਹਿ ਗਏ। ਕੋਈ ਨਾ ਸਮਝਿਆ ਕਿ ਕੌਤਕ ਕੀ ਹੈ। ਆਪ ਬੀ ਖਿਆਲ ਕਰੋਗੇ ਕਿ ਗੁਰੂ ਜੀ ਨੇ ਇਸ ਵਿਚ ਮਾਸ ਖਾਣ ਨਾ ਖਾਣ ਦਾ ਨਿਰਣਾ ਕੀਤਾ ਹੈ। ਨਹੀਂ! ਸਤਿਗੁਰੂ ਜੀ ਤਾਂ ਇਹ ਦੇਖਦੇ ਸੀ ਕਿ ਇਨ੍ਹਾਂ ਵਿਚ ਅਸੂਲ ਵਾਲੇ ਬੰਦੇ ਕਿੰਨੇ ਕੁ ਹੈਨ। ਬ੍ਰਹਮਣ ਆਪਣੇ ਸ੍ਵੈ ਧਰਮ ਅਨੁਸਾਰ ਅਹਿੰਸਾ ਦੇ ਕਾਯਲ ਹੈਨ, ਉਨ੍ਹਾਂ ਵਿਚ ਮਾਸ ਖਾਣਾ ਵਿਹਤ ਨਹੀਂ। 'ਅਹਿੰਸਾ ਹਿ ਪਰਮੋ ਧਰਮ'। ਇਸ ਵਰਤਾਉ ਨਾਲ ਸਤਿਗੁਰੂ ਜੀ ਨੇ ਡਿੱਠਾ ਕਿ ਆਪਣੇ ਮੰਨੇ ਅਸੂਲ ਤੇ ਕਾਯਮ ਇਨ੍ਹਾਂ ਵਿਚ ਬਹੁਤ ਘੱਟ ਹੈਨ। ਸੌ ਅਸੂਲ ਵਾਲੇ ਥੋੜ੍ਹਿਆਂ ਨੂੰ ਸਨਮਾਨ ਨਾਲ ਪਾਸ ਰੱਖ ਲਿਆ ਤੇ ਦੂਸਰਿਆਂ ਨੂੰ ਜਵਾਬ ਦੇ ਦਿਤਾ। ਪਰ ਡਿੱਠਾ ਕਿ ਇਨ੍ਹਾਂ ਆਪਣੇ ਅਸੂਲ ਵਾਲੇ ਬ੍ਰਾਹਮਣਾਂ ਵਿਚ ਸਾਹਸ ਨਹੀਂ ਹੈ।

## (ਦੂਜਾ ਪਰਤਾਵਾ ਸ਼ਕਤੀ ਉਪਾਸਕਾਂ ਦਾ)

ਦੂਸਰਾ ਫਿਰਕਾ ਹਿੰਦੂ ਵਡਕਿਆਂ ਦਾ ਉਹ ਬ੍ਰਾਹਮਣ ਹੈਸਨ ਜੋ ਦੈਵੀ ਦੇ ਉਪਾਸਕ ਹੈਨ। ਇਨ੍ਹਾਂ ਵਿਚ ਦੇਵੀ ਨੂੰ ਭੋਗ ਮਾਸ ਆਦਿ ਦਾ ਲਗਦਾ ਹੈ। ਜਿਸਨੂੰ ਗੁਰੂ ਜੀ ਦਾ ਦੇਵੀ ਪੂਜਨ ਆਖਦੇ ਹਨ, ਜਾਪਦਾ ਹੈ ਕਿ ਉਹ ਦੂਸਰੀ ਪ੍ਰੀਖਯਾ ਸੀ ਸ਼ਾਕਤਿਕ ਅਸੂਲ ਵਾਲਿਆਂ ਵਡਕਿਆਂ ਦੀ। ਸੋ ਨੈਣਾਂ ਦੇਵੀ ਦੇ ਟਿੱਲੇ ਤੋਂ ਮੁਖੀ ਬ੍ਰਾਹਮਣਾਂ ਦਾ ਪਹਿਲੋਂ ਤੇ ਸਭ ਤੋਂ ਮੁਖੀ ਕੇਸ਼ੋਦਾਸ ਦਾ ਮਗਰੋਂ ਆਪਣੇ ਦੱਸੇ ਆਦਰਸ਼ ਮੂਜਬ ਕਾਮਯਾਬ ਨਾ ਰਹਣਾ, ਦੇਵੀ ਦੇ ਪ੍ਰਗਟ ਹੋਣ ਦਾ ਦਾਅਵਾ ਕਰਨਾ ਪਰ ਉਸ ਯਤਨ ਵਿਚ, ਅੰਤ ਤਕ ਨਾ ਨਿਭਣਾ ਤੇ ਖਿਸਕ ਆਉਣਾ ਉਨ੍ਹਾਂ ਦਾ ਉਸ ਪ੍ਰੀਖਯਾ ਵਿਚ ਕੱਸੇ ਨਿਕਲਣਾ ਸੀ। ਗੁਰੂ ਜੀ ਨੇ ਉਸ ਤੋਂ ਮਗਰੋਂ ਇਕ ਜੱਗ ਕੀਤਾ ਸੀ ਉਸ ਵਿਚ ਇਨ੍ਹਾਂ ਬ੍ਰਾਹਮਣਾਂ ਨੂੰ ਨਹੀਂ ਬੁਲਾਯਾ। ਜਿਸ ਤੋਂ ਥਹੁ ਪੈਂਦਾ ਹੈ ਕਿ ਇਹ ਬੀ ਕੱਚੇ ਨਿਕਲੇ ਸਤਿਗੁਰਾਂ ਨੇ ਪ੍ਰਤੀਤ ਕੀਤੇ ਤਾਂ ਹੀ ਏਹ ਚੇਤੇ ਤੱਕ ਤੋਂ ਵਿਸਰ ਗਏ। ਉਸ ਵੇਲੇ ਇਸ ਕੇਸ਼ੋਦਾਸ ਬ੍ਰਹਮਣ ਦੇ ਨਾ ਸੱਦੇ ਜਾਣ ਕਰਕੇ ਰੋਸ ਕਰਨ ਤੇ ਜੋ ਵਾਕ ਸਤਿਗੁਰ ਜੀ ਦੇ ਉਚਾਰੇ ਹੋਏ ਸਾਡੇ ਪਾਸ ਹਨ, ਉਹ ਦੱਸਦੇ ਹਨ ਕਿ ਪਰਤਾਵੇ ਵਿਚ ਏਹ ਕੱਚੇ ਨਿਕਲੇ ਤੇ ਮਿਸਰ ਜੀ ਅਸੂਲ ਲਈ ਨਹੀਂ ਪਰ ਰੋਜ਼ੀ ਲਈ ਅਡੰਬਰ ਰਚੀ ਬੈਠੇ ਸਨ - ਖੋਜ ਰੋਜਿ ਕੇ ਹੇਤ ਲਗ ਦੀਓ ਮਿਸਰ ਜੂ ਰੋਇ (ਪਾ. ੧੦) ਯੱਗ ਜੋ ਇਸ ਵੇਲੇ ਕੀਤਾ ਉਸ ਵਿਚ ਆਪਣੇ ਸਿੱਖਾਂ ਨੂੰ ਮੁੱਖ ਰੱਖਿਆ ਸੀ ਤੇ ਬਚਨ ਕੀਤਾ

ਸੀ, 'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ।''

## (ਤੀਜਾ ਪਰਤਾਵਾ ਜੋਗੀਆਂ ਸੰਨਿਆਸੀਆਂ ਦਾ)

ਇਸੀ ਤਰ੍ਹਾਂ ਜਾਪਦਾ ਹੈ ਕਿ ਆਪ ਨੇ ਸੰਨਿਆਸੀ ਅਰ ਜੋਗੀਆਂ ਆਦਿਕਾਂ ਦੀ ਪ੍ਰੀਖਯਾ ਕੀਤੀ ਹੈ ਤੇ ਉਹ ਬੀ ਆਪਣੇ ਆਦਰਸ਼ਾਂ ਤੋਂ ਨੀਵੇਂ ਪਾਏ ਹਨ ਕਿਉਂਕਿ ਸਤਿਗੁਰ ਜੀ ਨੇ ਆਪਣੀ ਬਾਣੀ ਵਿਚ ਉਨ੍ਹਾਂ ਦਾ ਐਉਂ ਜ਼ਿਕਰ ਕੀਤਾ ਹੈ - ਜੇ ਜੁਗਿਆਨ ਕੇ ਜਾਯ, ਕਹੈਂ ਸਭ ਜੋਗਨ ਕੋ ਗ੍ਰਿਹ ਮਾਲ ਉਠੈਦੈ॥ ਜੋ ਪਰੋ ਭਾਜ ਸੰਨਿਆਸਨ ਕੇ, ਕਹਿੰ ਦੱਤ ਕੇ ਨਾਮ ਪੈ ਧਾਮ ਲੁਟੈਦੈ। ਚਾਹੇ ਜੋਗੀ ਸੰਨਿਆਸੀਆਂ ਦਾ ਕੋਈ ਪ੍ਰਸੰਗ ਪੂਰੀ ਤਰ੍ਹਾਂ ਕਲਬੰਦ ਨਹੀਂ ਅਜੇ ਲੱਭਾ, ਪਰ ਸੰਨਿਆਸੀਆਂ ਦੀਆਂ ਚਿੱਪੀਆਂ ਤੋਂ ਲਾਖ ਵਿਚੋਂ ਮੁਹਰਾਂ ਕੱਢਣੀਆਂ, ਤੇ ਹੋਰ ਜੋਗੀਆਂ ਨਾਲ ਵੀਚਾਰਾਂ ਤੇ ਉਪਰਲੇ ਸ੍ਰੀ ਮੁਖਵਾਕ ਦੱਸਦੇ ਹਨ ਕਿ ਜ਼ਰੂਰ ਉਨ੍ਹਾਂ ਦੇ ਆਦਰਸ਼ ਤੋਂ ਨੀਵੇਂ ਹੋਣ ਦੀ ਪ੍ਰੀਖਿਆ ਕਰਕੇ ਸਬੂਤ ਲੀਤੇ ਸਨ ਤਾਂ ਹੀ ਉਪਰਲੀਆਂ ਤੁਕਾਂ ਸਾਹਿਬਾਂ ਨੇ ਉਚਾਰੀਆਂ ਸਨ।

## ਚੌਥਾ ਪਰਤਾਵਾ ਰਾਜਿਆਂ ਦਾ

ਜਦੋਂ ਧਰਮ ਦੇ ਆਗੂ ਪਰਤਾਏ ਗਏ, ਕੱਚੇ ਨਿਕਲੇ ਤੇ ਜੋ ਇਨ੍ਹਾਂ ਵਿਚੋਂ ਅਸੂਲੀ ਬੰਦੇ ਨਿਕਲੇ, ਉਹ ਸਾਹਸਹੀਨ ਸਨ। ਤਦ ਆਪ ਨੇ ਸਾਹਸ ਵਾਲਿਆਂ ਦਾ ਪਰਤਾਵਾ ਲੈਣਾ ਸੀ। ਇਸ ਲਈ ਰਾਜੇ ਰਾਣੇ ਪਰਖਣੇ ਸੇ। ਪਰਖੇ ਹੋਏ ਤਾਂ ਸੇ, ਜਾਣਦੇ ਸੇ ਕਿ ਇਨ੍ਹਾਂ ਨੇ ਸਾਥ ਨਹੀਂ ਦੇਣਾ ਏਹ ਪਾਟੋ ਧਾੜ ਹੈਨ, ਦੇਸ ਕਿ ਪਰਜਾ, ਧਰਮ ਕਿ ਸੱਚ ਲਈ ਇਨ੍ਹਾਂ ਵਿਚ ਕੁਰਬਾਨੀ ਹੈ ਨਹੀਂ। ਪਰ ਇਕ ਵੇਰ ਇਨ੍ਹਾਂ ਨਾਲ ਸਾਲਸੀ ਪਿਆਰ ਤੇ ਸਜਨਾਈ ਦੇ ਰੰਗ ਵਿਚ ਵਿਚਾਰ ਕਰਨੀ ਜ਼ਰੂਰੀ ਹੈ। ਉਧਰ ਰਾਜਿਆਂ ਸੁਣਿਆਂ ਕਿ ਗੁਰੂ ਜੀ ਨੇ ਦੇਵੀ ਪ੍ਰਗਟਾਈ ਹੈ, ਸਾਰੇ ਆਏ ਤੇ ਸਨਮਾਨ ਨਾਲ ਮਿਲੇ ਤੇ ਵਧਾਈ ਦਿਤੀ ਤੇ ਬੋਲੇ - ਮਹਾਰਾਜ ਦੇਵੀ ਬਿਦਤਾਈ, ਤੁਮਰੇ ਬਿਨ ਕਰਿ ਕੌਨ ਸਕਾਈ। ਦਰਸ਼ਨ ਕਰਿ ਬਾਂਛਤ ਬਰ ਲੀਨਾ। ਭੀਮ ਭੁਚਾਲ ਆਦਿ ਸਭ ਚੀਨਾ। ਤੁਰਕ ਤੇਜ ਤਪਤਯੋ ਜਗ ਭਾਰੀ। ਬਿਨ ਰਾਵਰ ਕੋ ਕਰਿ ਨਿਰਵਾਰੀ।' ਇਹ ਵੇਲਾ ਗੁਰੂ ਜੀ ਨੇ ਸ਼ੁਭ ਵਿਚਾਰਿਆ ਤੇ ਰਾਜਿਆਂ ਨਾਲ ਸਾਰੀ ਵੀਚਾਰ ਆਰੰਭੀ ਤੇ ਉਨ੍ਹਾਂ ਨੂੰ ਸਮਝਾਇਆ ਕਿ ਸਾਨੂੰ ਹਿੰਦ ਵਾਸੀਆਂ ਨੂੰ ਜਾਤ ਭੇਦ ਤੇ ਜਾਤ ਭੇਦ ਤੋਂ ਉਪਜੀ ਨਫਰਤ ਨੇ ਵਿਕੋਲਿਤ੍ਰੇ ਕਰ ਦਿਤਾ ਹੈ ਤੇ ਅਸੀਂ ਦੁਬੇਲ ਅਵਸਥਾ ਤੇ ਗੁਲਾਮੀ ਵਿਚ ਦੁਖੜੇ ਭਰ ਰਹੇ ਹਾਂ। ਮੈਂ ਹੁਣ ਚਾਹੁੰਦਾ ਹਾਂ ਕਿ ਇਹ ਭੇਦ ਮਿਟਾ ਦਿਤਾ ਜਾਵੇ। ਅੰਮ੍ਰਿਤ ਦੀ ਐਸੀ ਰੀਤ ਜਾਰੀ ਕਰਾਂ ਕਿ ਜੋ ਇਸ ਦੁਆਰਾ ਭਾਰ ਹਰ ਸਕਾਂਗੇ। ਪਰਸਪਰ ਪਜਾਰ ਵਧੇ, ਸਾਰੇ ਭਰਾ ਬਣ ਜਾਣ ਤੇ ਇਕ ਦੂਏ ਤੋਂ ਜਾਨਾਂ ਵਾਰਨ। ਪੂਜਾ ਲਈ ਸ਼ਰਨ ਇਕ ਮਹਾਂ ਕਾਲ ਅਕਾਲ ਦੀ ਲਈ ਜਾਵੇ ਜੋ ਸਭ ਦਾ ਪੂਜਜ ਹੈ। ਫਿਰ ਧਰਮ ਤੇ ਆਚਰਨ ਦੀ ਉਚਤਾ ਮਰਦ ਦੀ ਪਰਖ ਠਹਿਰਾਈ ਜਾਵੇ। ਐਸੇ ਬੰਦੇ ਕੁਰਬਾਨੀ ਕਰ ਸਕਣਗੇ। ਤੁਸੀਂ ਇਸ ਦੇਸ਼ ਉਧਾਰ ਦੇ ਕੰਮ ਵਿਚ ਨਾਲ ਰਲੋ, ਚਾਹੋ ਅਗੁਵਾਨੀ ਲਵੋ। ਪਰ ਰਾਜਿਆਂ ਨੇ ਤੁਰਕ ਬਲ ਨੂੰ ਅਜਿੱਤ ਜਾਤਾ, ਗੁਰੂ ਕੀ ਤਜਵੀਜ਼ ਨੂੰ ਅਵਰਤੋਂ ਵਾਲੀ ਸਮਝਿਆ ਤੇ ਸਾਥ ਦੇਣੋਂ ਕਿ ਨਾਲ ਰਲਣੋਂ ਨਾਹ ਕਰ ਦਿਤੀ ਅਤੇ ਸਾਫ ਨਾਂਹ ਕਰ ਦਿਤੀ।

## ਪੰਜਵਾਂ ਪਰਤਾਵਾ ਆਪਣੇ ਧਰਮ ਦੇ ਆਗੂਆਂ ਦਾ

ਹੁਣ ਸਤਿਗੁਰੂ ਜੀ ਨੂੰ ਪਹਿਲੇ ਧਰਮੀਆਂ ਵਲੋਂ ਤੇ ਬਲ ਪ੍ਰਾਕ੍ਰਮ ਵਾਲਿਆਂ ਦੋਹਾਂ ਪਾਸਿਆਂ ਵਲੋਂ ਤਾਂ ਨਿਰਾਸਤਾ ਹੋ ਚੁੱਕੀ ਸੀ। ਇਨ੍ਹਾਂ ਵਲੋਂ ਆਸ ਚੁਕਾ ਕੇ ਜਿਸ ਮਹਾਨ ਕੰਮ ਨੂੰ ਚਾਉਣਾ ਸੀ ਉਸ ਲਈ ਬਾਕੀ ਨਜ਼ਰ ਆਪਣੇ ਹੀ ਘਰ ਤੇ ਅਵੱਸੋਂ ਪੈਣੀ ਸੀ। ਸੋ ਆਪ ਨੇ ਆਪਣੇ ਘਰ ਵਿਚ ਬਣੇ ਹੋਏ ਵਡਕਿਆਂ ਵਲ ਨਜ਼ਰ ਫੇਰੀ। ਓਹ ਕੌਣ ਸਨ ਜੋ ਗੁਰੂ ਕੇ ਗ੍ਰਿਹਿ ਵਿਚ ਵੱਡੇ ਸਨ? ਉਹ ਸਨ ਮਸੰਦ। ਇਹ ਲੋਕ ਚੌਥੇ ਪਾਤਸ਼ਾਹ ਦੇ ਵਕਤ ਤੋਂ ਬਣੇ ਸਨ ਜੋ ਸੰਗਤਾਂ ਵਿਚ ਪ੍ਰਚਾਰ ਕਰਦੇ ਤੇ ਨਾਮ ਦਾਨ ਦਿੰਦੇ ਤੇ ਜੋ ਸੰਗਤਾਂ ਵਲੋਂ ਭੇਟਾ ਦਸਵੰਧ ਮਿਲੇ ਗੁਰੂ ਕੇ ਦਰਬਾਰ ਪਹੁੰਚਾਉਂਦੇ ਹੁੰਦੇ ਸਨ। ਗੁਰੂ ਕੇ ਧਾਮ ਆਈ ਮਾਯਾ ਸਾਰੀ ਪਰਸੁਆਰਥ ਤੇ ਸੰਗਤਾਂ ਦੇ ਭਲੇ ਤੇ ਖਰਚ ਹੁੰਦੀ ਸੀ। ਪਹਿਲੋਂ ਏਹ ਨਾਮ ਬਾਣੀ ਦੇ ਪ੍ਰੇਮੀ ਤੇ ਸੱਚੇ ਸੇਵਕ ਹੁੰਦੇ ਸਨ। ਜਿਵੇਂ ਪਹਿਲੇ ਸਤਿਗੁਰ ਮੰਜੀ ਬਖਸ਼ਦੇ ਸਨ ਤਿਵੇਂ ਏਹ ਸੰਗਤ ਵਿਚ ਮਸਨਦ ਲਾ ਕੇ ਬੈਠਦੇ ਸਨ ਤੇ ਯੋਗ ਨਿਸਕਾਮ ਸੇਵਕ ਤੇ ਬੰਦਗੀ ਵਾਲੇ ਹੁੰਦੇ ਸਨ। ਪਰ ਸਹਜੇ ਸਹਜੇ ਇਨ੍ਹਾਂ ਵਿਚ ਬੀ ਲੋਭੀ ਰਲਦੇ ਗਏ ਤੇ ਛੇਵੇਂ ਸਤਿਗੁਰਾਂ ਦੇ ਮਗਰੋਂ ਸਤਿਗੁਰੂ ਜੀ ਦੇ ਦੂਰ ਜਾ ਰਹਿਣੇ ਕਰਕੇ, ਫੇਰ ਅੱਠਵੇਂ ਪਾਤਸ਼ਾਹ ਦੇ ਸਮੇਂ ਤੇ ਨੌਂਵੇਂ ਪਾਤਸ਼ਾਹ ਦੇ ਪਟਨੇ ਆਦਿ ਚਲੇ ਜਾਣ ਕਰਕੇ ਫੇਰ ਗੁਰੂ ਗੋਬਿੰਦ ਸਿੰਘ ਜੀ ਦੀ ਛੋਟੀ ਉਮਰਾ ਵਿਚ ਕੁੱਲ ਕੁੱਲਾਂ ਹੋ ਜਾਣ ਕਰਕੇ ਇਨ੍ਹਾਂ ਵਿਚ ਵਿਗਾੜ ਵਧ ਗਿਆ ਸੀ। ਪੁਰਾਣੇ ਭਲੇ ਭਲੇ ਮਰ ਚੁੱਕੇ ਸੇ, ਕੁਛ ਬ੍ਰਿਧ ਹੋ ਘਰੀਂ ਬੈਠ ਗਏ ਸਨ, ਨਵੇਂ ਨਵੇਂ ਕਰਨੀ ਹੀਨ ਰਲਦੇ ਗਏ ਸਨ ਤੇ ਗਿਰਾਉ ਵਧਦਾ ਵਧਦਾ ਖੁਦਸਰੀ ਤਕ ਅੱਪੜ ਰਿਹਾ ਸੀ। ਏਹ ਸਨ ਤਾਂ ਕਾਰਦਾਰ ਪਰ ਹੁਣ ਬਾਣੀ ਨਾਮ ਤੋਂ ਖਾਲੀ ਹੁੰਦੇ ਗਏ ਸਨ, ਲੋਭ ਵਧ ਗਿਆ ਸੀ, ਪੂਜਾ ਦਾ ਧਾਨ ਤੇ ਓਹ ਬੀ ਚੋਰੀ ਲੁਕਾ ਛਿਪਾ ਨਾਲ ਹੜੱਪ ਕਰਦੇ ਸਨ। ਅਜੇ ਬੀ ਵਿਚ ਵਿਚ ਚੰਗੇ ਸਨ ਪਰ ਥੋੜ੍ਹੇ, ਭਾਈ ਫੇਰੂ ਵਰਗੇ। ਜੋ ਮਹਾਨ ਕੰਮ ਆਪ ਆਰੰਭਣਾ ਚਾਹੁੰਦੇ ਸਨ ਆਪ ਦੇਖਦੇ ਸਨ ਕਿ ਉਸ ਵਿਚ ਕਿਸ ਪਾਸਿਓਂ ਤੋਲ ਲੈਣੀ ਹਰ ਵਡੇ ਕੰਮ ਦੇ ਕਰਨ ਤੋਂ ਮੁਹਰੇ ਜ਼ਰੂਰੀ ਹੁੰਦੀ ਹੈ। ਇਧਰ ਆਪ ਨੂੰ ਇਹ ਖਬਰਾਂ ਬੀ ਮਿਲਦੀਆਂ ਸਨ ਕਿ ਮਸੰਦ ਉਪੱਦ੍ਰਵ ਬੀ ਕਰਨ ਲਗ ਪਏ ਹਨ। ਗੁਰ ਸਿੱਖਾਂ ਨੂੰ ਪਾਖੰਡ ਕਰਕੇ ਠਗਦੇ ਤੇ ਦੁੱਖ ਬੀ ਦਿੰਦੇ ਹਨ। ਇਨ੍ਹਾਂ ਦੇ ਇਸ ਰਵੱਯੇ ਨੂੰ ਬੰਦ ਕਰਨਾ ਬੀ ਪ੍ਰਯੋਜਨ ਸੀ। ਪਰ ਆਪ ਦੇ ਰਾਹ ਵਿਚ ਕਠਨਤਾ ਸੀ ਬੜੀ ਭਾਰੀ ਕਿਉਂਕਿ ਸੰਗਤਾਂ ਸਭ ਇਨ੍ਹਾਂ ਦੇ ਹੱਥ ਵਿਚ ਸਨ। ਸਾਧਾਰਣ ਵੀਚਾਰ ਦੱਸਦੀ ਹੈ ਕਿ ਇਨ੍ਹਾਂ ਦੇ ਵਿਗੜਨ ਨਾਲ ਆਮਦਨ ਦੇ ਦਰਵਾਜ਼ੇ ਬੰਦ ਹੋਣੇ ਦਾ ਭਾਰੀ ਖਤਰਾ ਹੈਸੀ। ਮਸੰਦਾਂ ਨੂੰ ਬੀ ਆਪਣੇ ਇਸ ਬਲ ਦਾ ਪਤਾ ਸੀ ਤੇ ਗੁਰੂ ਜੀ ਨੂੰ ਆਪਣੇ

ਮਹਾਨ ਪਰਉਪਕਾਰ ਦੇ ਕੰਮਾਂ ਲਈ ਧਨ ਦੀ ਲੋੜ ਬੀ ਸੀ, ਪਰ ਸੱਚ ਦੇ ਪਿਆਰੇ, ਬਦੀ ਤੇ ਝੂਠ ਨਾਲ ਕਦੇ ਵਟਾਂਦਰਾ ਨਾ ਕਰਨ ਵਾਲੇ ਸਤਿਗੁਰੂ ਨੇ ਸੱਚ ਨੂੰ ਮੁੱਖ ਰੱਖ ਕੇ ਉਸ ਵੇਲੇ ਜੋ ਕੁਰਬਾਨੀ ਕਰਨ ਵਾਲੀ ਛਾਲ ਮਾਰੀ ਉਸ ਦਾ ਅੰਦਾਜ਼ਾ ਅਸੀਂ ਨਹੀਂ ਲਾ ਸਕਦੇ। ਸੋਚੋ, ਦੇਸ਼ ਗੁਲਾਮੀ ਵਿਚ ਹੈ, ਆਮ ਪਰਜਾ ਵਿਚ ਸਾਹਸ ਨਹੀਂ, ਪਾਤਸ਼ਾਹ ਦਾ ਜ਼ੋਰ ਤੇ ਤਾਕਤ ਮਧਯਾਨ ਦੇ ਸੂਰਜ ਵਾਂਗੂੰ ਪ੍ਰਬਲ ਹੈ, ਜ਼ੁਲਮ ਹੋ ਰਿਹਾ ਹੈ, ਰਾਜੇ ਤੇਜ ਹੀਨ, ਬਲ ਹੀਨ ਤੇ ਸਾਹਸਹੀਨ ਹੋ ਰਹੇ ਹਨ, ਧਰਮ ਦੇ ਆਗੂ ਲੋਭੀ ਹੋ ਰਹੇ ਹਨ, ਘਰ ਵਿਚ ਮਸੰਦਾਂ ਨੇ ਸੰਗਤਾਂ ਵਿਚ ਜ਼ੁਲਮ ਸ਼ੁਰੂ ਕਰ ਰੱਖਿਆ ਹੈ ਤੇ ਆਪਣੇ ਕਾਬੂ ਇਸ ਤਰ੍ਹਾਂ ਕੀਤਾ ਹੈ ਕਿ ਗੁਰੂ ਤੇ ਸੰਗਤਾਂ ਦੇ ਵਿਚਕਾਰ ਇਕ ਕੋਟ ਹੋ ਉਸਰੇ ਹਨ। ਪਰ ਸੱਚ ਦੇ ਮਾਲਕ ਨੇ ਸੱਚ ਵਰਤਾਇਆ। ਇਕ ਦਿਨ ਹੁਕਮਾਨੇ ਘਲਵਾ ਦਿਤੇ ਕਿ ਵੈਸਾਖੀ ਪਰ ਦੀਵਾਨ ਸਜੇਗਾ ਸਾਰੇ ਮਸੰਦ ਇਕੱਤਰ ਕੀਤਾ ਧਨ ਲੈ ਕੇ ਆਉਣ ਤੇ ਸੰਗਤਾਂ ਬੀ ਨਾਲ ਲੈ ਕੇ ਆਉਣ।

ਵੈਸਾਖੀ ਤੋਂ ਪਹਿਲੇ ਹੀ ਸੰਗਤਾਂ ਆ ਜੁੜੀਆਂ। ਮਸੰਦ ਬੀ ਆ ਇਕੱਠੇ ਹੋਏ। ਸਤਿਗੁਰੂ ਦੇ ਹਜ਼ੂਰ ਦਸਵੰਧ ਕਾਰ ਭੇਟ ਸਭ ਮਾਯਾ ਅਰਪਨ ਹੋਈ। ਤਦ ਸਤਿਗੁਰਾਂ ਨੇ ਮਸੰਦਾਂ ਨੂੰ ਅਲੱਗ ਬੁਲਾ ਕੇ ਆਖਿਆ ਕਿ ਤੁਸੀਂ ਸਾਰੇ ਆਏ, ਮਾਯਾ ਲਿਆਏ, ਪਰ ਮਾਯਾ ਜੋ ਕੱਠੀ ਹੋਈ ਬਹੁਤ ਥੋੜ੍ਹੀ ਹੈ ਤੇਹਰ ਸਾਲ ਘਟਦੀ ਜਾ ਰਹੀ ਹੈ, ਇਧਰ ਜਗਤ ਰਖਯਾ ਦੇ ਵੱਡੇ-ਵੱਡੇ ਕੰਮ ਜਾਰੀ ਹੋ ਰਹੇ ਤੇ ਹੋਣੇ ਹਨ। ਕੀਹ ਕਾਰਨ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਹਜ਼ੂਰ ਧਨੀ ਸਿਖ ਮਰ ਗਏ ਹਨ, ਗਰੀਬ ਸਿੱਖਾਂ ਤੋਂ ਜੋ ਕੁਝ ਉਹ ਪ੍ਰੇਮ ਭਾਵਨਾ ਨਾਲ ਦਿੰਦੇ ਹਨ, ਹਜ਼ੂਰ ਪਹੁੰਚਾ ਦੇਈਦਾ ਹੈ। ਗੁਰੂ ਜੀ ਮੁਸਕਰਾਏ ਤੇ ਬੋਲੇ, ਨਾ ਮੇਰੇ ਸਿੱਖਾਂ ਵਿਚ ਖਾਸ ਕੋਈ ਮੌਤ ਪਈ ਹੈ ਕਿ ਹੋਰ ਜੀਉਂਦੇ ਰਹਿਣ ਤੇ ਸਿੱਖ ਮਰਨ, ਨਾ ਇਹ ਕਿ ਸਿੱਖਾਂ ਵਿਚੋਂ ਬੀ ਧਨਵਾਨ ਹੀ ਚੁਣ-ਚੁਣ ਕੇ ਮਰੀ ਮਾਰੇ ਤੇ ਗਰੀਬਾਂ ਨੂੰ ਛਡੀ ਜਾਵੇ ਸਿਧੀ ਬਾਤ ਇਹ ਹੈ ਕਿ ਮਾਯਾ ਸਿੱਖਾਂ ਦੇ ਘਰੋਂ ਆ ਕੇ ਰਸਤੇ ਅਟਕੀ ਹੈ, ਉਸਨੂੰ ਓਥੋਂ ਚਾਲੇ ਪਾ ਕੇ ਖਜ਼ਾਨੇ ਵਿਚ ਪਹੁੰਚਾ ਦਿਓ।

ਮਸੰਦ ਉਦਾਸ ਹੋ ਕੇ ਉਠ ਆਏ ਤੇ ਆਪਣੇ ਵਿਚੋਂ ਸਭ ਤੋਂ ਵੱਡੇ ਮਸੰਦ 'ਚੇਤੋ' ਦੇ ਘਰ ਗਏ ਤੇ ਸ਼ਿਕਾਇਤ ਕੀਤੀ ਕਿ ਗੁਰੂ ਜੀ ਨੂੰ ਪਤਾ ਨਹੀਂ ਕੀਹ ਹੋ ਗਿਆ ਹੈ, ਕਠੋਰ ਤਰੀਕੇ ਨਾਲ ਗੱਲਾਂ ਕਰਦੇ ਹਨ, ਸਿੱਧੀ ਮੂੰਹ ਤੇ ਮਾਰਦੇ ਹਨ, ਸਾਨੂੰ ਚੋਰ ਸਮਝਦੇ ਹਨ, ਅੱਗੇ ਤਾਂ ਇਹ ਰਵੱਯਾ ਨਹੀਂ ਸੀ ਕਿ ਗੁਰੂ ਸਾਨੂੰ ਤਾੜਨਾ ਕਰੇ। ਸਾਡਾ ਬਨਾਯਾ ਗੁਰੂ ਹੈ, ਇਕੱਲਾ ਕੀ ਕਰ ਸਕਦਾ ਹੈ। ਤਾਂ ਚੇਤੋ ਨੇ ਕਿਹਾ ਡਰੋ ਨਾ ਸਭ ਠੀਕ ਹੋ ਜਾਸੀ। ਜਦ ਦੀ ਨੈਣਾਂ ਦੇ ਟਿਲੇ ਤੇ ਦੇਵੀ ਦੀ ਠਾਟਨਾ ਠਟੀ ਹੈ ਤਦ ਤੋਂ ਸੁਭਾਵ ਐਸਾ ਹੋ ਗਿਆ ਹੈ। ਪਰ ਆਸ ਹੈ ਸਭ ਠੀਕ ਹੋ ਜਾਏਗਾ।

ਅਗਲੇ ਦਿਨ ਚੋਤੇ, ਦੁਨੀਆਂ ਦੀ ਚਲਾਕੀ ਤੇ ਰਾਹਕਾਰੀ ਦੀ ਇਕ ਵੰਨਗੀ ਚੇਤੋ, ਏਕਾਂਤ ਗੁਰੂ ਜੀ ਨੂੰ ਜਾ ਮਿਲਿਆ ਤੇ ਸਮਝਾਉਣ ਲੱਗਾ, ਹੇ ਪਾਤਸਾਹ! ਆਪ ਮਾਲਕ ਹੋ ਅਸੀਂ ਦਾਸ ਹਾਂ। ਸਭ ਮਸੰਦ ਆਪ ਦੇ ਸੇਵਕ ਹਨ ਪਰ ਸੇਵਕ ਸੇਵਾ ਕਰਦੇ ਸਾਹਿਬ ਤੋਂ ਸਨਮਾਨੇ ਜਾਂਦੇ ਹਨ, ਇਨ੍ਹਾਂ ਦਾ ਦਿਲ ਰੱਖਣਾ ਆਪ ਨੂੰ ਬਣਦਾ ਹੈ। ਆਪ ਹੁਣ ਇਥੇ ਰਹਿੰਦੇ ਹੋ, ਆਪ ਕਿਥੇ ਕਿਥੇ ਜਾ ਸਕਦੇ ਹੋ, ਸਿਖੀ ਸੁਖ ਨਾਲ ਦੱਖਣ ਰਾਮੇਸ਼ਰ ਤਕ ਪੂਰਬ ਅਸਾਮ ਚਿਟਗਾਂਮ ਤੱਕ, ਪੱਛਮ ਬਲਖ ਬੁਖਾਰੇ ਤਕ, ਉਤਰ ਕਸ਼ਮੀਰ ਤਿੱਬਤ ਤਕ ਹੋਈ। ਸਭ ਥਾਵਾਂ ਦੇ ਦਸਵੰਧ ਮਸੰਦਾਂ ਹੀ ਲਿਆਉਣੇ ਹੋਏ, ਇਨ੍ਹਾਂ ਦੀ ਸੇਵਾ ਕਦਰ ਯੋਗ ਹੈ ਤੇ ਡੇਰੇ ਦੀ ਲੋੜ ਦਾ ਸਾਨੂੰ ਥਹੁ ਹੈ ਜੋ ਪੂਰੀ ਕਰਦੇ ਹਾਂ। ਫਿਰ ਇਹ ਸਭ ਆਪ ਦੇ ਅਨੁਸਾਰੀ ਹਨ, ਆਪ ਦੇ ਬਖਸ਼ੇ ਧਨ ਨਾਲ ਪਲਦੇ ਹਨ, ਤੇ ਹਰ ਤਰ੍ਹਾਂ ਸੇਵਾ ਵਿਚ ਹਾਜ਼ਰ ਹੈਨ, ਇਨ੍ਹਾਂ ਤੇ ਕ੍ਰਿਪਾ ਕਰਹੁ ਤੇ ਪਰਤਾਵੇ ਨਾ ਪਲਦੇ ਹਨ, ਤੇ ਹਰ ਤਰ੍ਹਾਂ ਸੇਵਾ ਵਿਚ ਹਾਜ਼ਰ ਹੈਨ, ਇਨ੍ਹਾਂ ਤੇ ਕ੍ਰਿਪਾ ਕਰਹੁ ਤੇ ਪਰਤਾਵੇ ਨਾ ਲਓ। ਗੁਰੂ ਜੀ ਮੁਸਕਰਾਏ ਤੇ ਬੋਲੇ - ਚੋਤੇ, ਇਹ ਆਖਦੇ ਹਨ ਧਨੀ ਸਿੱਖ ਮਰ ਗਏ ਹਨ, ਕੀਹ ਧਨੀਆਂ ਵਾਸਤੇ ਕੋਈ ਖਾਸ ਬੀਮਾਰੀ ਉਗਮੀ ਹੈ ਹੈ? ਹੈਂ? ਇਕ ਤਾਂ ਇਹ ਧਨ ਚੁਰਾਉਂਦੇ ਹਨ, ਦੂਜੇ ਝੂਠ ਬੋਲਦੇ ਹਨ, ਤੀਜੇ ਸੰਗਤਾਂ ਵਿਚ ਉਪੱਦ੍ਰਵ ਬੀ ਕਈ ਕਰ ਗੁਜ਼ਰਦੇ ਹਨ। ਮੈਨੂੰ ਧਨ ਦਾ ਲਾਲਚ ਨਹੀਂ, ਸੰਗਤਾਂ ਦੇ ਭਲੇ ਲਈ, ਪ੍ਰਜਾ ਦੀ ਕਲਿਆਣ ਤੇ ਸੰਗਤਾਂ ਦੀ ਖੁਸ਼ੀ ਨਾਲ ਦਿਤਾ ਧਨ ਇਥੇ ਸਫਲ ਹੋਣਾ ਹੈ। ਇਹ ਸੰਗਤਾਂ ਦਾ ਧਨ ਮੇਰੀ ਲੋਭ ਪੂਰਣਾ ਨਹੀਂ, ਇਹ ਜ਼ਿੰਮੇਵਾਰੀ ਹੈ ਜੋ ਮੈਂ ਸੰਗਤ ਦੇ ਭਲੇ ਲਈ ਲੈਂਦਾ ਹਾਂ ਤੇ ਇਸਨੂੰ ਸਫਲਾਉਂਦਾ ਹਾਂ। ਇਹ ਧਨ ਤਸੀਹੇ ਦੇ ਕੇ ਸਿੱਖਾਂ ਤੋਂ ਲੈਂਦੇ ਹਨ, ਇਹ ਸਿੱਖਾਂ ਦੀ ਪੀੜਾ ਮੈਨੂੰ ਪੀੜ ਹੁੰਦੀ ਹੈ, ਮੈਂ ਸਿੱਖਾਂ ਵਿਚ ਵਰਤਦਾ ਹਾਂ, ਸਿਖ ਦੀ ਪੀੜਾ ਮੇਰੀ ਪੀੜਾ ਹੈ। ਮੈਂ ਤਾਂ ਪਰਜਾ ਦੀ ਪੀੜਾ ਦੇ ਦਰਵਾਜ਼ੇ ਬੰਦ ਕਰਨੇ ਹਨ, ਆਪਣੇ ਸਿੱਖਾਂ ਦੀ ਪੀੜਾ ਕਿਵੇਂ ਸਹਾਰਾਂ? ਮੈਂ ਖੁਸ਼ੀ ਦਾ ਆਇਆ ਧਨ ਇਸ ਕਾਰਜ ਤੇ ਖਰਚਣਾ ਹੈ। ਜੇ ਇਹ ਭਲੇ ਹੋ ਜਾਣ ਤਾਂ ਕੰਮ ਸੌਖੇਰਾ ਹੋ ਜਾਏ, ਨਹੀਂ ਤਾਂ ਪਹਿਲਾਂ ਸੋਧ ਘਰ ਦੀ ਕਰਨੀ ਪਵੇਗੀ। ਤਾਂ ਚੇਤੋ ਨੇ ਹੱਥ ਬੰਨ੍ਹ ਕੇ ਕਿਹਾ, ਮਸੰਦ ਸਾਰੇ ਆਪ ਦੇ ਅਨੁਕੂਲ ਹਨ, ਕਿਹਾ ਨਹੀਂ ਜਾਂਦਾ ਕੋਈ ਟਾਵਾਂ ਜੇ ਮਾੜਾ ਹੋਇਆ ਤਾਂ ਅਸੀਂ ਆਪ ਮੱਖਣ ਵਿਚੋਂ ਵਾਲ ਵਾਂਗੂੰ ਕੱਢ ਦਿਆਂਗੇ। ਬੇਫਿਕਰ ਰਹੋ ਤੇ ਇਨ੍ਹਾਂ ਤੇ ਇਤਬਾਰ ਕਰੋ ਤੇ ਕ੍ਰਿਪਾ ਕਰਦੇ ਰਹੋ। ਲੋਕਾਂ ਦੀਆਂ ਗੱਲਾਂ ਤੇ ਇਤਬਾਰ ਨਾ ਕਰੋ। ਮਸੰਦਾਂ ਦੇ ਦੋਖੀ ਐਵੇਂ ਵਧਾ ਵਧਾ ਕੇ ਗੱਲਾਂ ਕਰ ਜਾਂਦੇ ਹਨ। ਜਦ ਤਕ ਮੈਂ ਬੈਠਾ ਹਾਂ, ਇਨ੍ਹਾਂ ਦਾ ਫਿਕਰ ਨਾ ਕਰੋ।

ਗੁਰੂ ਜੀ - ਚੇਤੋ ਮੈਂ ਜਗਤ ਦੀ ਰਖਿਆ ਕਰਨੀ ਹੈ, ਪ੍ਰਜਾ ਦੀ ਪੀੜਾ ਹਰਨੀ ਹੈ। ਮੈਂ ਆਪ ਪੀੜਾ ਝੱਲਣੀ ਹੈ ਪਰ ਦੁਨੀਆਂ ਦੀ ਨਾਸ਼ ਕਰਨੀ ਹੈ, ਇਸ ਗੱਲ ਤੇ ਟੁਰੋ ਤੇ ਟੋਰੋ ਮਸੰਦਾਂ ਨੂੰ ਤਾਂ ਮੇਰੇ ਹੋ, ਨਹੀਂ ਤਾਂ ਮੈਂ ਹੁਣ ਇਕ ਪਾਸੇ ਗੱਲ ਕਰਨੀ ਹੈ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਦਿਆਂ ਹੋਰ ਪੱਖ ਛਿੜ ਪਿਆ ਤੇ ਗੁਰੂ ਜੀ ਹੋਰ ਕਾਰੇ ਲਗ ਗਏ। ਸਮਾਂ ਬੀਤਦਾ

ਰਿਹਾ। ਗੁਰੂ ਜੀ ਉਪਚਾਰ ਵੀਚਾਰਦੇ ਰਹੇ। ਇਧਰ ਮਸੰਦ ਮਾਤਾ ਜੀ ਵੱਡਿਆਂ ਪਾਸ ਆਪਣੇ ਪੱਖ ਦੇ ਵਾਕ ਪੁਚਾਉਂਦੇ ਰਹੇ। ਮਾਤਾ ਜੀ ਨੇ ਇਕ ਦੋ ਵੇਰ ਉਨ੍ਹਾਂ ਦੀ ਸਿਫਾਰਸ਼ ਕੀਤੀ ਪਰ ਗੁਰੂ ਜੀ ਨੇ ਉਤਰ ਇਹੀ ਦੇਣਾ ਕਿ ਜੇ ਖਰੇ ਹਨ ਤਾਂ ਮੇਰੇ ਹਨ ਜੇ ਖੋਟੇ ਨਿਕਲੇ ਤਾਂ ਮੇਰੇ ਨਹੀਂ ਹੋਣਗੇ।

ਇਕ ਦਿਨ ਸਤਿਗੁਰੂ ਜੀ ਦੀਵਾਨ ਵਿਚ ਸਜੇ ਬੈਠੇ ਸਨ, ਕੀਰਤਨ ਹੋ ਚੁੱਕਾ ਸੀ, ਸੰਗਤਾਂ ਪੇਸ਼ ਹੋ ਚੁਕੀਆਂ ਸਨ, ਆਪ ਕੁਛ ਵਾਰਤਾਲਾਪ ਕਰ ਰਹੇ ਸੇ ਕਿ ਅਚਾਨਕ ਚੁੱਪ ਹੋ ਗਏ ਤੇ ਨੈਣ ਬੰਦ ਕਰ ਲੀਤੇ। ਸੰਗਤ ਵਿਚ ਬੀ ਚੁੱਪ ਹੋ ਗਈ। ਸੰਗਤ ਉਞ ਵੀ ਅਦਬ ਵਿਚ ਹੁੰਦੀ ਸੀ ਪਰ ਜੇ ਆਪ ਅਡੋਲ ਹੋ ਜਾਣ ਤਾਂ ਸੰਗਤ ਵਿਚ ਬਿਲਕੁਲ ਚੁੱਪ ਹੋ ਜਾਂਦੀ ਸੀ ਤੇ ਸਾਰੇ ਧਿਆਨ ਮਗਨ ਹੋ ਜਾਂਦੇ ਸੇ। ਕੁਛ ਚਿਰ ਮਗਰੋਂ ਆਪ ਜੀ ਨੇ ਰਸੀਲੇ ਨੈਣ ਖੁਹਲੇ ਤੇ ਇਧਰ ਉਧਰ ਤੱਕੇ। ਫੇਰ ਚੋਬਦਾਰ ਨੂੰ ਇਸ਼ਾਰਾ ਹੋਇਆ। ਉਹ ਅਦਬ ਨਾਲ ਅੱਗੇ ਵਧਿਆ ਤਾਂ ਆਗਿਆ ਹੋਈ ਕਿ ਬਾਹਰ ਜਾਓ, ਇਕ ਸਿੱਖ ਅਮਕੇ ਥਾਂ ਦੇ ਇਧਰ ਉਧਰ ਇਕ ਬ੍ਰਿਛ ਹੇਠਾਂ ਬੈਠਾ ਹੈ, ਉਸ ਦੇ ਨੈਣਾਂ ਵਿਚ ਪਾਣੀ ਹੈ, ਚਿਹਰੇ ਤੇ ਉਦਾਸੀਨਤਾ ਹੈ, ਕਦੇ ਚੁੱਪ ਹੁੰਦਾ ਹੈ, ਕਦੇ ਆਪੇ ਗੱਲਾਂ ਕਰਦਾ ਹੈ ਉਸਨੂੰ ਜਾ ਕੇ ਪਿਆਰ ਨਾਲ ਨਾਲ ਲੈ ਆ। ਸੀਸ ਨਿਵਾ ਕੇ ਚੋਬਦਾਰ ਚਲਾ ਗਿਆ। ਜਦ ਠਿਕਾਣੇ ਕੋਲ ਪਹੁੰਚਾ ਤਾਂ ਠੀਕ ਇਕ ਸਿੱਖ ਉਸੀ ਤਰ੍ਹਾਂ ਬੈਠਾ ਸੀ – ਨੈਣ ਬੰਦ ਸਨ ਤੇ ਕੋਈ ਕੋਈ ਕਿਸੇ ਵੇਲੇ ਹੰਝੂ ਕਿਰਦਾ ਸੀ। ਚੋਬਦਾਰ ਮਲਕੜੇ ਬ੍ਰਿਛ ਦੇ ਮੁੱਢ ਓਹਲੇ ਜਾ ਖੜੋਤਾ ਕਿ ਅੱਖ ਖੁੱਲ੍ਹੇ ਸੂ ਤਾਂ ਅੱਗੇ ਹੋ ਕੇ ਹੁਕਮ ਸੁਣਾਵਾਂ, ਜੁੜੇ ਬੈਠੇ ਨੂੰ ਵਿਘਨ ਨਾ ਪਾਵਾਂ। ਪਲ ਮਗਰੋਂ ਸਿੱਖ ਦੇ ਮਨੋਵਾਦ ਦੀ ਆਵਾਜ਼ ਆਉਣ ਲਗ ਪਈ – ਮਨਾਂ ਸੋਚ, ਸਤਿਗੁਰ ਦਾ ਦਰ ਸਭ ਲਈ ਖੁੱਲ੍ਹਾ ਹੈ, ਸਤਿਗੁਰ ਸਿੱਖਾਂ ਨੂੰ ਪੁੱਤਾਂ ਵਾਂਗੂੰ ਪਿਆਰ ਕਰਦਾ ਹੈ, ਸਤਿਗੁਰ ਸੋਝੀ ਦਿੰਦਾ ਹੈ ਤੇ ਓਸੇ ਰਾਹੇ ਪਾ ਦਿੰਦਾ ਹੈ ਜੋ ਸਿੱਖ ਦਾ ਅੰਦਰ ਪ੍ਰਬੁੱਧ ਹੋ ਜਾਂਦਾ ਹੈ ਤੇ ਉਸਦੀ ਕਰਨੀ ਤੇ ਕਹਿਣੀ ਇਕ ਹੋ ਜਾਂਦੀ ਹੈ। ਇਹ ਸਤਿਗੁਰ ਕੋਈ ਮਾਯਾ ਦਾ ਪ੍ਰੇਮੀ ਹੈ ਕਿ ਕੋਈ ਸੋਭਾ ਦਾ ਲੋਭੀ ਹੈ ਇਹ ਤਾਂ ਸਿੱਖਾਂ ਤੋਂ ਆਪਾ ਵਾਰਦਾ ਤੇ ਬਲਦੀਆਂ ਬੁਝਾਉਂਦਾ ਹੈ ਆਪਣੇ ਹੱਥਾਂ ਨਾਲ। ਹੋਰ ਅਨੇਕ ਗੁਰੂ ਘਰ ਘਰ ਬੈਠੇ ਹਨ, ਸਭ ਨੂੰ ਛੱਡ ਕੇ ਏਸ ਦਰ ਡਿੱਗੇ ਸਾਂ ਕਿ ਇਥੇ ਸੱਚ ਵਰਤਦਾ ਹੈ ਤੇ ਦਾਤ ਹੁੰਦੀ ਹੈ। ਲੈਣ ਦੀ ਇੱਛਾ ਇਥੇ ਹੈ ਨਹੀਂ, ਇਹ ਤਾਂ 'ਦਾਤਾ ਦਰਾ' ਹੈ। ਜੇ ਅਸੀਂ ਦੁਨੀਆਂ ਦੀ ਮੈਲ-ਮਾਯਾ ਇਥੇ ਲਿਆ ਧਰਦੇ ਹਾਂ ਤਾਂ ਉਸਨੂੰ ਸਫਲਾ ਦੇਂਦੇ ਹੈ ਭਲੇ ਅਰਥ ਲਾ ਕੇ। ਆਪ ਤਾਂ ਦਾਤਾ – ਨਿਰਾਹਾਰ ਨਿਰਵੈਰ ਸੁਖਦਾਈ ਹੈ। ਇਹ ਹੋ ਨਹੀਂ ਸਕਦਾ ਕਿ ਐਸੇ ਦਾਤੇ ਨੇ ਆਪਣਾ ਦਰ ਮੇਰੇ ਲਈ ਬੰਦ ਕੀਤਾ ਹੋਵੇ। ਚੁੱਪ...ਮੈਂ ਕਿੰਨੀ ਵੇਰ ਗਿਆ ਚੋਬਦਾਰ ਕਹਿੰਦਾ ਹੈ ਤੇਰੇ ਲਈ ਹੁਕਮ ਨਹੀਂ। ਚੇਤੋ ਨੂੰ ਆਖਿਆ ਉਹ ਅੱਜਕਲ੍ਹ ਕਹਿ ਦਿੰਦਾ ਹੈ। ਆਖਦਾ ਹੈ ਤੇਰੀ ਭੇਟ ਸਾਹਿਬਾਂ ਕਬੂਲ ਲਈ ਹੈ ਤੇ ਵਰਦਾਨ ਦਿੱਤੇ ਹਨ। ਫੇਰ ਦਰਸ਼ਨ ਕਿਉਂ ਨਹੀਂ ਹੁੰਦੇ। ਇਹ ਦਰ ਸੱਚ ਦਾ ਹੈ, ਚੋਬਦਾਰ ਕਿਉਂ ਕੂੜ ਆਖੇ, ਚੋਬਦਾਰ ਸਿੱਖ ਹਨ, ਸੱਚ ਦੇ ਪਿਆਰੇ ਹਨ, ਸੰਗਤਾਂ ਦੇ ਅਨੁਸਾਰੀ ਹਨ, ਚੇਤੋ ਗੁਰੂ ਦਾ ਨਿਕਟ ਵਰਤੀ ਹੈ।......ਤਾਂ ਤੇ ਮਨਾਂ। ਤੇਰੇ ਵਿਚ ਹੀ ਕੋਈ ਖੋਟ ਹੈ, ਕੋਈ ਕਸਰ ਹੈ, ਹਾਂ ਤੈਂ ਵਿਚ ਹੀ ਕੋਈ ਪਾਪ ਹੈ ਤਦੇ ਸੱਚ ਦਾ ਪਿਆਰਾ ਗੁਰੂ ਤੈਨੂੰ ਮੂੰਹ ਨਹੀਂ ਲਾਉਂਦਾ। ਦੇਖੋ ਰਾਹ ਖਹਿੜੇ ਬੀ ਤਾਂਘਦਾ ਰਿਹਾ ਸਾਂ, ਸੁਤੇ ਦਰਸ਼ਨ ਬੀ ਨਹੀਂ ਹੋਏ। ਹੁਣ ਮੈਂ ਕੀਹ ਕਰਾਂ। ਨਿਰਾਸਾ ਦੇ ਕੁਛੜ ਚੁੜ੍ਹਿਆ ਜਾਨ ਸੁਕਵਾ ਲਵਾਂ? ਨਹੀਂ ਨਹੀਂ ਮੈਂ ਗੁਰੂ ਕਾ ਸਿੱਖ ਹਾਂ, ਜੇ ਮਾੜਾ ਹਾਂ ਤਾਂ ਮਾੜਾ ਸਹੀ, ਗੁਰੂ ਨੂੰ ਲਾਜ ਹੈ। ਮੈਂ ਗੁਰੂ ਕਾ ਹਾਂ ਮਹਾਰਾਜ ਦਾ ਵਾਕ ਹੈ – ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾਂ ਖਸਮੈ ਨਾਉ ਨਾ ਜਾਈ' ਗੁਰੂ ਅੰਤਰਜਾਮੀ ਹੈ, ਸਿੱਖਾਂ ਦੇ ਸੰਕਲਪ ਵਾਚ ਲੈਂਦਾ ਹੈ। ਹਾਂ ਦੂਜੇ ਦੇ ਖਿਆਲਾਂ ਨੂੰ ਗੁਰੂ ਪੜ੍ਹ ਲੈਂਦਾ ਹੈ ਆਪੇ। ਤਾਂ ਤੇ ਅਰਦਾਸ ਕਰ, ਹੇ ਮਨ! ਅਰਦਾਸ। ਅਰਦਾਸ ਬੀ ਬੈਠਾ ਕਿੰਨੇ ਚਿਰ ਤੋਂ ਕਰ ਰਿਹਾ ਹਾਂ, ਵਾਚ ਲਈ ਹੋਸੀ ਗੁਰੂ ਨੇ, ਸੁਣ ਲਈ ਹੋਸੀ ਦਾਤੇ ਨੇ, ਮੈਂ ਪਾਪੀ ਹਾਂ ਤਦੇ ਨਹੀਂ ਨਾ ਪਸੀਜਦਾ। ਮੈਂ ਪਾਪੀ ਮੈਂ ਪਾਪੀ...ਚੁਪ। ਮਨਾਂ ਨਿਰਾਸ ਨਾ ਹੋ। ਗੁਰੂ ਘਰ ਨਿਰਾਸਾ ਨਹੀਂ ਸਿਖਾਲਦਾ। ਗੁਰੂ ਬਾਬੇ ਨੇ ਰਾਇ ਬੁਲਾਰ ਨੂੰ ਕਿਹਾ ਸੀ, ਜਦੋਂ ਆਪ ਸੁਲਤਾਨਪੁਰ ਜਾਣ ਲੱਗੇ ਸੇ – ਹੇ ਰਾਇ! ਜਦੋਂ ਤੇਰੀ ਆਪਣੀ ਸਤਿਆ ਕੁਝ ਨਾ ਸਾਰ ਸਕੇ ਦੁਇ ਹੱਥ ਜੋੜ ਕੇ ਕਰਤਾਰ ਦੀ ਸ਼ਰਨੀ ਪੈ ਜਾਇਆ ਕਰ। ਹੇ ਮਨ ਪਿਆਰ ਰਹੁ ਸ਼ਰਨ, ਜੋੜੀ ਰੱਖ ਧਿਆਨ, ਕਰੀ ਚਲ ਅਰਦਾਸ, ਆਪੇ ਦਾਤਾ ਬਖਸ਼ੇਗਾ। ਇਹ ਕਹਿ ਕੇ ਸਿੱਖ ਦੁਇ ਹੱਥ ਜੋੜ ਕੇ ਨਮਸਕਾਰ ਵਿਚ ਪੈ ਗਿਆ, ਕੁਛ ਚਿਰ ਬਾਅਦ ਉਠਿਆ ਤੇ ਇਧਰ ਉਧਰ ਤੱਕਿਆ। ਹੁਣ ਚੋਬਦਾਰ ਨੇ ਅੱਗੇ ਹੋ ਕੇ ਆਖਿਆ, ਗੁਰੂ ਦੇ ਪਿਆਰਿਆ! ਤੈਨੂੰ ਗੁਰੂ ਕਿਆਂ ਨੇ ਯਾਦ ਕੀਤਾ ਹੈ, ਆ ਮੇਰੇ ਨਾਲ। ਸਿੱਖਾ! ਗੁਰੂ ਕਾ ਦਰ ਵਾਹਿਗੁਰੂ ਦਾ ਦਰ ਹੈ, ਜਿਥੇ ਸਾਰੇ ਸਿੱਖ ਪਿਆਰੇ ਹਨ-ਸਿੱਖਾਂ ਪੁੱਤ੍ਰਾਂ ਭਾਈਆਂ ਭਾ ਇਕੋ ਜਿਹਾ। ਆ ਉਦਾਸ ਨਾ ਹੋ। ਭੋਲਿਆ! ਐਸਾ ਦਰ ਕਿੱਥੇ ਹੈ ਜੋ ਸਿੱਖ ਨੂੰ ਦੁਖਦਾਈ ਹਉਮੈ ਤੋਂ ਛੁਡਾ ਕੇ ਗੁਰਮੁਖ ਬਣਾ ਦਿੰਦਾ ਹੈ, ਜੋ ਆਪ ਸੁਖੀ ਹੋ ਕੇ ਜਗਤ ਨੂੰ ਸੁੱਖ ਦਿੰਦਾ ਹੈ। ਸੰਸਾ ਨਾ ਕਰ ਗੁਰੂ ਤੇ, ਉਹ ਦਾਤਾ ਹੈ, ਸੰਸਾ ਨਾ ਕਰ ਆਪਣੇ ਤੇ, ਤੂੰ ਸੱਚ ਤੇ ਤੁਰਨ ਵਾਲਾ ਹੈਂ, ਭੁੱਲ ਚੁਕ ਗੁਰੂ ਬਖਸ਼ੇ। ਗੁਰੂ ਹੁਕਮ ਹਮਦਰਦੀ ਨਾਲ ਭਰੇ ਚੋਬਦਾਰ ਤੋਂ ਸੁਣ ਕੇ ਸਿਖ ਦਾ ਮਨ ਮਉਲ ਪਿਆ। ਧੰਨ ਦਾਤਾ, ਧੰਨ ਦਾਤਾ ਕਰਦਾ ਉਠਿਆ, ਆਖਣ ਲੱਗਾ, ਗੁਰੂ ਕਿਆ! ਤੇਰੇ ਦਾਨ ਗੁਲਾਬ! ਇਹ ਗੁਰੂ ਕਾ ਘਰ ਹੀ ਹੈ ਕਿ ਜਿਥੋਂ ਦੇ ਚੋਬਦਾਰ ਦਰਦਾਂ ਵਾਲੇ ਹਨ, ਰਾਜਸੀ ਚੋਬਦਾਰ ਹੁੰਦਾ ਤਾਂ ਖਬਰੇ ਕਿਸ ਤਰ੍ਹਾਂ ਕੂੰਦਾ। ਸ਼ਾਬਾਸ਼ ਤੇਰੇ!

ਦੁਇ ਟੁਰ ਪਏ, ਜਦ ਦਰਵਾਜ਼ੇ ਅੱਗੇ ਆਏ ਤਾਂ ਪਹਿਰੇ ਤੇ ਖੜ੍ਹੇ ਚੋਬਦਾਰ ਨੇ ਆਖਿਆ – ਇਸ ਸਿੱਖ ਦੇ ਅੰਦਰ ਜਾਣ ਦਾ ਹੁਕਮ ਮਨ੍ਹੇ ਹੈ।

ਨਾਲ ਆਯਾ ਚੋਬਦਾਰ – ਕਿਸ ਦਾ ਹੁਕਮ ਹੈ ਮਨਾਹੀ ਦਾ?

ਪਹਿਰੇ ਵਾਲਾ – ਮੈਨੂੰ ਚੇਤੋ ਜੀ ਨੇ ਆਖਿਆ ਹੈ ਕਿ

ਇਸ ਦੇ ਅੰਦਰ ਜਾਣੇ ਦੀ ਮਨਾਹੀ ਹੈ, ਆਵੇ ਤਾਂ ਰੋਕ ਦਿਓ।

ਨਾਲ ਆਯਾ ਚੋਬਦਾਰ - ਸੈਂ ਇਸਨੂੰ ਚੇਤੋ ਦੇ ਮਾਲਕ ਦੇ ਹੁਕਮ ਨਾਲ ਲੈਣ ਗਿਆ ਸਾਂ ਤੇ ਲੈ ਕੇ ਆਯਾ ਹਾਂ।

ਪਹਿਲੇ ਚੋਬਦਾਰ ਨੇ ਸੀਸ ਨਿਵਾ ਦਿਤਾ ਤੇ ਰਸਤਾ ਦੇ ਦਿਤਾ। ਹਜ਼ੂਰੀ ਵਿਚ ਹਾਜ਼ਰ ਹੋ ਕੇ ਸਿੱਖ ਨੇ ਦਰਸ਼ਨ ਕੀਤਾ, ਨਿਹਾਲ ਹੋ ਗਿਆ, ਮੱਥਾ ਟੇਕਿਆ ਤੇ ਚਕੋਰ ਨਿਆਈ ਨੈਣ ਚੰਦ ਦਰਸ਼ਨਾਂ ਵਿਚ ਲਾ ਕੇ ਬਹਿ ਗਿਆ। ਦਿਲ ਨੂੰ ਆਖੇ, ਹੈ ਨਾ ਦਾਤਾ ਗੁਰੂ, ਕਿਵੇਂ ਪੀੜਾ ਪਛਾਣੀ ਸੂ ਤੇ ਕਿਵੇਂ ਮੇਰੇ ਸੰਕਲਪ ਵਾਚ ਲਏ ਸੂ ਤੇ ਆਪੇ ਸੱਦ ਲਿਆ ਸੂ। ਕੌਤਕੀ ਸਤਿਗੁਰੂ ਜੀ ਚੋਜੀ ਸੁਰ ਬਣਾ ਕੇ ਆਖਣ ਲੱਗੇ, ਸਿੱਖਾ! ਮੇਰੇ ਲਈ ਕੀਹ ਲਿਆਇਆ ਹੈਂ?

ਸਿੱਖ ਬੋਲਿਆ - ਤੇਰਾ ਦਿਤਾ ਖਾਂਦੇ ਪੀਂਦੇ ਹਾਂ, ਸਿੱਖ ਕੀਹ ਤੇ ਦੇਣਾ ਕੀਹ, ਤੂੰ ਦਾਤਾ ਜਗ ਮੰਗਤਾ! ਤੇਰੇ ਬਖਸ਼ੇ ਵਿਚੋਂ ਜੋ ਤਿਲ ਫੁਲ ਸਰਿਆ ਹਾਜ਼ਰ ਕਰ ਦਿਤਾ ਹੈ।

ਗੁਰੂ ਜੀ - ਹਾਜ਼ਰ! ਕਦੋਂ?

ਸਿੱਖ ਬੋਲਿਆ - ਜੀ ਚੋਤੇ ਮਸੰਦ ਨੂੰ ਦਿਤਾ ਸੀ ਉਹ ਦੱਸਦਾ ਹੈ ਕਿ ਹਜ਼ੂਰੀ ਵਿਚ ਅਰਪਨ ਹੋ ਚੁੱਕਾ ਹੈ।

ਸਤਿਗੁਰੂ ਜੀ ਨੇ ਤੋਸ਼ੇਖਾਨੇ ਤੋਂ ਪਤਾ ਮੰਗਾਯਾ ਤਾਂ ਖਜ਼ਾਨਚੀ ਨੇ ਦੱਸਿਆ ਕਿ ਇਤਨੀ ਮਾਯਾ ਕਾਰ ਭੇਟ ਦੀ ਇਸ ਸਿੱਖ ਦੀ ਖਜ਼ਾਨੇ ਦੀ ਜਮ੍ਹਾਂ ਹੋ ਚੁੱਕੀ ਹੈ। ਤਦ ਸਿੱਖ ਨੇ ਦੱਸਿਆ ਕਿ ਜੀ ਇਕ ਹੀਰੇ ਕਣੀਆਂ ਦੀ ਜੜਤ ਦਾ ਚੂੜਾ ਸੀ ਗੈਂਡੇ ਦਾ ਬਣਿਆ ਹੋਇਆ, ਜੋ ਦੈਵ ਸੰਜੋਗ ਨਾਲ ਕਾਰੀਗਰ ਲੈ ਆਯਾ ਸੀ, ਸੋ ਮੈਂ ਗੁਰੂ ਹਜ਼ੂਰੀ ਵਿਚ ਹਾਜ਼ਰ ਕਰਨ ਲਈ ਨਾਲ ਲਿਆਇਆ ਸੀ, ਸੋ ਬੀ ਚੇਤੋ ਨੂੰ ਦਿਤਾ ਸੀ ਪਰ ਖਜ਼ਾਨੇ ਵਿਚ ਇਸ ਦੇ ਦਾਖਲ ਹੋਣ ਦਾ ਜ਼ਿਕਰ ਨਹੀਂ।

ਇਹ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਚੇਤੋ ਨੂੰ ਬੁਲਾ ਭੇਜਿਆ। ਜਦ ਕੀ ਗਿਣਤੀਆਂ ਕਰਦਾ ਚੇਤੋ ਆਇਆ ਤੇ ਹਾਜ਼ਰ ਹੋਇਆ, ਚੂੜੇ ਵਾਲਾ ਸਿੱਖ ਬੈਠਾ ਵੇਖ ਕੇ ਤ੍ਰਬ੍ਰਕਿਆ। ਕਵੀ ਜੀ ਲਿਖਦੇ ਹਨ -

***ਗੁਰ ਮਾਯਾ ਚੇਤੋ ਬਿਰਮਾਇਓ।***
***ਲੋਭ ਲਹਰ ਮੈ ਗੋਤਾ ਖਾਇਓ।***
***ਜਿਸ ਨੇ ਬੜੇ ਬੜੇ ਡਹਕਾਏ।***
***ਕਹਾ ਬਪੁਰਾ ਚੇਤੋ ਠਹਿਰਾਏ।***

ਚੇਤੋ ਨੂੰ ਦੇਖ ਕੇ ਸਿੱਖ ਨੇ ਆਖਿਆ, ਭਾਈ ਚੇਤੋ ਜੀ, ਜੋ ਤਿਲ ਫੁਲ ਮੈਂ ਗੁਰੂ ਚਰਨਾਂ ਵਾਸਤੇ ਲਿਆਇਆ ਸਾਂ ਤੇ ਆਪ ਨੂੰ ਦਿਤਾ ਸੀ ਉਹ ਤਾਂ ਖਜ਼ਾਨੇ ਪਹੁੰਚ ਗਿਆ ਹੈ ਪਰ ਚੂੜਾ ਨਹੀਂ ਪੁੱਜਾ।

ਚੇਤੋ - ਸਿੱਖਾ! ਕਿਉਂ ਕੂੜ ਮਾਰਦਾ ਹੈਂ ਤੂੰ ਕਿਸੇ ਹੋਰ ਨੂੰ ਦਿਤਾ ਹੋਣਾ ਹੈ, ਚੇਤੇ ਕਰ ਕਿਸਨੂੰ ਦਿੱਤਾ ਹਈ? ਮੇਰੇ ਸਿਰ ਐਵੇਂ ਦੋਸ਼ ਨਾ ਲਾ ਚੂੜੇ ਦਾ ਕੂੜਾ।

ਸਤਿਗੁਰੂ ਜੀ - ਚੋਤੇ! ਮੈਨੂੰ ਚੂੜੇ ਦੀ ਲੋੜ ਨਹੀਂ ਤੈਨੂੰ ਚੰਗਾ ਲੱਗਾ ਹੈ ਤਾਂ ਤੈਨੂੰ ਹੀ ਮਿਲ ਜਾਏਗਾ, ਸਿੱਖ ਦੀ ਐਤਨੀ ਭਾਵਨੀ ਪੂਰਨ ਕਰ ਦੇਹ ਕਿ ਇਕ ਵੇਰੀ ਲਿਆ ਕੇ ਦਿਖਾ ਦੇਹ, ਫੇਰ ਤੈਨੂੰ ਹੀ ਦੇ ਦਿਆਂਗੇ।

ਇਹ ਸੁਣ ਕੇ ਚੇਤੋ ਗੁੱਸੇ ਵਿਚ ਆ ਗਿਆ, ਪਹਿਲੋਂ ਤਾਂ ਸਿੱਖ ਨੂੰ ਝਿੜਕਿਆ, ਇਸ ਗੁਰੂ ਮਾਰੇ ਨੇ ਕੂੜ ਮਾਰਿਆ ਹੈ। ਫੇਰ ਗੁਰੂ ਜੀ ਨੂੰ ਕਹਿਣ ਲੱਗ ਪਿਆ ਕਿ ਆਪ ਸਾਨੂੰ ਚੋਰ ਸਮਝਦੇ ਹੋ ਤੇ ਇਸ ਕੀਰ ਸਿੱਖ ਨੂੰ ਸਾਧ ਸਮਝਦੇ ਹੋ। ਇਸ ਸਾਕਤ ਨੂੰ ਇਸ ਝੂਠੇ ਨੂੰ ਇਸ ਮੱਤਿਮਾਰੇ ਨੂੰ ਚੰਗਾ ਸਮਝਦੇ ਹੋ ਤੇ ਸਾਨੂੰ ਮਾੜਾ ਜੋ ਸਾਰੀ ਮਾਯਾ ਅਸੀਂ ਲਿਆਉਂਦੇ ਤੇ ਭੇਟਾ ਕਰਦੇ ਹਾਂ, ਸਭ ਕੁਛ ਖਜ਼ਾਨੇ ਅਰਪਦੇ ਹਾਂ। ਦੇਸ਼ ਪ੍ਰਦੇਸ਼ ਸਾਡੀ ਪਤ ਹੈ, ਆਪ ਕਦਰ ਨਹੀਂ ਪਾਉਂਦੇ, ਝੂਠ ਸੱਚ ਦੀ ਪਰਖ ਨਹੀਂ ਕਰਦੇ, ਐਵੇਂ ਕੋਸਣ ਲਗ ਪੈਂਦੇ ਹੋ। ਸਾਰੇ ਕੰਮ ਅਸੀਂ ਸੁਧਾਰਦੇ ਹਾਂ, ਦੇਖੋ! ਬੁਲਾਓ ਖਜ਼ਾਨਚੀ ਨੂੰ ਜੋ ਕੁਛ ਇਸਨੇ ਮੈਨੂੰ ਦਿਤਾ ਮੈਂ ਜਮਾਂ ਕਰਨਾ ਦਿਤਾ ਹੈ ਖਜ਼ਾਨੇ ਕਿ ਨਹੀਂ? ਚੂੜਾ ਜਾਂ ਦਿਤਾ ਨਹੀਂ ਜਾਂ ਕਿਸੇ ਹੋਰਸ ਨੂੰ ਦੇ ਬੈਠਾ ਹੈ, ਕੰਗਲਾ ਮੱਥੇ ਮੇਰੇ ਮੜ੍ਹਦਾ ਹੈ। ਜਿੱਥੇ ਮੈਂ ਸਾਰੀ ਮਾਯਾ ਜਮ੍ਹਾਂ ਕਰਵਾਈ ਸੀ ਚੂੜਾ ਮੈਂ ਸਿਰ ਮਾਰਨਾ ਸੀ। ਤਦ ਗੁਰੂ ਜੀ ਬੋਲੇ - ਚੇਤੋ! ਦੇਖ ਹੋਸ਼ ਕਰ, ਤੈਨੂੰ ਦੱਸਾਂ ਸੱਚ ਝੂਠ ਦੇ ਨਿਤਾਰਨ ਦੀ ਜਾਚ ਮੈਨੂੰ ਹੈ ਕਿ ਨਹੀਂ, ਤੁਸਾਡੀ ਦਰੁਸਤ ਕੀਮਤ ਪਾ ਸਕਦਾ ਹਾਂ ਕਿ ਨਹੀਂ, ਇਹ ਕਰਕੇ ਦਿਖਾਵਾਂ? ਨਹੀਂ ਤਾਂ ਸੱਚ ਬੋਲ ਦੇਹ।

ਚੇਤੋ ਬੋਲਿਆ - ਆਪ ਜ਼ੋਰਾਵਰੀਆਂ ਕਰਦੇ ਹੋ, ਦੇਵੀ ਕੇਹੀ ਆਈ, ਸਾਡੇ ਭਾ ਦਾ.....।

ਤਦ ਸਤਿਗੁਰੂ ਨੇ ਪੰਜ ਸਿੱਖ ਸ਼ਸਤਰਧਾਰੀ ਬੁਲਾਏ, ਹੁਕਮ ਦਿਤਾ ਜਾਓ ਚੇਤੋ ਦੇ ਘਰ! ਧੁਰ ਉਪਰਲੇ ਚੁਬਾਰੇ ਤੇ ਚੜ੍ਹ ਜਾਓ, ਉਸ ਵਿਚ ਤਾਕੀ ਹੈ, ਜੰਦਰਾ ਤੋੜ ਦਿਓ ਤੇ ਉਸ ਵਿਚ ਇਕ ਜੜਾਊ ਚੂੜਾ ਹੈ ਕੱਢ ਲਿਆਓ। ਸਿੱਖ ਟੁਰ ਗਏ ਪਰ ਚੇਤੋ ਨਿਮੋਝਾਣ ਹੋ ਗਿਆ, ਹੁਣ ਕੁਛ ਅਹੁੜਦੀ ਨਹੀਂ। ਮੰਦੇ ਕੰਮਾਂ ਦਾ ਅੰਤ ਇਹੋ ਹੁੰਦਾ ਹੈ ਕਿ ਓਹ ਅੰਤ ਆਦਮੀ ਨੂੰ ਕਿਸੇ ਨੁੱਕਰੇ ਫਸਾ ਦਿੰਦੇ ਹਨ, ਜਿਥੋਂ ਨਿਕਲਨਾ ਨਹੀਂ ਹੋ ਸਕਦਾ। ਥੋੜ੍ਹੇ ਚਿਰ ਮਗਰੋਂ ਸਿੱਖ ਆ ਗਏ ਤੇ ਚੂੜਾ ਪੇਸ਼ ਕੀਤਾ। ਗੁਰੂ ਜੀ ਨੇ ਸਿੱਖ ਨੂੰ ਦਿਖਾ ਕੇ ਪੁਛਿਆ, ਇਹੋ ਹੈ? ਉਸ ਕਿਹਾ ਜੀ ਹਾਂ ਇਹੋ ਹੈ। ਸਿੱਖ ਵਲ ਤਾਂ ਆਪ ਨੇ ਮਿਹਰ ਤੇ ਪਿਆਰ ਨਜ਼ਰ ਨਾਲ ਡਿੱਠਾ, ਪਰ ਚੇਤੋ ਵਲ ਝਿੜਕਵੇਂ ਨੈਣਾਂ ਨਾਲ ਤੱਕੇ ਤੇ ਬੋਲੇ - ਚੇਤੋ! ਨਾਲੇ ਚੋਰ ਨਾਲ ਚਤੁਰ। ਹੁਣ ਦੱਸ, ਮੇਰਾ ਸਿੱਖ ਝੂਠਾ ਹੈ ਕਿ ਤੂੰ? ਮੇਰਾ ਸਿੱਖ ਸਾਕਤ ਹੈ ਕਿ ਤੂੰ? ਮਤ ਮੇਰੇ ਸਿੱਖ ਦੀ ਮਾਰੀ ਗਈ ਕਿ ਤੇਰੀ? ਕਦਰ ਮੈਂ ਨਹੀਂ ਪਾਈ ਤੁਸਾਡੀ ਕਿ ਤੁਸਾਂ ਨਹੀਂ ਸਿਞਾਤਾ ਮੈਨੂੰ ਤੇ ਮੇਰੇ ਉਸ ਮਹਾਨ ਕੰਮ ਨੂੰ ਜਿਸ ਲਈ ਮੈਂ ਜਨਮ ਧਾਰ ਕੇ ਜਗਤ ਆਇਆ ਹਾਂ।

ਇਸ ਪ੍ਰਕਾਰ ਮਸੰਦਾਂ ਦੇ ਪਰਤਾਵੇ ਕਰਕੇ ਮਸੰਦ ਤਿਆਗ ਦਿਤੇ ਤੇ ਸਿੱਖੀ ਨੂੰ ਸਿੱਧਾ ਆਪਣੇ ਨਾਲ ਟੋਰਨੇ ਦਾ ਵੀਚਾਰ ਵੀਚਾਰਿਆ।

# ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ
## ((Practical Guide to Holistic Health))

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ 4

ਵਿਆਮ

ਵਿਯਾਮ ਦੋ ਪ੍ਰਕਾਰ ਦੇ ਹਨ, ਇਹ ਦੋਨੋਂ ਹੀ ਚੰਗੀ ਸਿਹਤ ਲਈ ਜ਼ਰੂਰੀ ਹਨ, ਪਹਿਲੀ ਪ੍ਰਕਾਰ ਦੇ ਵਿਆਮ ਹਨ ਜਿਹੜੇ ਸਰੀਰ ਨੂੰ ਪਸਾਰ ਕੇ ਸਿੱਧਾ ਕਰਕੇ ਕੀਤੇ ਜਾਂਦੇ ਹਨ ਜਿਵੇਂ ਕਿ ਯੋਗਾ ਹੈ ਦੂਸਰਾ ਹੈ ਨੱਠਣਾ, ਭੱਜਣਾ, ਜ਼ੋਰ ਲਗਾ ਕੇ ਵਿਆਮ ਕਰਨਾ। ਦੋਨੋਂ ਤਰ੍ਹਾਂ ਦੇ ਵਿਆਮ ਲਾਭਕਾਰੀ ਹਨ ਦੋਨਾਂ ਨਾਲ ਅੰਦਰ ਦੀ ਸਫਾਈ ਹੁੰਦੀ ਹੈ ਨਿਸਲਤਾ ਆਉਂਦੀ ਹੈ ਸਰੀਰ ਜੀਵਨ ਸ਼ਕਤੀ ਦਿੰਦਾ ਹੈ, ਸਰੀਰ ਨੂੰ ਠੀਕ ਕੰਮ ਕਰਨ ਲਈ ਸਹਾਈ ਹੁੰਦਾ ਹੈ।

ਦੋਨੋਂ ਤਰ੍ਹਾਂ ਦੇ ਵਿਆਮ ਸਰੀਰ ਲਈ ਇਕ ਦੂਸਰੇ ਦੇ ਸਹਾਇਕ ਹਨ, ਇਨ੍ਹਾਂ ਲਈ ਬੈਠਣ ਦੇ ਤਰੀਕੇ ਬੜੇ ਹੀ ਨਿਸਲ ਹਨ, ਹੌਲੇ ਹਨ, ਕੋਮਲ ਹਨ। ਇਨ੍ਹਾਂ ਨਾਲ ਸਾਰੇ ਸਰੀਰ ਨੂੰ ਤਰਤੀਬਵਾਰ, ਸਾਰੇ ਪੱਠੇ ਖਿੱਚੇ ਜਾਂਦੇ ਹਨ, ਸਾਰੇ ਜੋੜ ਚੰਗੀ ਤਰ੍ਹਾਂ ਨਾਲ ਖੁਲ੍ਹਦੇ ਹਨ, ਪਸਾਰੇ ਜਾਂਦੇ ਹਨ, ਸਰੀਰ ਦੇ ਸਾਰੇ ਅੰਗਾਂ ਦੀ ਮਾਲਿਸ਼ ਹੁੰਦੀ ਹੈ, ਸਾਰੇ ਅੰਗ ਖੁਲ੍ਹਦੇ ਹਨ ਜਿਹੜੀਆਂ ਕਸਰਤਾਂ ਕਲਾਬਾਜ਼ੀ ਵਾਲੀਆਂ ਹਨ ਉਹ ਹਿਰਦੇ ਨੂੰ, ਫੇਫੜਿਆਂ ਨੂੰ ਤੇ ਪੱਠਿਆਂ ਨੂੰ ਉਤੇਜਿਤ ਕਰਦੀਆਂ ਹਨ, ਵਾਸਤਵ ਵਿਚ ਦੋਨੋਂ ਤਰ੍ਹਾਂ ਦੀਆਂ ਕਸਰਤਾਂ ਜ਼ਰੂਰੀ ਹਨ, ਦੋਨਾਂ ਦੇ ਆਪਣੇ ਆਪਣੇ ਲਾਭ ਹਨ, ਜਿਹੜੇ ਇਕ ਦੇ ਹਨ ਉਹ ਦੂਸਰੇ ਦੇ ਨਹੀਂ। ਦੋਨੋਂ ਤਰ੍ਹਾਂ ਦੇ ਵਿਆਮ ਕਰਨੇ ਜ਼ਰੂਰੀ ਹਨ, ਠੀਕ ਤਰ੍ਹਾਂ ਨਾਲ ਕਰਨੇ ਜ਼ਰੂਰੀ ਹਨ ਤਾਂ ਜੋ ਲੋੜੀਂਦਾ ਲਾਭ ਲਿਆ ਜਾ ਸਕੇ, ਪਰ ਇਕ ਗੱਲ ਦਾ ਧਿਆਨ ਰੱਕਣਾ ਬਹੁਤ ਹੀ ਜ਼ਰੂਰੀ ਹੈ। ਦੋਨਾਂ ਨੂੰ ਓਨਾਂ ਹੀ ਕਰੋ ਜਿਨ੍ਹਾਂ ਕਰ ਸਕੋ, ਆਪਣੀ ਵਿਤ ਤੋਂ ਬਾਹਰ ਕਰਨ ਨਾਲ ਨੁਕਸਾਨ ਵਧੇਰੇ ਹੋ ਸਕਦਾ ਹੈ ਲਾਭ ਘੱਟ।

ਅੱਜ ਕੱਲ੍ਹ ਬਹੁਤ ਸਾਰੀਆਂ ਚਿਕਿਤਸਾਵਾਂ ਦੇਖਣ ਵਿਚ ਆਉਂਦੀਆਂ ਹਨ ਜਿਵੇਂ ਕਿ ਮਾਲਿਸ਼, chiropractice, Rolfing, Bioenergetics, refloxology. ਇਨ੍ਹਾਂ ਸਭ ਦੇ ਵੱਖ-ਵੱਖ ਲਾਭ ਹਨ, ਇਨ੍ਹਾਂ ਸਭ ਦੀਆਂ ਦੋ ਸੀਮਾਵਾਂ ਹਨ, ਪਹਿਲੀ ਤਾਂ ਇਹ ਹੈ ਇਨ੍ਹਾਂ ਨੂੰ ਕਰਾਉਣ ਲਈ ਇਕ ਚੰਗੇ ਮਾਹਿਰ ਦੀ ਲੋੜ ਹੈ ਦੂਸਰਾ ਇਹ ਕਿ ਇਨ੍ਹਾਂ ਦੇ ਪ੍ਰਭਾਵ ਬਹੁਤ ਥੋੜ੍ਹੀ ਦੇਰ ਲਈ ਹੁੰਦੇ ਹਨ, ਤੁਹਾਨੂੰ ਬਾਰ-ਬਾਰ ਇਹ ਕਰਨੇ ਪੈਂਦੇ ਹਨ, ਦੂਸਰੇ ਪਾਸੇ ਯੋਗ ਆਸਨ, ਬਹੁਤ ਹੀ ਸੰਪੂਰਨ ਹਨ ਬਹੁਤ ਹੌਲੀ-ਹੌਲੀ ਕੀਤੇ ਜਾਂਦੇ ਹਨ ਇਨ੍ਹਾਂ ਨਾਲ ਤੁਹਾਡੀ ਆਤਮ ਨਿਰਭਰਤਾ ਵਧਦੀ ਹੈ, ਜਿਵੇਂ-ਜਿਵੇਂ ਤੁਸੀਂ ਯੋਗਾ ਅਭਿਆਸ ਕਰਦੇ ਹੋ, ਤੁਹਾਡੇ ਸਰੀਰਕ, ਸੰਵੇਗਕ ਪ੍ਰਤਿਕ੍ਰਿਆ ਸਕਾਰਾਤਮਕ ਹੁੰਦੀ ਜਾਵੇਗੀ।

ਵਾਸਤਵ ਵਿਚ ਯੋਗ ਅਭਿਆਸ ਨਾਲ ਪੱਠੇ, ਨਸੰ ਜੋੜਾਂ ਇਨ੍ਹਾਂ ਸਭ ਨੂੰ ਉਤੇਜਨਾ ਮਿਲਦੀ ਹੈ ਇਸ ਨਾਲ ਸਰੀਰ ਦੀ ਲਚਕ ਆਉਂਦੀ ਹੈ, ਸਰੀਰ ਪੂਰੀ ਤਰ੍ਹਾਂ ਨਾਲ ਇਕ ਸੁਰ ਹੋ ਜਾਂਦਾ ਹੈ, ਆਪਣੀ ਵਾਸਤਵਿਕ ਸ਼ਕਲ ਵਿਚ ਆ ਜਾਂਦਾ ਹੈ। ਇਸ ਤੋਂ ਇਲਾਵਾ ਯੋਗ ਦੇ ਆਸਨ ਖੂਨ ਦਾ ਦੌਰਾ ਠੀਕ ਰਖਦੇ ਹਨ, ਸਰੀਰ ਨੂੰ ਸ਼ਕਤੀ ਦਿੰਦੇ ਹਨ ਦਿਮਾਗ ਨੂੰ ਨਾੜੀ ਤੰਤੂ ਨੂੰ ਉਤਸ਼ਾਹਿਤ ਕਰਦੇ ਹਨ, ਤੁਹਾਡੀ ਸ੍ਵਾਸ ਕ੍ਰਿਆ ਵਧੇਰੇ ਚੰਗੀ ਤਰ੍ਹਾਂ ਨਾਲ ਕੰਮ ਕਰਦੀ ਹੈ ਜਦੋਂ ਤੁਸੀਂ ਆਸਨ ਕਰਦੇ ਹੋ ਤੁਹਾਡੇ ਅੰਦਰ ਵਧੇਰੇ ਆਕਸੀਜਨ ਜਾਂਦੀ ਹੈ, ਤੁਹਾਡੇ ਅੰਦਰ ਓਨਾਂ ਹੀ ਵੱਧ ਵਿਸ਼ੈਲਾਪਨ ਨਿਕਲਦਾ ਹੈ। ਅੰਦਰ ਦੇ ਸਾਰੇ ਅੰਗਾਂ ਦੀ ਪੂਰੀ ਤਰ੍ਹਾਂ ਨਾਲ ਮਾਲਿਸ਼ ਹੁੰਦੀ ਹੈ, ਇਕਸੁਰਤਾ ਆਉਂਦੀ ਹੈ, ਪਾਚਨ ਸ਼ਕਤੀ ਠੀਕ ਹੁੰਦੀ ਹੈ, ਆਂਤੜੀਆਂ, ਗੁਰਦੇ ਠੀਕ ਹੁੰਦੇ ਹਨ। ਸਰੀਰ ਦੀਆਂ ਗ੍ਰੰਥੀਆਂ ਉਤੇਜਿਤ ਹੋ ਕੇ ਨਿਅੰਤਰ ਵਿਚ ਆਉਂਦਾ ਹੈ। ਯੋਗ ਅਭਿਆਸ ਨਾਲ ਤੁਹਾਡੀ ਸ਼ਕਤੀ ਵਧਦੀ ਹੈ ਤੁਹਾਨੂੰ ਥਕਾਵਟ ਘੱਟ ਹੁੰਦੀ ਹੈ, ਤਨਾਓ ਘਟਦਾ ਹੈ। ਤੁਸੀਂ ਨਿਸਲ ਹੋਣਾ ਸਿਖਦੇ ਹੋ ਸਰੀਰ ਨੂੰ ਢਿੱਲਾ ਕਰਨਾ ਸਿੱਖਦੇ ਹੋ, ਸਰੀਰ ਨੂੰ ਚੰਗੀ ਤਰ੍ਹਾਂ ਨਾਲ ਕੰਮ ਲਈ ਤਿਆਰ ਕਰਦੇ ਹੋ। ਇਸ ਤਰ੍ਹਾਂ ਨਾਲ ਯੋਗ ਆਸਨ ਇਕ ਤਰ੍ਹਾਂ ਨਾਲ ਹਲਕੀ ਔਸ਼ਧ ਹੈ ਸਰੀਰ ਲਈ ਬਲਵਰਧਰਕ ਸ਼ਕਤੀਦਾਇਕ ਹੈ ਇਸ ਨਾਲ ਤੁਸੀਂ ਸੁਅਸਥ ਮਹਿਸੂਸ ਕਰਦੇ ਹੋ, ਸ਼ਕਤੀਸ਼ਾਲ ਮਹਿਸੂਸ ਕਰਦੇ ਹੋ। ਤੁਹਾਡਾ ਫਾਲਤੂ ਸਰੀਰ ਦਾ ਭਾਰ ਵੀ ਘੱਟ ਜਾਂਦਾ ਹੈ, ਸਰੀਰ ਲਚਕਦਾਰ ਹੋ ਜਾਂਦਾ ਹੈ ਤੁਸੀਂ ਵਧੇਰੇ ਸੌਖੀ ਤਰ੍ਹਾਂ ਸੁੰਦਰ ਅਦਾ ਨਾਲ ਫਿਰਦੇ ਤੁਰਦੇ ਹੋ। ਤੁਹਾਡਾ ਚਿਹਰਾ ਰੰਗ ਚਮਕ ਪੈਂਦਾ ਹੈ ਅੱਖਾਂ ਵਿਚ ਰੋਸ਼ਨੀ ਆ ਜਾਂਦੀ ਹੈ।

ਯੋਗ ਆਸਨ ਰੋਜ਼ ਕਰਨ ਨਾਲ ਤੁਹਾਡਾ ਸਰੀਰ ਉਤੇ ਪੂਰਾ-ਪੂਰਾ ਕਾਬੂ ਆ ਜਾਂਦਾ ਹੈ ਤੁਸੀਂ ਇਕ ਤਰ੍ਹਾਂ ਨਾਲ ਦੇਰ ਤੱਕ ਬੈਠ ਸਕਦੇ ਹੋ, ਆਰਾਮ ਨਾਲ ਬੈਠ ਸਕਦੇ ਹੋ। ਘੜੀ-ਘੜੀ ਪਾਸਾ ਬਦਲਣ ਦੀ ਲੋੜ ਨਹੀਂ। ਅਸੀਂ ਆਪਣੇ ਸ੍ਵਾਸ ਚੰਗੀ ਤਰ੍ਹਾਂ ਦੇਖ ਸਕਦੇ ਹੋ ਅੰਦਰ ਆਉਂਦੇ ਬਾਹਰ ਜਾਂਦੇ, ਆਪਣੇ ਮਨ ਨੂੰ ਜਾਂਚ ਸਕਦੇ ਹੋ। ਜਦੋਂ ਸਰੀਰ ਸਥਿਰ ਹੁੰਦਾ ਹੈ ਉਦੋਂ ਹੀ ਤੁਸੀਂ ਮਨ ਦੇ ਅੰਦਰ ਝਾਤੀ ਮਾਰ ਸਕਦੇ ਹੋ, ਆਪਣੇ ਆਪ ਨੂੰ ਜਾਂਚ ਸਕਦੇ ਹੋ।

ਯੋਗ ਆਸਨ ਦਾ ਮੁੱਢ ਹੈ ਸਰੀਰ ਨੂੰ ਸਵੱਸਥ ਰੱਖਣਾ, ਮਨ ਸ਼ਾਂਤ ਰੱਖਣਾ। ਯੋਗ ਗ੍ਰੰਥ ਦਸਦੇ ਹਨ ਕਿ ਸਰੀਰ ਦੀਆਂ ਬਹੁਤ ਸਾਰੀਆਂ ਸਮਸਿਆਵਾਂ ਦਾ ਕਾਰਣ ਮਨੋਵਿਗਿਆਨ ਹੁੰਦੀਆਂ ਹਨ ਜਿਨ੍ਹਾਂ ਕਰਕੇ ਸਾਨੂੰ ਸਰੀਰਕ ਸਮੱਸਿਆਵਾਂ ਆਉਂਦੀਆਂ ਹਨ, ਸਾਡੇ ਸ੍ਵਾਸ ਲੈਣ ਵਿਚ ਫਰਕ ਆ ਜਾਂਦਾ

ਹੈ, ਜੇਕਰ ਇਹ ਸਾਰੀਆਂ ਸਮੱਸਿਆਵਾਂ ਚਲਦੀਆਂ ਰਹਿਣ ਇਨ੍ਹਾਂ ਨਾਲ ਸਰੀਰ ਦੇ ਸੈਲ ਖਤਮ ਹੋ ਜਾਂਦੇ ਹਨ। ਉਨ੍ਹਾਂ ਨੂੰ ਨੁਕਸਾਨ ਪਹੁੰਚਦਾ ਹੈ। ਯੋਗ ਆਸਨ ਸਭ ਤੋਂ ਪਹਿਲਾਂ ਸਰੀਰ ਦੇ ਢਾਂਚੇ ਨੂੰ ਠੀਕ ਕਰਨ ਲਈ ਕੰਮ ਕਰਦਾ ਹੈ, ਇਥੋਂ ਤੱਕ ਜੇ ਕੋਈ ਨੁਕਸ ਵੀ ਹੋਵੇ, ਉਹ ਵੀ ਯੋਗ ਆਸਨਾਂ ਨਾਲ ਠੇਕ ਹੋ ਜਾਂਦਾ ਹੈ। ਸ੍ਵਾਸ ਲੈਣੇ ਠੀਕ ਤਰ੍ਹਾਂ ਸ੍ਵਾਸ ਲੈਣਾ ਉਸ ਲਈ ਵਿਆਮ ਕਰਨਾ, ਭਾਵ Diaphermatic Breathing, ਪੇਟ ਤੋਂ ਸ੍ਵਾਸ ਲੈਣਾ ਇਸ ਤਰ੍ਹਾਂ ਕਰਨ ਨਾਲ ਸ੍ਵਾਸ ਲੈਣ ਵਿਚ ਜਿਹੜੀਆਂ ਕਮੀਆਂ ਹੁੰਦੀਆਂ ਹਨ ਜਿਹੜੇ ਨੁਕਸ ਹੁੰਦੇ ਹਨ ਉਹ ਠੀਕ ਹੋ ਜਾਂਦੇ ਹਨ। ਸ੍ਵਾਸ ਠੀਕ ਹੋਣ ਨਾਲ ਮਨੋਵਿਗਿਆਨਕ ਸਮਸਿਆਵਾਂ ਵੀ ਠੀਕ ਹੋ ਜਾਂਦੀਆਂ ਹਨ। ਇਸ ਤਰ੍ਹਾਂ ਨਾਲ ਜਿਹੜੀਆਂ ਵੀ ਕੋਈ ਸਮੱਸਿਆਵਾਂ ਯੋਗ ਆਸਨ ਰਾਹੀਂ ਠੀਕ ਕੀਤੀਆਂ ਜਾਂਦੀਆਂ ਹਨ ਉਹ ਕੋਈ ਵੀ ਅਚਾਨਕ ਨਹੀਂ ਹੁੰਦੀਆਂ, ਇਕ ਦਮ ਨਹੀਂ ਹੁੰਦੀਆਂ ਉਹ ਤਾਂ ਬਹੁਤ ਹੀ ਹੌਲੀ-ਹੌਲੀ ਹੁੰਦੀਆਂ ਹਨ ਅਤੇ ਉਹ ਸਥਾਈ ਹੁੰਦੀਆਂ ਹਨ।

ਪਹਿਲਾਂ ਪਹਿਲ ਆਸਨ ਭਾਵੇਂ ਅਜੀਬ ਲਗਣ ਠੀਕ ਨਾ ਲੱਗਣ ਪਰ ਇਹ ਸਾਰੇ ਆਸਨ ਤਾਂ ਸਦੀਆਂ ਤੋਂ ਅਭਿਆਸ ਕਰਕੇ ਬਣਾਏ ਗਏ ਹਨ, ਇਨ੍ਹਾਂ ਦਾ ਕਾਰਜ ਹੀ ਹੈ ਮਨ ਤੇ ਸਰੀਰ ਨੂੰ ਸ਼ਾਂਤ ਕਰਨਾ, ਸੰਤੁਲਨ ਰੱਖਣਾ, ਇਕ ਤਰ੍ਹਾਂ ਨਾਲ ਨਿਯਮਤ ਕਰਨਾ। ਜਦੋਂ ਤੁਸੀਂ ਇਹ ਆਸਨ ਚੰਗੀ ਤਰ੍ਹਾਂ ਨਾਲ, ਧੀਰਜ ਨਾਲ, ਨਿਯਮਤ ਰੂਪ ਵਿਚ ਕਰਦੇ ਹੋ, ਇਕੋ ਜਗ੍ਹਾ ਤੇ ਬੈਠ ਕੇ ਕਰਦੇ ਹੋ, ਤੁਸੀਂ ਉਨ੍ਹਾਂ ਦਾ ਅਨੰਦ ਮਾਣ ਸਕਦੇ ਹੋ, ਆਸਨ ਕਰਨਾ ਤੁਹਾਡੀ ਆਦਤ ਬਣ ਜਾਂਦੀ ਹੈ, ਆਦਤ ਬਣਨ ਨਾਲ ਤੁਸੀਂ ਸ਼ਾਂਤ ਰਹਿੰਦੇ ਹੋ, ਤੁਹਾਨੂੰ ਬਹੁਤ ਤਸੱਲੀ ਮਿਲਦੀ ਹੈ।

ਸਾਰੇ ਮਿਲਾ ਕੇ ਕੋਈ ਤਿੰਨ ਹਜ਼ਾਰ ਆਸਨ ਹਨ ਪਰ ਥੋੜ੍ਹੇ ਜਿਹੇ ਮੁਢਲੇ ਆਸਨ ਹਨ ਉਹ ਹਨ cobra, boat, low, plow, shoulder stand, dish, forward lend, spinal twist, head stand and stomach lifting ਵਾਸਤਵ ਵਿਚ ਯੋਗੀ ਜੰਗਲਾਂ ਵਿਚ ਰਹੇ ਉਨ੍ਹਾਂ ਨੇ ਜਾਨਵਰਾਂ ਨੂੰ ਪੰਛੀਆਂ ਨੂੰ ਬਹੁਤ ਨੇੜੇ ਤੋਂ ਦੇਖਿਆ ਇਸ ਕਰਕੇ ਤੁਸੀਂ ਦੇਖੋਗੇ ਕਿ ਬਹੁਤ ਸਾਰੇ ਆਸਨ ਜਿਵੇਂ cobra, fish, frog, scorpion ਇਹ ਸਾਰੇ ਇਨ੍ਹਾਂ ਜਾਨਵਰਾਂ ਤੋਂ ਹੀ ਲਏ ਗਏ ਹਨ। ਇਹ ਸਾਰੇ ਆਸਨ ਕੁਦਰਤੀ ਵੀ ਹਨ, ਸਾਰੇ ਵਿਸ਼ਵ ਦੇ ਸਾਂਝੇ ਵੀ ਹਨ, ਤਕਰੀਬਨ ਸਾਰੇ ਹੀ ਇਨ੍ਹਾਂ ਆਸਨਾਂ ਨੂੰ ਕਰ ਸਕਦੇ ਹਨ, ਹੌਲੀ-ਹੌਲੀ ਸ਼ੁਰੂ ਕਰਕੇ ਠੀਕ ਤਰ੍ਹਾਂ ਕਰ ਸਕਦੇ ਹਨ, ਲੋੜ ਪੈਣ ਤੇ ਕਿਸੇ ਚੰਗੇ ਅਧਿਆਪਕ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ। ਇਨ੍ਹਾਂ ਆਸਨਾਂ ਵਿਚ ਕੋਈ ਵੀ ਐਸੀ ਗੱਲ ਨਹੀਂ ਕਿ ਤੁਸੀਂ ਇਨ੍ਹਾਂ ਨੂੰ ਨਾ ਕਰ ਸਕੋ ਜਾਂ ਤੁਸੀਂ ਉਦੋਂ ਹੀ ਕਰ ਸਕਦੇ ਹੋ ਜੇ ਇਹ ਤੁਹਾਡੀ ਪਰੰਪਰਾ ਹੈ, ਜਿਹੜਾ ਵੀ ਕਰਨਾ ਚਾਹੇ ਉਹ ਆਪਣੀ ਸਮਰਥਾ ਅਨੁਸਾਰ ਕਰ ਸਕਦਾ ਹੈ ਪਰ ਤੁਹਾਨੂੰ ਠੀਕ ਪ੍ਰਾਣਾਯਾਮ ਪ੍ਰਾਪਤ ਕਰਨ ਲਈ ਕਦੀ ਵੀ ਕਾਹਲ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਕਰਨ ਨਾਲ ਕੋਈ ਸੱਟ ਲਗ ਜਾਂਦੀ ਹੈ, ਕੋਈ ਪੱਠਾ ਖਿੱਚਿਆ ਜਾ ਸਕਦਾ ਹੈ।

ਆਸਨ ਹਮੇਸ਼ਾ ਸ਼ਾਂਤ ਜਗ੍ਹਾ ਤੇ ਕਰਨੇ ਚਾਹੀਦੇ ਹਨ, ਆਰਮ ਦੇਹ ਹੋਵੇ, ਥੋੜ੍ਹੀ ਨਿੱਘੀ ਹੋਵੇ ਹਵਾ ਦੇ ਝੋਕੇ ਨਾ ਲਗਦੇ ਹੋਣ, ਜਿੱਥੇ ਤੁਸੀਂ ਕੰਬਲ ਵਿਛਾ ਕੇ, ਲੰਮੇ ਪੈ ਸਕੋ, ਆਸਨ ਕਰਨ ਤੋਂ ਪਹਿਲਾਂ ਹਮੇਸ਼ਾ ਇਸ਼ਨਾਨ ਕਰੋ, ਖੁਲ੍ਹੇ ਕਪੜੇ ਪਾਓ, ਪੇਟ ਖਾਲੀ ਹੋਣਾ ਚਾਹੀਦਾ ਹੈ। ਸ਼ੋਚ ਜਾ ਕੇ ਸਾਰੀ ਤਰ੍ਹਾਂ ਨਾਲ ਸਾਫ ਹੋ ਕੇ ਖਾਲੀ ਹੋ ਕੇ ਹੀ ਆਸਨ ਕਰੋ, ਨਿਯਮਬੱਧ ਹੋ ਕੇ ਆਸਨ ਕਰੋ, ਸੰਜਮ ਨਾਲ ਕਰੋ, ਸੁਚੇਤ ਹੋ ਕੇ ਕਰੋ, ਸ਼ਾਂਤ ਮਨ ਨਾਲ ਕਰੋ, ਇਕ ਆਦਰ ਦੀ ਮਨੋਵਿਰਤੀ ਨਾਲ ਕਰੋ, ਮਨ ਅਕਰਮਕ ਤਰੀਕੇ ਨਾਲ ਸੁਚੇਤ ਰਹਿੰਦਾ ਹੈ, ਸਰੀਰ ਦੇ ਜਿਸ ਭਾਗ ਦਾ ਤੁਸੀਂ ਆਸਨ ਕਰ ਰਹੇ ਹੋ ਕੇਵਲ ਉਸਨੂੰ ਹੀ ਅਕੜਾਓ ਬਾਕੀ ਦਾ ਸਰੀਰ ਸਿਥਲ ਰਹੇ।

ਸ਼ੁਰੂ ਕਰਨ ਤੋਂ ਪਹਿਲਾਂ ਹਲਕੇ ਹਲਕੇ ਅਭਿਆਸ ਕਰਨੇ ਠੀਕ ਹਨ, ਅੰਗਾਂ ਨੂੰ ਅਕੜਾਨਾ, ਜੋੜਾਂ ਦਾ ਵਿਆਮ ਗ੍ਰੰਥੀਆਂ ਦਾ ਵਿਆਮ। ਸੌਖੇ ਆਸਨਾਂ ਨਾਲ ਸ਼ੁਰੂ ਕਰੋ ਫੇਰ ਹੌਲੀ-ਹੌਲੀ ਔਖੇ ਆਸਨ ਕਰੋ ਬਹੁਤ ਸਾਰੇ ਆਸਨ ਇਕ ਦੂਸਰੇ ਨਾਲ ਜੁੜੇ ਹੋਏ ਹਨ ਉਨ੍ਹਾਂ ਨੂੰ ਉਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ, ਵਿਚ ਥੋੜ੍ਹਾ ਆਰਾਮ ਕਰ ਲੈਣਾ ਚਾਹੀਦਾ ਹੈ। ਸਵੇਰੇ ਕਰਨ ਨਾਲ ਤੁਸੀਂ ਸਰੀਰ ਤੇ ਮਨ ਨੂੰ ਸਾਰੇ ਦਿਨ ਲਈ ਤਿਆਰ ਕਰ ਲੈਂਦੇ ਹੋ। ਰਾਤ ਨੂੰ ਕਰਨ ਨਾਲ ਨਾੜੀਆਂ ਸਥਿਲ ਹੋ ਜਾਂਦੀਆਂ ਹਨ, ਤੁਸੀਂ ਆਰਾਮ ਮਹਿਸੂਸ ਕਰਦੇ ਹੋ। ਰਾਤ ਨੂੰ ਸਰੀਰ ਵਧੇਰੇ ਲਚਕਦਾਰ ਹੁੰਦਾ ਹੈ, ਇਸ ਕਰਕੇ ਆਸਨ ਸੌਖੇ ਕੀਤੇ ਜਾਂਦੇ ਹਨ। ਜਦੋਂ ਸਵੇਰੇ ਅਸੀਂ ਆਸਨ ਕਰਦੇ ਹਾਂ ਸਾਡਾ ਸਰੀਰ ਮਨ ਸਾਰੇ ਦਿਨ ਲਈ ਚੰਗੀ ਤਰ੍ਹਾਂ ਤਿਆਰ ਹੋ ਜਾਂਦੇ ਹਨ, ਚੰਗਾ ਤਾਂ ਇਹ ਹੀ ਹੋਵੇਗਾ ਜੇ ਤੁਸੀਂ ਇਨ੍ਹਾਂ ਨੂੰ ਆਪਣੇ ਕੰਮ ਕਾਜ ਦੇ ਅਨੁਸਾਰ ਫਿੱਟ ਕਰ ਲਵੋ।

ਇਨ੍ਹਾਂ ਆਸਨ ਦੇ ਨਾਲ ਤੁਸੀਂ aerolic ਅਭਿਆਸ ਵੀ ਕਰ ਸਕਦੇ ਹੋ। jogging (ਦੌੜ) ਬਹੁਤ ਅੱਛੀ ਹੈ, ਅੱਜਕਲ੍ਹ ਕਾਫੀ ਚਰਚਾ ਹੈ jogging ਦਾ ਪਰ ਇਸਨੂੰ ਠੀਕ ਤਰ੍ਹਾਂ ਕਰਨ ਵਿਚ ਬਹੁਤ ਗਲਤੀਆਂ ਹਨ। ਇਸ ਨੂੰ ਠੀਕ ਤਰ੍ਹਾਂ ਨਾ ਕਰਕੇ ਬਹੁਤ ਲੋਕਾਂ ਨੂੰ ਨੁਕਸਾਨ ਵਧੇਰੇ ਹੋਇਆ ਹੈ, ਕਈ ਲੋਕੀ ਆਪਣੇ ਆਪ ਨੂੰ ਧਕਦੇ ਹਨ, ਆਪਣੇ ਆਪ ਤੇ ਬੋਝ ਪਾਉਂਦੇ ਹਨ, ਬਹੁਤ ਛੇਤੀ ਕਰਨਾ ਚਾਹੁੰਦੇ ਹਨ। ਤੁਹਾਨੂੰ ਪਹਿਲਾਂ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ, ਆਪਣੀ ਸਮਰਥਾ ਅਨੁਸਾਰ ਹੀ ਕੰਮ ਕਰਨਾ ਚਾਹੀਦਾ ਹੈ। ਤੁਹਾਨੂੰ jogging ਕਰਨ ਵਿਚ ਅਨੰਦ ਆਉਣਾ ਚਾਹੀਦਾ ਹੈ ਚੰਗਾ ਲਗਣਾ ਚਾਹੀਦਾ ਹੈ। ਆਪਣੇ ਆਪ ਨੂੰ ਸਜ਼ਾ ਨਹੀਂ ਲਗਣੀ ਚਾਹੀਦੀ।

ਦੇਖਣ ਵਿਚ ਆਇਆ ਹੈ ਕਿ jogging ਕਰਨ ਨਾਲ

ਉਦਾਸੀ ਦੂਰ ਹੁੰਦੀ ਹੈ, ਤਾਂਘ ਘਟਦੀ ਹੈ, jogging ਦਾ ਉਨ੍ਹਾਂ ਹੀ ਅਸਰ ਹੈ ਜਿੰਨਾਂ ਮਨੋਚਿਕਤਿਸਾ ਦਾ ਹੈ ਜਾਂ ਦਵਾਈਆਂ ਦਾ, ਇਹ ਮਾਨਸਿਕ ਰੋਗਾਂ ਲਈ ਬਹੁਤ ਲਾਭਕਾਰੀ ਹੈ। jogging ਕਰਨ ਨਾਲ ਤੁਹਾਡੀ ਧਿਆਨ ਲਗਾਉਣ ਦੀ ਸਮਰੱਥਾ ਵਧਦੀ ਹੈ, ਸੋਚ ਵਧੇਰੇ ਸਾਫ ਹੁੰਦੀ ਜਾਂਦੀ ਹੈ ਇਹ ਤੁਹਾਨੂੰ ਸ਼ਕਤੀ ਦਿੰਦੀ ਹੈ, ਤੁਹਾਨੂੰ ਚੁਸਤ ਬਣਾਉਂਦੀ ਹੈ। ਜਿਹੜੇ jogging ਕਰਦੇ ਹਨ ਉਹ ਘੱਟ ਦਬਾਓ ਖਿਚਾਓ ਮਹਿਸੂਸ ਕਰਦੇ ਹਨ ਜਿਹੜੇ ਨਹੀਂ ਕਰਦੇ ਉਹ ਵਧੇਰੇ ਕਰਦੇ ਹਨ ਜਿਹੜੇ jogging ਕਰਦੇ ਹਨ ਉਹ ਮਾਨਸਿਕ ਪੱਖੋਂ, ਸਰੀਰਕ ਪੱਖੋਂ ਵਧੇਰੇ ਸਥਿਰ ਹੁੰਦੇ ਹਨ ਉਨ੍ਹਾਂ ਦੇ ਅੰਦਰ ਹਾਰਮੋਨ ਵਧੇਰੇ ਨਹੀਂ ਬਣਦੇ। ਜਿਹੜੇ jogging ਕਰਦੇ ਹਨ ਉਹ ਘੱਟ ਸੌਂਦੇ ਹਨ, ਉਹ ਕੌਫੀ, ਸਿਗਰਟ ਵੀ ਨਹੀਂ ਪੀਂਦੇ। jugging ਕਰਨ ਨਾਲ ਤੁਹਾਡੇ ਸਰੀਰਕ ਤੇ ਮਨ ਦੀ ਸੁੰਦਰਤਾ ਦੇ ਨਾਲ ਔਖਿਆਈਆਂ ਤੇ ਮੁਸ਼ਕਲਾਂ ਨਾਲ ਸਿਝਣ ਦੀ ਵੀ ਸਮਰਥਾ ਆਉਂਦੀ ਹੈ।

ਅੱਜ ਦਾ ਜੀਵਨ ਸਮਸਿਆਵਾਂ ਦਾ ਜੀਵਨ ਹੈ, ਬੋਝਾਂ ਦਾ ਜੀਵਨ ਹੈ, ਜੇ ਤੁਸੀਂ ਇਸ ਬੋਝ ਨੂੰ ਇਸ ਤਨਾਓ ਨੂੰ ਕਿਸੇ ਤਰ੍ਹਾਂ ਨਾਲ ਬਾਹਰ ਨਹੀਂ ਕੱਢਦੇ ਉਸ ਦਾ ਪ੍ਰਗਟਾਵਾ ਨਹੀਂ ਕਰਦੇ ਤਾਂ ਤੁਸੀਂ ਉਸਨੂੰ ਆਪਣੇ ਅੰਦਰ ਲੈ ਲੈਂਦੇ ਹੋ ਜਿਸ ਨਾਲ ਤੁਸੀਂ ਹੋਰ ਖਿਚਾਓ, ਤਨਾਓ ਪੈਦਾ ਕਰ ਲੈਂਦੇ ਹੋ ਜਿਸ ਨਾਲ ਤੁਸੀਂ ਹੋਰ ਖਿਚਾਓ ਤਨਾਓ ਪੈਦਾ ਕਰ ਲੈਂਦੇ ਹੋ ਅਤੇ ਤੁਸੀਂ ਉਸ ਕਾਰਣ ਬਿਮਾਰ ਹੋ ਜਾਂਦੇ ਹੋ, ਇਨ੍ਹਾਂ ਕਾਰਣਾਂ ਕਰਕੇ ਹੀ ਅੱਜ ਬਹੁਤ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਹਨ ਪੇਟ ਵਿਚ ਜ਼ਖਮ ਹਨ, ਸਿਰ ਦਰਦ ਹੈ, ਸੰਵੇਗਕ ਸਮੱਸਿਆਵਾਂ ਹਨ। ਅੱਜ ਦੇ ਲੋਕੀ ਇਹ ਨਹੀਂ ਜਾਣਦੇ ਕਿ ਸੰਸਾਰ ਵਿਚ ਕਿਵੇਂ ਰਿਹਾ ਜਾਂਦਾ ਹੈ, ਬਾਹਰੀ ਰੂਪ ਸੰਸਾਰ ਵਿਚ ਹੋਵੇ ਪਰ ਅੰਦਰ ਤੁਹਾਡਾ ਸ਼ਾਂਤ, ਸੰਸਾਰ ਦੇ ਰੌਲੇ ਰੱਪੇ ਤੋਂ ਪਰ੍ਹੇ। jogging ਤੁਹਾਨੂੰ ਇਸ ਤਰ੍ਹਾਂ ਰਹਿਣ ਵਿਚ ਸਹਾਇਤਾ ਕਰ ਸਕਦੀ ਹੈ। jogging ਇਸ ਤਰ੍ਹਾਂ ਕਰਨ ਲਈ ਤੁਹਾਡੇ ਸਰੀਰ ਦੇ ਅੰਦਰ ਕੁਝ ਬਦਲਾਵ ਲਿਆਉਂਦੀ ਹੈ।

ਸਭ ਤੋਂ ਪਹਿਲਾਂ ਤਾਂ jogging ਨਾਲ ਤੁਹਾਡੇ ਫੇਫੜੇ ਚੰਗੀ ਤਰ੍ਹਾਂ ਖੁਲ੍ਹ ਕੇ ਕੰਮ ਕਰਨ ਲਗ ਪੈਂਦੇ ਹਨ ਉਨ੍ਹਾਂ ਦੇ ਆਸ ਪਾਸ ਦੇ ਪੱਠੇ ਵੀ ਸ਼ਕਤੀਸ਼ਾਲ ਹੋ ਜਾਂਦੇ ਹਨ, ਉਨ੍ਹਾਂ ਦੀ ਸਮਰੱਥਾ ਵੀ ਵਧ ਜਾਂਦੀ ਹੈ, ਉਨ੍ਹਾਂ ਦੀ ਅਵਸ਼ੇਸ਼ਤਾ ਘੱਟ ਜਾਂਦੀ ਹੈ, ਜਿਹੜੀ ਜਗ੍ਹਾ ਪਹਿਲਾਂ ਵਰਤੋਂ ਵਿਚ ਨਹੀਂ ਆਈ ਉਹ ਵਰਤੋਂ ਵਿਚ ਆ ਜਾਂਦੀ ਹੈ। ਖੂਨ ਦਾ ਦੌਰਾ ਵਧ ਜਾਂਦਾ ਹੈ ਕਿਉਂਕਿ ਖੂਨ ਦੀਆਂ ਨਾੜੀਆਂ ਚੰਗੀ ਤਰ੍ਹਾਂ ਨਾਲ ਖੁਲ੍ਹ ਜਾਂਦੀਆਂ ਹਨ। ਸਰੀਰ ਨੂੰ ਵਧੇਰੇ ਪੋਸ਼ਟਕਤਾ ਦੇ ਨਾਲ ਸਫਾਈ ਵੀ ਮਿਲਦੀ ਹੈ ਹਿਰਦੇ ਵਧੇਰੇ ਸ਼ਕਤੀਸ਼ਾਲ ਹੁੰਦਾ ਹੈ ਇਕ ਸੁਰ ਹੋ ਜਾਂਦਾ ਹੈ ਹਿਰਦੇ ਗਤੀ ਠੀਕ ਹੋ ਕੇ ਉਸ ਦੀ ਸਮਰਥਾ ਵੀ ਵਧਦੀ ਹੈ। jogging ਕਰਕੇ ਹਿਰਦੇ ਗਤੀ ਮੱਧਮ ਹੁੰਦੀ ਹੈ, ਕੁਛ ਵੀ ਕਰਨ ਲਈ ਇਕ ਖਾਸ ਹਿਰਦੇਗਤੀ ਦੀ ਲੋੜ ਹੈ, jogging ਕਰਕੇ ਇਹ ਗਤੀ ਘਟਦੀ ਹੈ, ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਹਿਰਦੇ ਵਧੇਰੇ ਖ਼ੂਨ ਨਾੜੀਆਂ ਵਿਚ ਪਾ ਸਕਦਾ ਹੈ। ਹਰ ਵਾਰੀ ਜਦੋਂ ਹਿਰਦੇ ਖ਼ੂਨ ਬਾਹਰ ਨਾੜੀਆਂ ਵਿਚ ਪਾਉਂਦਾ ਹੈ ਉਹ ਵਧੇਰੇ ਖ਼ੂਨ ਪਾ ਸਕਦਾ ਹੈ। ਇਸ ਤਰ੍ਹਾਂ ਨਾਲ ਉਸਨੂੰ ਘੱਟ ਕੰਮ ਕਰਨਾ ਪੈਂਦਾ ਉਹ ਆਪਣੀ ਸ਼ਕਤੀ ਇਕੱਠੀ ਕਰਕੇ ਰੱਖਦਾ ਹੈ।

jogging ਕਰਕੇ ਪੱਠਿਆਂ ਦੀ ਸ਼ਕਤੀ ਹੈ ਇਕਸੁਰਤਾ ਵਧਦੀ ਹੈ, ਤੁਸੀਂ ਵਧੇਰੀ ਗਤੀ ਨਾਲ ਕੰਮ ਕਰ ਸਕਦੇ ਹੋ, ਵਧੇਰੇ ਲਚਕ ਆਉਂਦੀ ਹੈ, ਵਧੇਰੇ ਸਹਿਨ ਸ਼ਕਤੀ ਆਉਂਦੀ ਵਧੇਰੇ ਸੁੰਦਰਤਾ ਆਉਂਦੀ ਹੈ, ਤੁਹਾਡਾ ਮੁਟਾਪਾ ਖਤਮ ਹੁੰਦਾ ਹੈ। ਸਭ ਤੋਂ ਚੰਗੀ ਗੱਲ ਹੈ ਕਿ ਇਸ ਨਾਲ ਤੁਹਾਡੀ ਭੁੱਖ ਠੀਕ ਹੁੰਦੀ ਹੈ, ਦਿਮਾਗ ਠੀਕ ਹੁੰਦਾ ਹੈ, ਤੁਸੀਂ ਘੱਟ ਖਾਂਦੇ ਹੋ, ਤੁਹਾਡਾ ਵਜ਼ਨ ਘਟਦਾ ਹੈ। ਪੇਟ ਵਿਚ ਘੱਟ ਐਸਿਡ ਬਣਦੇ ਹਨ ਇਸ ਨਾਲ ਅਲਸਰ ਨਹੀਂ ਹੁੰਦੇ, jogging ਨਾਲ ਤੁਹਾਡਾ ਭਾਵ-ਵਿਰੇਚਨ (catharsis) ਹੁੰਦਾ ਹੈ ਤੁਹਾਡੀਆਂ ਆਂਤੜੀਆਂ ਠੀਕ ਰਹਿੰਦੀਆਂ ਰੋਜ਼ ਦਾ ਜੰਗਲ ਪਾਣੀ ਜਾਣਾ ਬੜਾ ਨਿਯਮਤ ਰਹਿੰਦਾ ਹੈ। ਕਬਜ਼ ਕਦੇ ਨਹੀਂ ਹੁੰਦੀ, ਸ਼ੱਕਰ ਦੀ ਬਿਮਾਰੀ ਠੀਕ ਹੁੰਦੀ ਹੈ, ਸ਼ਕਰ ਘਟਦੀ ਵੀ ਨਹੀਂ, ਖੂਨ ਦੀਆਂ ਹੋਰ ਬਿਮਾਰੀਆਂ ਵੀ ਨਹੀਂ ਹੁੰਦੀਆਂ। ਵਾਸਤਵ ਵਿਚ ਸਾਰਾ ਸਰੀਰ ਹੀ ਸ਼ੁੱਧ ਹੋ ਜਾਂਦਾ ਹੈ, ਸਾਫ ਰਹਿੰਦਾ ਹੈ, ਅੰਦਰ ਦਾ ਗੰਦ ਨਿਕਲਦਾ ਰਹਿੰਦਾ ਹੈ, ਪਸੀਨੇ ਦਾ ਰੰਗ ਸਾਫ ਰਹਿੰਦਾ ਹੈ, ਟੱਟੀ ਪੇਸ਼ਾਬ ਸਭ ਠੀਕ ਰਹਿੰਦਾ ਹੈ, ਫੇਫੜੇ, ਸੈਲ ਆਦਿ ਸਭ ਦੀ ਗਤੀ ਠੀਕ ਰਹਿੰਦੀ ਹੈ। ਜੋਗਿੰਗ ਕਰਕੇ ਦਰਦ ਸਹਿਣ ਦੀ ਸ਼ਕਤੀ ਵੱਧ ਜਾਂਦੀ ਹੈ। ਵਾਸਤਵ ਵਿਚ ਸਾਰਾ ਸਰੀਰ ਹੀ ਸਾਵਾਂ ਤੇ ਰਵਾਂ ਹੋ ਜਾਂਦਾ ਹੈ, ਵਧੇਰੇ ਠੀਕ ਤਰ੍ਹਾਂ ਨਾਲ ਕੰਮ ਕਰਨ ਲਗ ਪੈਂਦਾ ਹੈ, ਮਨ ਤੇ ਸੰਵੇਗ ਵੀ ਸ਼ਾਂਤ ਹੋ ਜਾਂਦੇ ਹਨ।

jogging ਸ਼ੁਰੂ ਕਰਨ ਲਈ ਸਭ ਤੋਂ ਪਹਿਲੀ ਗੱਲ ਹੈ ਆਪਣੇ ਆਪ ਨੂੰ ਚੰਗੀ ਤਰ੍ਹਾਂ ਢਕਣਾ ਜਿਹੜੇ ਕੱਪੜੇ ਤੁਸੀਂ ਪਾਉਂਦੇ ਹੋ ਉਹ ਸੂਤੀ ਹੋਣੇ ਚਾਹੀਦੇ ਹਨ, ਖੁਲ੍ਹੇ ਹੋਣੇ ਚਾਹੀਦੇ ਹਨ। ਜੇਕਰ ਸਰੀਰ ਨਿੱਘਾ ਹੋਵੇ ਅੰਦਰ ਦੀ ਸਫਾਈ ਚੰਗੀ ਹੁੰਦੀ ਹੈ, ਪਸੀਨਾ ਵਧੇਰੇ ਆਉਂਦਾ ਹੈ। ਕੋਈ ਚੰਗੇ ਦੌੜਨ ਵਾਲੇ ਬੂਟ ਠੀਕ ਰਹਿੰਦੇ ਹਨ ਪਰ ਜੇ ਤੁਸੀਂ ਪੱਕੀ ਜਗ੍ਹਾਂ ਤੇ ਦੌੜਨਾ ਹੈ ਤੁਹਾਡੇ ਬੂਟ ਚੰਗੇ ਮੋਟੇ ਗੁਦਗੁਦੇ ਹੋਣੇ ਚਾਹੀਦੇ ਹਨ। ਧਰਤੀ ਤੇ ਹੀ jogging ਕਰਨੀ ਚਾਹੀਦੀ ਹੈ, ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਠੋਕਰ ਨਾ ਲੱਗੇ, ਕੋਈ ਸੱਟ ਨਾ ਲੱਗੇ। jogging ਕਰਨ ਤੋਂ ਪਹਿਲਾਂ ਕੁਝ ਹਲਕੀਆਂ ਜਿਹੀਆਂ, ਵਿਆਮ, ਅਭਿਆਸ ਕਰ ਲੈਣੇ ਚਾਹੀਦੇ ਹਨ।

jogging ਹੌਲੀ ਹੋਵੇ, ਨਿਯਮਬੱਧ ਹੋਵੇ, ਸਥਿਰ ਤੇ ਟਿਕਵੀਂ ਹੋਵੇ ਤਾਂ ਜੋ ਤੁਸੀਂ ਵਧੇਰੀ ਦੇਰ ਤੱਕ ਕਰ ਸਕੋ, ਇਸ ਤਰ੍ਹਾਂ ਕਰਨ ਨਾਲ ਇਸ ਦਾ ਪ੍ਰਭਾਵ ਵਧੇਰੇ ਪੈਂਦਾ ਹੈ, ਸਰੀਰ ਨੂੰ ਕਿਸੇ ਤਰ੍ਹਾਂ ਦੀ ਹਾਨੀ ਵੀ ਨਹੀਂ ਪਹੁੰਚਦੀ। jogging

ਕਰਦਿਆਂ ਹਮੇਸ਼ਾ diaphramatic breathing ਹੀ ਹੋਣੀ ਚਾਹੀਦੀ ਹੈ, ਹਮੇਸ਼ਾ ਨੱਕ ਰਾਹੀਂ ਹੀ ਸ੍ਵਾਸ ਲੈਣਾ ਚਾਹੀਦਾ ਹੈ, ਇਕ ਵਾਰੀ ਸ੍ਵਾਸ ਅੰਦਰ ਤੇ ਦੋ ਵਾਰੀ ਬਾਹਰ ਕੱਢੋ, ਵਾਸਤਵ ਵਿਚ ਸ੍ਵਾਸ ਬਾਹਰ ਠੀਕ ਤਰ੍ਹਾਂ ਨਾਲ ਕੱਢਣਾ ਬਹੁਤ ਜ਼ਰੂਰੀ ਹੈ ਤਾਂ ਜੋ ਸਾਰਾ ਵਿਸ਼ੈਲਾਪਨ ਪੂਰੀ ਤਰ੍ਹਾਂ ਨਾਲ ਬਾਹਰ ਨਿਕਲ ਜਾਏ।

ਜਦੋਂ ਤੁਸੀਂ ਸ੍ਵਾਸ ਬਾਹਰ ਕੱਢ ਰਹੇ ਹੋਵੋ, ਆਪਣੇ ਸ੍ਵਾਸਾਂ ਦੀ ਆਵਾਜ਼ ਨੂੰ ਸੁਣਨਾ ਲਾਭਦਾਇਕ ਹੈ, ਆਪਣੇ ਸ੍ਵਾਸਾਂ ਤੇ ਧਿਆਨ ਲਗਾਉਣਾ ਅੰਦਰ ਜਾਂਦੇ ਬਾਹਰ ਆਉਂਦਿਆਂ ਤੇ ਪਹਿਰਾ ਦੇਣ ਨਾਲ ਇਕਾਗਰਤਾ ਵਧਦੀ ਹੈ। ਜੋਗਿੰਗ ਕਰਦਿਆਂ ਤੁਹਾਨੂੰ ਦੇਖਣਾ ਚਾਹੀਦਾ ਹੈ ਕਿ ਤੁਹਾਨੂੰ ਹਵਾ ਨਹੀਂ ਮਿਲ ਰਹੀ, ਤਾਂ ਇਸ ਤੋਂ ਭਾਵ ਹੈ ਕਿ ਤੁਸੀਂ ਬਹੁਤ ਤੇਜ਼ ਜਾ ਰਹੇ ਹੋ, ਤੁਹਾਨੂੰ ਆਪਣੇ ਆਪ ਨੂੰ ਹੌਲੀ ਕਰਨਾ ਚਾਹੀਦਾ ਹੈ। ਜਦੋਂ ਤੱਕ ਤੁਸੀਂ ਆਪਣੇ ਨੱਕ ਰਾਹੀਂ ਠੀਕ ਸ੍ਵਾਸ ਲੈ ਰਹੇ ਹੋ ਉਦੋਂ ਤੱਕ ਤੁਸੀਂ ਠੀਕ ਜੋਗਿੰਗ ਕਰ ਰਹੇ ਹੋ। ਜਦੋਂ ਤੁਸੀਂ ਇਹ ਮਹਿਸੂਸ ਕਰੋ ਕਿ ਤੁਹਾਨੂੰ ਠੀਕ ਤਰ੍ਹਾਂ ਨਾਲ ਪੂਰੀ ਹਵਾ ਨਹੀਂ ਮਿਲ ਰਹੀ, ਉਸ ਤੋਂ ਭਾਵ ਹੈ ਕਿ ਤੁਸੀਂ ਆਪਣੀ ਸਮਰੱਥਾ ਤੋਂ ਵੱਧ ਦੌੜ ਰਹੇ ਹੋ, ਜਦੋਂ ਵੀ ਇਸ ਤਰ੍ਹਾਂ ਹੋਵੇ ਤੁਸੀਂ ਇਕ ਦਮ ਜੋਗਿੰਗ ਬੰਦ ਕਰੋ ਤੇ ਤੁਰਨਾ ਸ਼ੁਰੂ ਕਰ ਦਿਓ, ਓਦੋਂ ਤੱਕ ਤੁਰਦੇ ਰਹੋ ਜਦੋਂ ਤੱਕ ਤੁਹਾਡੇ ਸ੍ਵਾਸ ਠੀਕ ਨਾ ਹੋ ਜਾਣ। ਜਿੰਨੀ ਵੀ ਤੁਹਾਡੀ ਸਮਰਥਾ ਹੈ ਉਸ ਤੋਂ ਤਿੰਨ ਚੌਥਾਈ ਹਿੱਸੇ ਤਕ ਤੁਹਾਨੂੰ ਜੋਗਿੰਗ ਕਰਨੀ ਚਾਹੀਦੀ ਹੈ।

ਆਪਣੇ ਪੈਰਾਂ ਦੀਆਂ ਅੱਡੀਆਂ ਤੇ ਦੌੜਨਾ ਸਭ ਤੋਂ ਚੰਗਾ ਹੈ ਖਾਸ ਤੌਰ ਤੇ ਉਨ੍ਹਾਂ ਲਈ ਜਿਹੜੇ ਹੌਲੀ ਹੌਲੀ ਜੋਗਿੰਗ ਕਰਦੇ ਹਨ, ਇਸ ਨਾਲ ਗਤੀ ਹਲਕੀ ਰਹਿੰਦੀ ਹੈ। ਪੈਰ, ਗਿੱਟੇ, ਗੋਡੇ ਪਿਛਲਾ ਪਾਸਾ ਸਾਰਾ ਸੱਟ ਲਗਣ ਤੋਂ ਬਚਿਆ ਰਹਿੰਦਾ ਹੈ। ਪੈਰਾਂ ਦੇ ਪੰਜਿਆਂ ਤੇ ਜੋਗਿੰਗ ਕਰਨ ਨਾਲ ਵੀ ਜੋਗਿੰਗ ਦਾ ਪ੍ਰਭਾਵ ਬਹੁਤ ਚੰਗਾ ਪੈਂਦਾ ਹੈ।

jogging ਕਰਦਿਆਂ ਕਦੀ ਵੀ ਮੂੰਹ ਖੁਲ੍ਹਾ ਨਾ ਰੱਖੋ, ਨਾ ਹੀ ਆਪਣੀਆਂ ਬਾਹਵਾਂ ਨੂੰ ਜ਼ੋਰ-ਜ਼ੋਰ ਦੀ ਮਾਰੋ, ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਨੱਕ ਰਾਹੀਂ ਸ੍ਵਾਸ ਲੈ ਰਹੇ ਹੋ, ਆਪਣੇ ਬੁੱਲ੍ਹ ਬੰਦ ਰੱਖੋ, ਆਪਣੀਆਂ ਬਾਹਵਾਂ ਛਾਤੀ ਨਾਲ ਲਗਾ ਕੇ ਰੱਖੋ, ਤੁਹਾਡਾ ਗੁੱਟ ਘੁੰਮਦਾ ਰਹੇ, ਆਪਣੀਆਂ ਕੂਹਣੀਆਂ ਸਰੀਰ ਦੇ ਨਾਲ ਰਹਿਣ। ਇਸ ਗੱਲ ਦਾ ਧਿਆਨ ਰਹੇ ਤੁਹਾਡੇ ਮੋਢੇ ਨਿਸਲ ਰਹਿਣ, ਸਿਰ ਉਪਰ ਰਹੇ। ਰੀੜ੍ਹ ਦੀ ਹੱਡੀ ਸਿੱਧੀ ਰਹੇ, ਸਾਰਾ ਸਰੀਰ ਨਿਸਲ ਰਹੇ, ਪੇਟ ਉਪਰ ਨੀਚੇ ਹੁੰਦਾ ਰਹੇ।

ਜਦੋਂ ਵੀ ਜੋਗਿੰਗ ਕਰੋ ਪੂਰੀ ਇਕਾਗਰਤਾ ਨਾਲ ਕਰੋ, ਸ੍ਵਾਸਾਂ ਤੇ ਇਕਾਗਰ ਰਹੋ, ਪੂਰੀ ਗਤੀ ਵਿਧੀ ਦਾ ਅਨੰਦ ਮਾਣੋ ਇਸ ਤਰ੍ਹਾਂ ਕਰਨ ਨਾਲ ਵਧੇਰੇ ਸਪਸ਼ਟਤਾ ਆਉਂਦੀ ਹੈ, ਸ਼ਾਂਤੀ ਮਿਲਦੀ ਹੈ, ਸ਼ਕਤੀ ਮਿਲਦੀ ਹੈ, ਪੱਠੇ ਪੂਰੀ ਤਰ੍ਹਾਂ ਨਿਸਲ ਹੁੰਦੇ ਹਨ, ਫੇਫੜਿਆਂ ਵਿਚ ਆਕਸੀਜਨ ਪੂਰੀ ਤਰ੍ਹਾਂ ਨਾਲ ਭਰਦੀ ਹੈ, ਇਸ ਤਰ੍ਹਾਂ ਮਨ ਸ਼ਾਂਤ ਹੁੰਦਾ ਹੈ। ਪਰ ਇਹ ਕੋਈ ਮੈਡੀਟੇਸ਼ਨ ਨਹੀਂ। ਜੋਗਿੰਗਗ ਕਰਦਿਆਂ ਸਰੀਰ ਚੁਸਤ ਰਹਿੰਦਾ ਹੈ, ਮਨ ਚੁਸਤ ਰਹਿੰਦਾ ਹੈ, ਮੈਡੀਟੇਸ਼ਨ ਕਰਦਿਆਂ ਦੋਨੋਂ ਹੀ ਸ਼ਾਂਤ ਰਹਿੰਦੇ ਹਨ।

ਜਦੋਂ ਤੁਸੀਂ ਉਤਰਾਈ ਤੇ ਜੋਗਿੰਗ ਕਰ ਰਹੇ ਹੋਵੋ, ਧਿਆਨ ਨਾਲ ਕਰੋ, ਬਹੁਤ ਹੌਲੀ ਕਰੋ, ਸਹਿਜ ਨਾਲ ਕਰੋ ਤਾਂ ਜੋ ਤੁਸੀਂ ਆਪਣੇ ਗੋਡਿਆਂ ਤੇ ਸੱਟ ਨਾ ਲਗਾ ਲਵੋ, ਪੈਰਾਂ ਤੇ ਸੱਟ ਨਾ ਲਗਾ ਲਵੋ। ਤੁਹਾਡੀ ਜੋਗਿੰਗ ਇਕ ਤਾਲ ਇਕ ਸੁਰ ਨਾਲ ਹੋਣੀ ਚਾਹੀਦੀ ਹੈ। ਮੈਂ ਕਈ ਜੋਗਿੰਗ ਕਰਨ ਵਾਲਿਆਂ ਦੇ ਚਿਹਰੇ ਦੇਖੇ ਹਨ ਉਹ ਇਸ ਤਰ੍ਹਾਂ ਲਗ ਰਹੇ ਸੀ ਜਿਵੇਂ ਕਿ ਬੜੇ ਦੁਖੀ ਹੋਣ, ਇਹ ਗੱਲ ਠੀਕ ਨਹੀਂ, ਤੁਹਾਡੀ ਜੋਗਿੰਗ ਦੀ ਗਤੀ ਵਿਧੀ ਬੜੀ ਹੀ ਸਾਂਵੀ ਤੇ ਇਕ ਅੰਦਾਜ਼ ਵਿਚ ਹੋਣੀ ਚਾਹੀਦੀ ਹੈ। ਜੋਗਿੰਗ ਕਰਦਿਆਂ ਤੁਹਾਨੂੰ ਅਨੰਦ ਆਉਣਾ ਚਾਹੀਦਾ ਹੈ, ਜੇ ਤੁਹਾਨੂੰ ਕਿਤੇ ਦਰਦ ਹੋਵੇ ਜਾਂ ਤੁਸੀਂ ਔਖੇ ਹੋ ਰਹੇ ਹੋਵੋ ਉਸੇ ਸਮੇਂ ਛੱਡ ਦਿਓ, ਕਦੀ ਵੀ ਦਰਦ ਨੂੰ ਐਵੇਂ ਨਾ ਲਵੋ ਹਮੇਸ਼ਾ ਪੂਰਾ ਧਿਆਨ ਦਿਓ ਤੇ ਜੋਗਿੰਗ ਰੋਕ ਦਿਓ, ਦੇਖੋ ਕਿਉਂ ਹੈ ਤਰੀਕਾ ਬਦਲੋ। ਪ੍ਰਯੋਗ ਕਰੋ, ਉਦੋਂ ਤਕ ਕਰਦੇ ਰਹੋ ਜਦੋਂ ਤੱਕ ਤੁਸੀਂ ਜੋਗਿੰਗ ਕਰਦਿਆਂ ਠੀਕ ਮਹਿਸੂਸ ਨਹੀਂ ਕਰਦੇ। ਤੁਹਾਡਾ ਸਰੀਰ ਤੁਹਾਨੂੰ ਠੀਕ ਤਰ੍ਹਾਂ ਜੋਗਿੰਗ ਕਰਨ ਦਾ ਤਰੀਕਾ ਦੱਸ ਦੇਵੇਗਾ ਕਿ ਤੁਹਾਡਾ ਸਰੀਰ ਕਿਵੇਂ ਆਰਾਮ ਮਹਿਸੂਸ ਕਰਦਾ ਹੈ ਤੁਸੀਂ ਕਿਸੇ ਤਰੀਕੇ ਵੀ ਸਰੀਰ ਨੂੰ ਮਜਬੂਰ ਨਾ ਕਰੋ। ਸਰੀਰ ਨੂੰ ਠੀਕ ਤਰ੍ਹਾਂ ਰੱਖੋ, ਸੰਭਾਲ ਕੇ ਰੱਖੋ ਪਰ ਅਨੁਸਾਸ਼ਨ ਵਿਚ ਰੱਖੋ।

ਜੋਗਿੰਗ ਕਈ ਤਰ੍ਹਾਂ ਦੀ ਹੈ, ਹਰ ਇਕ ਦੇ ਵੱਖ-ਵੱਖ ਲਾਭ ਹਨ। Twisting jog ਬਹੁਤ ਅੱਛੀ ਹੈ ਇਸ ਵਿਚ ਲੱਕ ਤੇ ਬਾਹਵਾਂ ਇਕ ਪਾਸੇ ਤੋਂ ਦੂਸਰੇ ਪਾਸੇ ਪੌੜੀਆਂ ਜਾਂਦੀਆਂ ਹਨ। ਇਕ ਲੈਅ ਵਿਚ ਇਕ ਸੁਰ ਹੋ ਕੇ। ਜਦੋਂ ਬਾਹਵਾਂ ਨੂੰ ਘੁੰਮਾਇਆ ਜਾਂਦਾ ਹੈ। ਇਕ ਗਤੀ ਬਣਦੀ ਹੈ, ਹੱਥ ਇਕ ਸਤਰ ਤੇ ਰੱਖੇ ਜਾਂਦੇ ਹਨ ਜਿਸ ਨਾਲ ਘੁੰਮੇਟਣੀ ਲਿਤੀ ਜਾਂਦੀ ਹੈ। ਇਸ ਤਰ੍ਹਾਂ ਨਾਲ ਮੁੜਨ ਨਾਲ ਰੀੜ੍ਹ ਦੀ ਹੱਡੀ ਤੇ ਆਂਤੜੀਆਂ ਨੂੰ ਤਾਕਤ ਮਿਲਦੀ ਹੈ। ਦੂਸਰਾ ਤਰੀਕਾ ਹੈ ਬਾਹਵਾਂ ਨੂੰ ਸਿਰ ਤੋਂ ਉਪਰ ਚੁੱਕ ਕੇ ਹੱਥ ਇਕੱਠੇ ਕਰਕੇ ਇਸ ਤਰ੍ਹਾਂ ਕਰਨ ਨਾਲ ਚਾਤੀ ਚੌੜੀ ਹੁੰਦੀ ਹੈ, ਤਾਜ਼ੀ ਹਵਾ ਵਧੇਰੇ ਅੰਦਰ ਜਾਂਦੀ ਹੈ, ਬਾਹਵਾਂ ਚੰਗੀ ਤਰ੍ਹਾਂ ਨਾਲ ਖਿੱਚੀਆਂ ਜਾਂਦੀਆਂ ਹਨ, ਛਾਤੀ ਤੇ ਪੇਟ ਵੀ ਚੰਗੀ ਤਰ੍ਹਾਂ ਖਿਚਿਆ ਜਾਂਦਾ ਹੈ। ਤੀਸਰਾ ਤਰੀਕਾ ਹੈ ਗੰਢੇ ਮੋੜ ਕੇ ਪਿੱਛੇ ਲਗਾਉਣੇ ਤੇ jog ਕਰਨਾ ਇਸ ਨਾਲ ਗੋਡਿਆਂ ਦੇ ਜੋੜਾਂ ਨੂੰ ਲਾਭ ਮਿਲਦਾ ਹੈ, ਵਧੇਰੇ ਜ਼ੋਰ ਲਗਦਾ ਹੈ।

ਜਦੋਂ ਤੁਸੀਂ ਜੋਗਿੰਗ ਖਤਮ ਕਰਦੇ ਹੋ ਇਕ ਦਮ ਖਤਮ ਨਾ ਕਰੋ, ਹੌਲੀ ਕਰੋ, ਜੇਕਰ ਇਕ ਦਮ ਬੰਦ ਕਰੋਗੇ ਤੁਸੀਂ ਆਕੜ ਜਾਓਗੇ। ਜੇ ਤੁਸੀਂ ਚੰਗੀ ਤਰ੍ਹਾਂ ਸ੍ਵਾਸ ਲੈਂਦੇ ਰਹੇ ਹੋ ਤਾਂ ਹੋ ਸਕਦਾ ਹੈ ਤੁਹਾਨੂੰ ਇਕ ਦਮ ਪਸੀਨਾ ਆ ਜਾਏ, ਇਸ ਤਰ੍ਹਾਂ ਤੁਹਾਡਾ ਸਾਰਾ ਅੰਦਰ ਸਾਫ ਹੋ ਜਾਏਗਾ। ਜੋਗਿੰਗ

ਕਰਕੇ ਅੱਧੇ ਘੰਟੇ ਤੋਂ ਬਾਅਦ ਹੀ ਇਸ਼ਨਾਨ ਕਰਨਾ ਚਾਹੀਦਾ ਹੈ, ਪਰ ਰੋਮ ਖੁਲ੍ਹੇ ਰਹਿਣ ਇਸ ਕਰਕੇ ਤੁਹਾਨੂੰ ਥੋੜ੍ਹਾ ਨਿੱਘੇ ਹੀ ਰਹਿਣਾ ਚਾਹੀਦਾ ਹੈ।

ਜੋਗਿੰਗ ਕਰਨ ਤੋਂ ਬਾਅਦ ਆਪਣੇ ਆਪ ਨੂੰ ਪਸਾਰ ਲੈਣਾ ਚਾਹੀਦਾ ਹੈ, ਅਕੜਾਅ ਲੈਣਾ ਚਾਹੀਦਾ ਹੈ ਤਾਂ ਜੋ ਕੁੜੱਲ ਨਾ ਪੈਣ, ਪੱਠੇ ਨਾ ਦੁਖਣ ਇਸ ਲਈ ਯੋਗ ਆਸਨ ਸਭ ਤੋਂ ਵੱਧ ਠੀਕ ਹਨ, ਤੁਸੀਂ ਯੋਗ ਆਸਨ ਜੋਗਿੰਗ ਕਰਨ ਤੋਂ ਪਹਿਲਾਂ ਵੀ ਕਰ ਸਕਦੇ ਹੋ ਬਾਅਦ ਵਿਚ ਵੀ ਕਰ ਸਕਦੇ ਹੋ। ਆਸਨ ਕਰਨ ਤੋਂ ਬਾਅਦ ਜੋਗਿੰਗ ਕਰਨ ਨਾਲ ਤੁਸੀਂ ਉਤੇਜਿਤ ਮਹਿਸੂਸ ਕਰਦੇ ਹੋ। ਆਸਨ ਕਰਨ ਤੋਂ ਪਹਿਲਾਂ ਜੋਗਿੰਗ ਕਰਨ ਨਾਲ ਤੁਸੀਂ ਸ਼ਾਂਤ ਹੁੰਦੇ ਹੋ, ਵਧੇਰੇ ਨਿਅੰਤਰਿਤ ਰਹਿੰਦੇ ਹੋ। ਪਰ ਚੰਗਾ ਤਾਂ ਇਹੋ ਹੀ ਹੋਵੇਗਾ ਕਿ ਤੁਸੀਂ ਜੋਗਿੰਗ ਵੱਖਰੀ ਕਰੋ, ਆਸਨ ਵਖਰੇ ਸਮੇਂ ਕਰੋ।

ਜੇ ਤੁਸੀਂ ਜੋਗਿੰਗ ਨੂੰ ਆਪਣੇ ਪੂਰੇ ਦਿਨ ਦੇ ਪ੍ਰੋਗਰਾਮ ਦਾ ਹਿੱਸਾ ਬਣਾ ਲਵੋ ਤਾਂ ਤੁਸੀਂ ਨਿਯਮ ਨਾਲ ਕਰ ਸਕੋਗੇ। ਜੋਗਿੰਗ ਤੁਹਾਡੀ ਆਦਤ ਬਣ ਜਾਏਗੀ, ਤੁਹਾਡਾ ਸਰੀਰ ਆਪਣੇ ਆਪ ਮੰਗ ਕਰੇਗਾ। ਇਸ ਤਰ੍ਹਾਂ ਕਰਨ ਨਾਲ ਅਚੇਤ ਮਨ ਰੁਕਾਵਟ ਪੈਦਾ ਨਹੀਂ ਕਰੇਗਾ ਜੇਕਰ ਤੁਸੀਂ ਬਹੁਤ ਮੋਟੇ ਹੋ, ਬੁੱਢੇ ਹੋ ਤਾਂ ਤੁਹਾਨੂੰ ਜੋਗਿੰਗ ਤੋਂ ਪਹਿਲਾਂ ਤੁਰਨਾ ਸ਼ੁਰੂ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਸੌਖਾ ਕਦਮ ਚੁੱਕੋ। ਜਦੋਂ ਜੋਗਿੰਗ ਦਾ ਸਮਾਂ ਹੋਵੇ, ਤੁਸੀਂ ਜੋ ਵੀ ਕਰ ਰਹੇ ਹੋ ਉਹ ਛੱਡ ਕੇ ਬਾਹਰ ਜਾਓ, ਜੇ ਕੱਪੜੇ ਬਦਲਣ ਲਈ ਮਨ ਨਹੀਂ ਕਰ ਰਿਹਾ ਕੋਈ ਗੱਲ ਨਹੀਂ ਜਿਹੜੇ ਕੱਪੜੇ ਪਾ ਕੇ ਬੈਠੇ ਹੋ ਉਨ੍ਹਾਂ ਨਾਲ ਹੀ ਚਲੇ ਜਾਓ, ਜੇਕਰ ਤੁਸੀਂ ਬਹੁਤ ਥੱਕੇ ਹੋਏ ਹੋ ਤਾਂ ਥੋੜ੍ਹੀ ਦੇਰ ਤੁਰ ਲਵੋ, ਤੁਸੀਂ ਦੇਖੋਗੇ ਛੇਤੀ ਹੀ ਤੁਸੀਂ ਦੌੜਨ ਲਗ ਪਵੋਗੇ। ਤੁਸੀਂ ਦੇਖੋਗੇ ਤੁਸੀਂ ਐਨੇ ਥੱਕੇ ਹੋਏ ਨਹੀਂ ਜਿੰਨੇ ਤੁਸੀਂ ਸਮਝ ਰਹੇ ਸੀ। ਪਰ ਆਪਣੇ ਲਈ ਕੋਈ ਸੀਮਾ ਨਾ ਬੰਨੋ। ਜੇ ਤੁਸੀਂ ਕਿਹਾ ਹੈ ਕਿ ਤੁਸੀਂ ਪੰਦਰਾਂ ਮਿੰਟਾਂ ਲਈ ਜੋਗਿੰਗ ਕਰੋਗੇ ਪਰ ਦਸ ਮਿੰਟਾਂ ਬਾਅਦ ਤੁਸੀਂ ਥੱਕ ਗਏ ਹੋ ਕੋਈ ਗੱਲ ਨਹੀਂ ਦੱਸ ਮਿੰਟ ਬਾਅਦ ਹੀ ਬੰਦ ਕਰ ਦਿਓ। ਸਰੀਰ ਦੀ ਆਵਾਜ਼ ਸੁਣੋ ਸਰੀਰ ਨੂੰ ਆਪਣਾ ਆਗੂ ਮੰਨੋ, ਪੱਥ ਪਰਦਰਸ਼ਕ ਮੰਨੋ। ਜੋਗਿਗ ਕਰਕੇ ਤੁਹਾਨੂੰ ਸ਼ਕਤੀ ਮਿਲਣੀ ਚਾਹੀਦੀ ਹੈ, ਸ਼ਕਤੀ ਖ੍ਵੈ ਨਹੀਂ ਹੋਣੀ ਚਾਹੀਦੀ। ਸਰੀਰ ਨੂੰ ਬਹੁਤ ਖਿਚੋ ਨਾ ਪਰ ਆਲਸੀ ਵੀ ਨਾ ਬਣੋ, ਕਈ ਹਫਤੇ ਕਰਨ ਤੋਂ ਬਾਅਦ ਜੋਗਿੰਗ ਤੁਹਾਡਾ ਸੁਭਾਅ ਬਣ ਜਾਏਗਾ।

ਪਹੁ ਫੁਟਾਲੇ ਦੇ ਸਮੇਂ ਹਵਾ ਵਿਚ ਖਾਸ ਗੁਣ ਹੁੰਦੇ ਹਨ ਜਿਹੜੇ ਜੋਗਿੰਗ ਲਈ ਬਹੁਤ ਹੀ ਲਾਭਕਾਰੀ ਹਨ ਜਾਂ ਫੇਰ ਸ਼ਾਮ ਨੂੰ ਜਦੋਂ ਤੁਹਾਡੀ ਸ਼ਕਤੀ ਘਟ ਹੁੰਦੀ ਹੈ, ਉਹ ਸਮਾਂ ਵੀ ਜੋਗਿੰਗ ਲਈ ਠੀਕ ਹੈ। ਜਦੋਂ ਤੁਸੀਂ ਆਪਣੇ ਆਪ


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜ ੀ ।

**ਆਤਮ ਮਾਰਗ**

*Monrhly Magazine* ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ........................................

ਪਤਾ/Address ........................................

........................................

........................................

........................................Pin Code........................................

Phone........................ E-mail :........................................

ਮੈਂ........................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, 0160-2255009, Email : atammarg1@yahoo.co.in, www.ratwarasahib.org

ਵਿਚ ਥੱਕੇ, ਉਦਾਸ ਡਿਗਦੇ, ਡਿਗਦੇ ਮਹਿਸੂਸ ਕਰ ਰਹੇ ਹੋਵੋ ਉਹ ਵੀ ਜੋਗਿੰਗ ਲਈ ਬਿਲਕੁਲ ਠੀਕ ਸਮਾਂ ਹੈ ਕਿਉਂਕਿ ਜੋਗਿੰਗ ਤੁਹਾਡੇ ਸਾਰੇ ਸਰੀਰ ਨੂੰ ਸ਼ਕਤੀ ਦੇ ਕੇ ਉਤੇਜਿਤ ਕਰਦਾ ਹੈ। ਜਦੋਂ ਤੁਸੀਂ ਥੱਕੇ ਹੋਵੋ, ਜਾਣਾ ਬਹੁਤ ਔਖਾ ਲਗਦਾ ਹੈ ਪਰ ਆਦਤ ਬਣਾਓ, ਤੁਹਾਨੂੰ ਸੌਖਾ ਲਗਣ ਲੱਗ ਪਵੇਗਾ। ਪੇਟ ਭਰ ਕੇ ਕਦੀ ਵੀ ਜੋਗਿੰਗ ਕਰਨ ਨਾ ਜਾਓ, ਕੁਝ ਘੰਟੇ ਬਾਅਦ ਹੀ ਤੁਹਾਨੂੰ ਜੋਗਿੰਗਗ ਲਈ ਜਾਣਾ ਚਾਹੀਦਾ ਹੈ।

ਬਾਹਰ ਜਾ ਕੇ ਜੋਗਿੰਗ ਕਰਨੀ ਵਧੇਰੇ ਠੀਕ ਹੈ ਅੰਦਰ ਐਨੀ ਲਾਭਕਾਰੀ ਨਹੀਂ ਪਰ ਹਾਂ ਨਾ ਕਰਨ ਨਾਲੋਂ ਅੰਦਰ ਕਰਨੀ ਠੀਕ ਹੈ, ਦਿਨ ਵਿਚ ਦੋ ਵਾਰੀ ਜੋਗਿੰਗ ਕਰਨੀ ਬਹੁਤ ਠੀਕ ਹੈ ਇਸ ਪੰਦਰਾਂ ਮਿੰਟਾਂ ਤੋਂ ਵੱਧ ਦੀ ਲੋੜ ਨਹੀਂ। ਇਕ ਸੌ ਸੁਆਸ ਲੈਣੇ ਜਾਂ ਪੰਦਰਾਂ ਮਿੰਟ ਬਿਲਕੁਲ ਠੀਕ ਹੈ ਜਾਂ ਪੰਜ ਸੌ ਕਦਮ ਲੈਣ ਇਨ੍ਹਾਂ ਵਿਚੋਂ ਕੁਝ ਵੀ ਠੀਕ ਹੈ। ਦਿਨ ਵਿਚ ਤਿੰਨ ਮੀਲ ਕਰ ਲੈਣਾ ਬਿਲਕੁਲ ਠੀਕ ਹੈ। ਛੇਤੀ-ਛੇਤੀ ਜੋਗਿੰਗ ਕਰਨੀ ਐਨੀ ਲਾਭਕਾਰੀ ਨਹੀਂ ਜਿੰਨੀ ਹੌਲੀ-ਹੌਲੀ ਕਰਨੀ ਪਰ ਨਿਯਮਤ ਰੂਪ ਨਾਲ ਕਰਨੀ ਭਾਵੇਂ ਥੋੜ੍ਹੀ ਦੇਰ ਲਈ ਕਰਨੀ, ਇਸ ਤਰ੍ਹਾਂ ਕਰਨ ਨਾਲ ਵਧੇਰੇ ਸਰੀਰਕ ਤੇ ਸੰਵੇਗਕ ਲਾਭ ਪ੍ਰਾਪਤ ਹੁੰਦੇ ਹਨ।

ਪਹਿਲੇ ਪਹਿਲ ਜੋਗਿੰਗ ਭਾਵੇਂ ਔਖੀ ਲੱਗੇ ਕਿਉਂਕਿ ਤੁਸੀਂ ਸ਼ਾਇਦ ਓਨੀ ਨਾ ਕਰ ਸਕੋ ਜਿੰਨੀ ਤੁਸੀਂ ਕਰਨਾ ਚਾਹੋ ਪਰ ਹੌਲੀ-ਹੌਲੀ ਤੁਸੀਂ ਦੇਖੋਗੇ ਕਿ ਇਕ ਦਿਨ ਤੁਸੀਂ ਕਿੰਨੀ ਵੱਧ ਕਰ ਸਕੋਗੇ ਹਾਂ ਪਰ ਤੁਹਾਨੂੰ ਕਦੀ ਵੀ ਆਪਣੇ ਲਈ ਕੋਈ ਸੀਮਾ ਨਹੀਂ ਬੰਨਣੀ ਚਾਹੀਦੀ ਜਿਹੜੀ ਤੁਸੀਂ ਕਰ ਨਾ ਸਕੋ, ਕਦੀ ਵੀ ਆਪਣੇ ਆਪ ਨੂੰ ਬਹੁਤ ਵਧੇਰੇ ਖਿੱਚਣਾ ਨਹੀਂ ਚਾਹੀਦਾ ਕਿਉਂਕਿ ਜੋਗਿੰਗ ਇਕ ਬਹੁਤ ਹੀ ਸ਼ਕਤੀਸ਼ਾਲ ਅਭਿਆਸ ਹੈ, ਜਿਸ ਨਾਲ ਤੁਹਾਡਾ ਸਾਰਾ ਸਰੀਰ ਠੀਕ ਹੁੰਦਾ ਹੈ, ਤੁਹਾਡੇ ਅੰਦਰ ਅਧਿਆਤਮਕਤਾ ਜਾਗਦੀ ਹੈ। ਯੋਗ ਆਸਨਾਂ ਦੇ ਨਾਲ ਕਰਨ ਨਾਲ ਹੋਰ ਵੀ ਵਧੇਰੇ ਲਾਭ ਪਹੁੰਚਦਾ ਹੈ।

(********)

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 7, 14, 21, 28 ਅਕਤੂਬਰ

**ਸੰਗਰਾਂਦ** - 17 ਅਕਤੂਬਰ, ਦਿਨ ਬੁਧਵਾਰ ।

**ਪੂਰਨਮਾਸ਼ੀ** - 26 , ਦਿਨ ਸੁਕਰਵਾਰ ।
(ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - 31 ਅਕਤੂਬਰ ਨੂੰ ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੋਵੇਗਾ।

**ਬਰਸੀ ਸਮਾਗਮ 28 ਤੋਂ 31 ਅਕਤੂਬਰ 2007**


**ਸਮਾਂ ਸਵੇਰੇ 3.00 ਵਜੇ ਤੋਂ ਰਾਤ 11.00 ਵਜੇ ਤਕ**

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | ਪੰਜਾਬੀ | ਹਿੰਦੀ |
|---|---|---|
| 1. ਸੁਰਤਿ ਸਬਦਿ ਮਾਰਗ | 50/ | 70/- |
| 2. ਕਿਵ ਕੂੜੈ ਤੁਟੈ ਪਾਲਿ | 40/- | 35/- |
| 3. ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. ਕਿਵ ਸਚਿਆਰਾ ਹੋਈਐ -੧ | 30/- | 35/- |
| 5. ਕਿਵ ਸਚਿਆਰਾ ਹੋਈਐ -੨ | 60/- | 65/- |
| 6. ਕਿਵ ਸਚਿਆਰਾ ਹੋਈਐ - ੩ | 100/- | 100/- |
| 7. ਹੋਵੈ ਅਨੰਦੁ ਘਣਾ | 25/- | 30/- |
| 8. ਚਉਥੈ ਪਹਰਿ ਸਬਾਹ ਕੈ | 55/- | 60/- |
| 9. ਸੁਰਤਿਆਂ ਉਪਜੈ ਚਾਉ | 40/- | 40/- |
| 10. ਬਾਬਾਣੀਆਂ ਕਹਾਣੀਆਂ | 50/- | 50/- |
| 11. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. ਅੰਮ੍ਰਿਤ ਫੁਹਾਰ | 10/- | 10/- |
| 13. ਅਗੰਮ ਅਗੋਚਰ ਦਾ ਮਾਰਗ | 60/- | 70/- |
| 14. ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. ਅਮਰ ਜੋਤਾਂ | 15/- | 15/- |
| 1੬. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | | 70/- |
| 18. ਅਮਰ ਗਾਥਾ | 100/- | 100/- |
| 19. ਧਰਮ ਯੁਧ ਕੇ ਚਾਇ | 50/- | |
| 20. ਪਵਿਤਰ ਪੈਂਡਾ | 25/- | |
| 21. ਭਗਤ ਪ੍ਰਹਿਲਾਦ | 10/- | 10/- |
| 22. ਵੈਸਾਖੀ | 10/- | |
| 23. ਰਾਜ ਯੋਗ | 40/- | |
| 24. ਸਾਜਨ ਚਲੇ ਪਿਆਰਿਆ | 10/- | 10/- |
| 25. ਅਬਿਨਾਸੀ ਜੋਤ ਭਾਗ-1 | 90/- | |
| 26. ਅਬਿਨਾਸੀ ਜੋਤ ਭਾਗ-2 | 90/- | |
| 27. ਰੂਹਾਨੀ ਗੁਲਦਸਤਾ -1 | 60/- | |
| 28. ਰੂਹਾਨੀ ਗੁਲਦਸਤਾ - 2 | 60/- | |
| 29. ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. ਗੁਰੂ ਅਮਰਦਾਸ ਪਰਸੀਐ | 50/- | |
| 32. ਭਗਵਤ ਗੀਤਾ.............। | 100/- | |
| 33. ਬਿਨ ਗੁਰ ਮੁਕਤਿ ਨ ਹੋਵਈ | 10/- | |
| 34. ਅਨੰਦਮਈ ਜੀਵਨ ਜਾਚ | 50/- | |
| 35. ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. ਅਨੁਭਵੀ ਪ੍ਰਵਚਨ | 50/- | |
| 37. ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. ਅੰਦਰਲੀ ਖੋਜ | 130/- | |
| 39. ਸਿਮਰਤ ਕਹਾਂ ਨਹੀਂ | 135/- | |
| 40. ਰੂਹਾਨੀ ਪ੍ਰਵਚਨ | 35/- | |

| English Version | Price |
|---|---|
| 1. Baisakhi | Rs. 5/- |
| 2. How Rend The Veil of Untruth | Rs. 70/- |
| C. Discourses on the Beyond-1 | Rs 50/- |
| 4. Discourses on the Beyond -2 | Rs. 50/- |
| 5. Discourses on the Beyond -3 | Rs. 50/- |
| 6. Discourses on the Beyond -4 | Rs. 60/- |
| 7. Discourses on the Beyond -5 | Rs. 60/- |
| 8. The way to the imperceptible | Rs. 80/- |
| 9. The Lights Immortal | Rs. 20/- |
| 10. Transcendental Bliss | Rs. 70/- |
| 11. How to Know Thy Real Self-(Vol-1) | Rs. 80/- |
| 12. How to Know Thy Real Self-(Vol-2) | Rs. 80/- |
| 13. How to Know Thy Real Self-(Vol-3) | Rs. 110/- |
| 14. The Dawn of Khalsa Ideals | Rs. 10/- |
| 15. A Glimpse of His Holiness - Baba ji | Rs. 5/- |


ਮਹਾਂਪੁਰਸ਼ਾ ਦਾ ਸਰੀਰਕ ਅੰਤਮ ਵਿਦਾਇਗੀ ਦ੍ਰਿਸ਼
ਗੁ. ਰਤਵਾੜਾ ਸਾਹਿਬ, 31 ਅਕਤੂਬਰ 2001